@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला
Punjabi National Daily

# कौमी पत्रिका
# Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Sunday, 26 April 2026

VISIT: www.qaumipatrika.org
Email: qpatrika@gmail.com

नवीं दिॱली: ऐतवार 26 अप्रैल 2026, 13 वैसाख नानकशाही संमत 555 (सफ़े-12) मुॱल 3.00 रुपऐ

R.N.I. No. 39272/81— संपादक — गुरचरन सिंघ बॱबर — साल — 44, अंक 171, qpatrika@gmail.com फोन : 9971359517 www.qaumipatrika.org

# 4 मई नूँ टी.ऐॱम.सी. दी आख़री तरीक, बंगाल 'च भारी वोटिंग नाल सॱता तबदीली दे संकेत : प्रधान मंतरी मोदी

कौमी पत्रिका
**सिमी कौर बॱबर**

मथुरापुर 25 अप्रैल। प्रधान मंतरी नरिंदर मोदी ने किहा कि 4 मई नूँ गिणती वाला दिन बंगाल 'च टी.ऐॱम.सी. दे 15 साल पुराने सिंडीकेट सिसटम अते जंगल राज दे अंत दा दिन होवेगा। दॱखणी 24 परगना ज़िले दे मथुरापुर विधान सभा हलके दे काकदीप सटेडीअम 'च इक रैली नूँ संबोधन करदे होऐ, पीऐॱम मोदी ने दाअवा कीता कि राज 'च भारी वोटिंग तों संकेत मिलदा है कि त्रिणमूल कांगरस (टी.ऐॱम.सी.) दा डर दा शासन भाजपा वलों कीते गऐ भरोसे दे वाअदे नाल ''निशचित तौर 'ते हार रिहा है। नरिंदर मोदी ने किहा, बंगाल 'च इक वी खेतर अजिहा नहीं है जिॱथे कंम रिशवत तों बिनां तुंदा है, जिॱथे टी.ऐॱम.सी. सिंडीकेट अते उनां दे विचोले कमिशन नहीं लैंदे हन। 15 साल पुरानी सिंडीकेट प्रणाली अते टीऐॱमसी दा 'जंगल राज' 4 मई नूँ खतम हो रिहा है। ममता बैनरजी सरकार 'ते झूठे वाअदे करन अते लोकां नूँ धोखा देन दा दोश लगाउंदे होऐ, प्रधान मंतरी ने राज दी सॱतादारी पारटी दुआरा कीते गऐ टूँटे वाअदिआं दी इक सूची गिणाई। पी.ऐॱम. ने किहा,मुॱख भूमी नूँ सागर टापू नाल जोड़न वाले पुल दा निरमाण, जिॱथे गंगासागर मेला लगाइआ जांदा है, अजे तॱक शुरू नहीं होइआ है अते लोकां नूँ अजे वी किशतीआं 'त निरभर करना पैंदा है।'' उनां किहा,इसे तरां, हड़ कंटरोल लई घाटाल मासटर पलान वी शुरू नहीं होइआ है अते ज़िलला-अधारत हूड पारक अते नदी दे किनारे दे कटंती दा मुकाबला करन लई प्राजैकट वी अजे तॱक लागू नहीं कीते गऐ हन।'' प्रधान मंतरी ने दोश लगाइआ कि टीऐॱमसी ना सिरफ़ केंदरी प्राजैकटां नूँ लागू करन 'च रुकावट पाउंदी है, सगों विकास प्राजैकटां लई केंदर दुआरा अलाट कीते गऐ फंडां हड़प लैंदी है। उनां किहा, इस नूँ तां ही रोकिआ जा सकदा है जेकर भाजपा दा राज 'च मुॱख मंतरी होवे। मोदी ने त्रिणमूल कांगरस 'ते 33 फीसदी लागू करन दीआं आपणी सरकार दीआं कोशिशां नूँ रोकन लई कांगरस नाल मिलीभगत करन दा दोश लगाइआ।

## मुॱख चोन कमिशनर नूँ हटाउन दी मंग तेज़, विरोधी धिर दे 73 संसद मैंबरां ने दिॱता प्रसताव नोटिस

नवीं दिॱली 25 अप्रैल। विरोधी धिर दे मुॱख चोन कमिशनर गिआनेश कुमार नूँ अहुदे तों हटाउन दी मंग नूँ लै के इक वार मुड़ राज सभा 'च रसमी पहिल कीती है। विरोधी धिर दे 73 संसद मैंबरां ने राज सभा दे जनरल सकॱतर नूँ प्रसताव दा नोटिस सौंपिआ है, जिनां 'च भारत दे मुॱख चोन कमिशनर नूँ हटाउन दी मंग कीती गई है। इह नोटिस कांगरस दे सीनीअर नेता अते संचार विभाग दे इंचारज जैराम रमेश अते त्रिणमूल कांगरस दी संसद मैंबर सागारिका घोस ने पेश कीता है। फिलहाल इह प्रसताव सिरफ़ राज सभा 'च ही दाख़ल कीता गिआ है। जैराम रमेश ने जानकारी दिंदे होऐ किहा कि इस प्रसताव 'च मुॱख चोन कमिशनर ख़ि?लाफ़ कुॱल 9 गंभीर दोश लगाऐ गऐ हन, जिनां नूँ विसथार नाल दसतावेज़ी रूप दिॱता गिआ है। उनां अनुसार, इह दोश 15 मारच 2026 तों बाअद कीते गऐ कंमां अते लापरवाहीआं नाल जुड़िआ है, जिनां नूँ संविधान दी धारा 324 (5) अते धारा 124 (4) दे अधीन 'साबत दुरविवहार' मंनिआ जा सकदा है। उनां इह वी किहा कि इह प्रसताव मुॱख चोन कमिशनर अते होर चोन कमिशनर (निुकती, सेवा शरतां अते कारजकाल) ऐकट, 2023' अते जॱज (जांच) ऐकट, 1968' दे प्रबंधां दे अधीन लिआंदा गिआ है। जैराम रमेश ने मुॱख चोन कमिशनर दे अहुदे 'ते बणे रहिण नूँ संविधान 'ते हमला दॱसदे होऐ किहा कि इह सथिती लोकतंतरी संसथावां दे मान ख़ि?लाफ़ है। उनां दोश लगाइआ कि मुॱख चोन कमिशनर सरकार दे दबाअ 'च कंम कर रहे हन, जो बेहॱद चिंतानजनक है। तुन इस नोटिस 'ते अॱगे दी कारवाई राज सभा दे सपीकर दे फैसले 'ते निरभर करेगी, जो तैअ करनगे कि इस प्रसताव नूँ सवीकार कीता जावे जां नहीं।

## ईरान 'च वध रहे तनाअ दे मॱदेनज़र भारत वॱलों आपणे नागरिकां लई ऐडवाईज़री जारी

नवीं दिॱली 25 अप्रैल। भारत सरकार ने ईरान विॱच वध रहे खेतरी तनाअ दे मॱदेनज़र आपणे नागरिकां लई इॱक नवीं ट?रैवल ऐडवाईज़री जारी कीती है। वीरवार नूँ जारी कीते गऐ इस परामरश विॱच भारती नागरिकां नूँ सख़त हदाइत कीती गई है कि उह फिलहाल ईरान दी यातरा करन तों गुरेज़ करन। तेहरान सथित भारती दूतावास ने आपणे ताज़ा बिआन विॱच किहा है कि खेतरी तनाअ कारन हवाई खेतर 'ते लगाईआं गईआं पाबंदीआं अते संचालन सबंधी अनिशचितताव़ां ईरान तों आउण-जाण वालीआं अंतररासट़री उड़ानां नूँ प्रभावित कर रहीआं हन। दूतावास ने सपॱशट कीता है कि भावें दोवां देशां विचाले कुझ उड़ानां दे संचालन दीआं ख़बरां साहमणे आ रहीआं हन, पर सुरॱखिआ दे लिहाज़ नाल भारती नागरिकां नूँ हवाई जां सड़की मारग राहीं ईरान ना जाण दी सलाह दिॱती जांदी है। दूतावास ने ईरान विॱच मौजूद सारे भारती नागरिकां नूँ वी अपील कीती है कि उह दूतावास दे तालमेल नाल निरधारित ज़मीनी सरहॱदी रसतिआं राहीं देश छॱड़ देन। किसे वी तरां दी ऐमरजैंसी सहाइता लई दूतावास वॱलों हैलपलाईन नंबर वी जारी कीते गऐ हन तां जो उॱथे फसे भारतीआं दी मदद कीती जा सके। ज़िकरयोग है कि इह सलाह उनां रिपोरटां तों बाअद आई है जिनां विॱच भारत अते ईरान विचाले हवाई संपरक मुड़ शुरू होन दा दाअवा कीता गिआ सी

## न.फ़रत ते ड़र फैलाउन वालीआं ताकतां अॱगे कदे नहीं झुकेगा भारत: राहुल

नवीं दिॱली 25 अप्रैल। कांगरस नेता राहुल गांधी ने किहा कि पूरा देश अॱतवाद दे ख़ि?लाफ़ इकजुट है अते भारत उनां ताकतां दे अॱगे कदे नहीं झुकेगा, जो न.फ़रत अते ड़र फैलाउणा चाहुंदीआं हन। उनां ने पहिलगाम हमले 'च आपणी जान गुआउन वालिआं नूँ शरधांजली दिॱती। इस काइरानरा हमले दी पहिली बरसी 'ते राहुल गांधी ने मारे गऐ सारे बहादरां नूँ शरधांजली दिॱती। लोक सभा 'च विरोधी धिर दे नेता ने हिंदी 'च इक पोसट 'च किहा,''भारत ना तां कदे उनां दे बलीदान अते उनां दे परिवारां दे दुख नूँ भुॱलेगा अते ना ही इस काइरानरा हरकत नूँ अंजाम देन वालिआं नूँ कदे मुआफ़ करेगा।'' उनां किहा,''जिहड़े बेगुनाह लोकां दी जान इंनी बेरहिमी नाल खोह लई गई उनां दी याद अॱज वी साड़े दिलां नूँ ईंजेड़ दिंदी है। शहीदां दे परिवारां दा दुॱख साडा सारिआं दा सांझा दुख है।'' राहुल ने किहा,''देश दे

इनां सपुतां दा बलीदान भारत दी आतमा 'च हमेशा लई अमिॱट रहेगा।'' उनां ज़ोर दे के किहा कि पूरा देश अॱतवाद अते हिंसा दे ख़ि?लाफ़ इकजुट सी, अॱज वी इकजुट है अते हमेशा इकजुट रहेगा। राहुल ने आपणी पोसट 'च किहा,''भारत उनां ताकतां दे अॱगे कदे नहीं झुकेगा, जो न.फ़रत अते ड़र फैलाउणा चाहुंदीआं हन, असीं होर वी ज़िआदा ताकत, इकता अते पॱके इरादे नाल उनां ख़ि?लाफ़ खड़े होवांगे। जै हिंद।'' दॱसणजोग है कि पिछले साल इसे दिन, पाकिसतान सथित अॱतवादी संगठन लशकर-ए-तोइबा ने जंमू-कशमीर दे पहिलगाम 'च हमला कीता सी, जिस 'च 26 बेगुनाह लोक मारे गऐ सन, जिनां 'च ज़िआदातर पूरे भारत तों आऐ सैलानी सन। पहिलगाम अॱतवादी हमले तों बाअद भारत ने पाकिसतान ख़ि?लाफ़ 'आपरेशन सिंदूर' नां नाल इक जवाबी ह़ैंज कारवाई कीती सी, जिस 'च भारती हथिआरबंद ह़ोरसां ने पाकिसतान अते पाकिसतान दे कबज़े वाले कशमीर 'च ह़ैंज अते अॱतवादी टिकाणिआं नूँ नशट कर दिॱता सी।

## राज सभा मैंबर संत बलबीर सिंघ सीचेवाल ने मुॱख मंतरी नाल कीती मुलाकात

कौमी पत्रिका
**नवदीप सिंघ साहनी**

चंडीगड़, 25 अप्रैल: आगामी मानसून सीज़न दे मॱदेनज़र मुॱख मंतरी भगवंत सिंघ मान ने अॱज डिपटी कमिशनरां नूँ हड़ सुरॱखिआ दे सारे कंम समें सिर पूरे करन दे हुकम दिॱते अते अधिकारीआं नूँ कुताही लई निॱजी जवाबदेही दी चेतावनी दिॱती। इॱक उॱच-पॱधरी समीखिआ मीटिंग दी प्रधानगी करदे होऐ उनां नालिआं अते हड़ां वालीआं संभावी थावां तों तुरंत गार कॱढन, प्रदूशण विरोधी उपावां नूँ तेज़ करन अते लंबित बुनिआदी ढांचे दे प्राजैकटां नूँ अॱगे वधाउन दे निरदेश दिॱते तां कि बारिश तों पहिलां ही सारे प्रबंध मुकंमल होन। मुॱख मंतरी भगवंत सिंघ मान, जिनां दे नाल राज सभा मैंबर संत बलबीर सिंघ सीचेवाल वी सन, ने पंजाब भर विॱच हड़ सुरॱखिआ कारजां नूँ प्रभावशाली ढंग नाल चलाउन लई मासटर पलान लागू करन दी वकालत कीती। उनां किहा, ड़रेनां अते दरिआवां दी योजना सिंजाई विभाग दे इंजनीअरां नाल तालमेल करके तिआर कीती जाणी चाहीदी है तां जो हड़ सुरॱखिआ कारजां दी निअमत तौर 'त वालीआं होर थावां दी सफ़ाई जलदी तों जलदी कीती जाणी चाहीदी है तां जो किसे वी हड़ वरगी सथिती नूँ टालिआ जा सके। बुॱढे नाले दी सफ़ाई बारे मुॱख मंतरी ने अॱगे किहा, पवित्तर बुॱढे नाले दे पाणी नूँ लुधिआना शहिर दे शुरूआती बिंदू तॱक साफ़ कर दिॱता गिआ है अते इस बिंदू तों अॱगे सफ़ाई दा कंम जारी है। डेअरीआं तों बुॱढे नाले विॱच जाण वाले गोहे दे मामले दी सखती नाल जांच कीती जाणी चाहीदी है।

### हरिआणा 'च कणक दी खरीद सुचारू ढंग नाल जारी, मंडीआं 'च रिकारड आमद: मुॱख मंतरी सैनी

चंडीगड़ 25 अप्रैल। हरिआणा दे मुॱख मंतरी नाइब सिंघ सैनी ने शनीवार नूँ किहा कि सूबे दीआं मंडीआं विॱच रिकारड आमद दे विचकार कणक दी खरीद सुचारू ढंग नाल जारी है। विरोधी पारटीआं 'ते निशाना सादे होऐ उनां किहा कि भारती जनता पारटी (भाजपा) सरकार वॱलों शुरू कीते गऐ बाइिओमैटि्क तसदीक वरगे नवें सिसटमां दुआरा किसानां नूँ परेशान कीते जाण दे दोश बेबुनिआद हन। उनां दॱसिआ कि हाड़ी मंडीकरन सीज़न 2026-27 विॱच हुण तॱक फसलां दी रिकारड आमद दरज कीती गई है, जिस ने पिछले चार सालां दा रिकारड तोड़ दिॱता है। मुॱख मंतरी ने किहा कि हुण तॱक मंडीआं विॱच 81 लॱख टन तों वॱध कणक आ चुॱकी है, जिस विॱचों 70 लॱख टन तों वॱध दी खरीद कीती जा चुॱकी है। उनां दॱसिआ कि 11 अप्रैल नूँ इॱक दिन विॱच 700,000 टन तों वॱध कणक मंडीआं विॱच पहुंच गई सी। सैनी ने किहा कि हुण तॱक 5.80 लॱख किसान आपणीआं फसलां लै के मंडीआं विॱच पहुंच चुॱके हन।

## टोल पलाज़िआं 'ते रुकन दा झंजट होवेगा ख़तम ! देश भर 'च लागू होवेगा नवां सिसटम

कौमी पत्रिका
**तेजिंदर कौर बॱबर**

बिज़नॅस डैसक 25 अप्रैल। देश भर दे कई राशटरी राजमारगां 'ते सफ़र करन वाले वाहन चालकां लई इॱक वॱडी अते राहत भरी ख़बर है। केंदरी सड़क आवाजाई अते राजमारग मंतरी नितिन गडकरी ने ऐलान कीता है कि इस साल दसंबर तॱक देश दे कई हाईवेअ 'ते बाधा-मुकत (बिनां रुकावट) टोल वसूली दी नवीं प्रणाली लागू कर दिॱती जावेगी। 'लैंजिसलेटिकस शकती समिट ऐंड अवारडस 2026' दे दूजे ऐडीशन नूँ संबोधन करदिआं गडकरी ने किहा कि इस नवीं प्रणाली दे आउण नाल वाहन चालकां नूँ टोल पलाज़िआं 'ते रुकण दी ज़रूरत नहीं पवेगी। इह प्रणाली आधुनिक तकनीकां जिवें कि वाहन दे नंबर पछाणन वाली प्रणाली, फासटैग, तेज़ रफ़तार कैमरे अते सैंसरां 'ते अधारित होवेगी। इनां राहीं वाहनां दी पछाण आपणे आप हो जावेगी अते टोल दी रकम खाते विॱचों कॱट लई जावेगी। केंदरी मंतरी ने सपॱशट कीता कि जिहड़े लोक निअमां दी पालना नहीं करनगे, उनां नूँ डिजीटल रूप विॱच नोटिस भेजे जाणगे। जेकर कोई भुगतान नहीं करदा तां उस दा फासटैग बंद कीता जा सकदा है अते वाहन नाल संबंधत होर कानूनी कारवाई वी कीती जा सकदी है। गडकरी ने किहा कि जेकर भारत ने गलोबल पावर बणना है तां सानूं आपणी आवाजाही (ट?रांसपोरटेशन) लागत नूँ सिंगल डिजिट (इॱक अंक) विॱच लिआउणा होवेगा। उनां दॱसिआ कि नवें ऐकसप्रैसवेअ बणन नाल इह लागत पहिलां दे 16 फ़ीसदी तों घट के हुण 10 फ़ीसदी दे करीब आ गई है। तुलनातमक तौर 'ते अमरीका अते यूरप विॱच इह लागत 12 फ़ीसदी है, जदकि चीन विॱच इह 8 तों 10 फ़ीसदी दे विचकार है। देश दी तेल दी निरभरता बारे गॱल करदिआं उनां दॱसिआ कि भारत आपणी लोड़ दा 87 फ़ीसदी तेल दरामद (इंपोरट) करदा है, जिस 'ते हर साल लगभग 22 लॱख करोड़ रुपऐ ख़रच हुंदे हन। इस नाल जिॱथे आरथिक बोझ पैंदा है, उॱथे ही प्रदूशण वी वधदा है। इस सथिती नूँ सुधारन लई उनां ने जैविक (बाइिओ-फिउल) अते विकलपिक ईंधन दे उतपादन नूँ वधाउन दी लोड़ 'ते ज़ोर दिॱता।

# ਸ਼ਗਨ ਦੇ ਪੈਸੇ ਜਮਹਾਂ ਕਰਾਉਣ ਆਏ ਬਜ਼ੁਰਗ ਨੂੰ ਮਦਦ ਦੇ ਬਹਾਨੇ ਲੁੱਟਿਆ

ਲੁਧਿਆਣਾ 25 ਅਪ੍ਰੈਲ। ਗਿਆਸਪੁਰਾ ਇਲਾਕੇ ਵਿਚ ਸਥਿਤ ਐੱਸ.ਬੀ.ਆਈ. ਬੈਂਕ ਦੇ ਏ.ਟੀ.ਐੱਮ. ਵਿਚ ਪੈਸੇ ਜਮ?ਹਾਂ ਕਰਵਾਉਣ ਆਏ ਇਕ ਵਿਅਕਤੀ ਨਾਲ ਧੋਖਾਧੜੀ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਸ਼ਾਤਰ ਠੱਗਾਂ ਨੇ ਮਦਦ ਦਾ ਝਾਂਸਾ ਦੇ ਕੇ ਇਕ ਬਜ਼ੁਰਗ ਦੀ ਮਿਹਨਤ ਦੀ ਕਮਾਈ ’ਤੇ ਹੱਥ ਸਾਫ਼ ਕਰ ਦਿੱਤਾ। ਹਾਲਾਂਕਿ, ਪੀੜਤ ਦੀ ਜਾਗਰੂਕਤਾ ਤੇ ਬਹਾਦਰੀ ਸਦਕਾ ਇਕ ਮੁਲਜ਼ਮ ਮੌਕੇ ਤੋਂ ਹੀ ਕਾਬੂ ਆ ਗਿਆ ਤੇ ਉਸ ਨੂੰ ਬਾਅਦ ਵਿਚ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ। ਇਸ ਪੂਰੀ ਵਾਰਦਾਤ ਦੀ ਰੋਂਗਟੇ ਖੜ੍ਹੇ ਕਰ ਦੇਣ ਵਾਲੀ ਸੀ.ਸੀ.ਟੀ.ਵੀ. ਫੁਟੇਜ ਵੀ ਸਾਹਮਣੇ ਆਈ ਹੈ, ਜਿਸ ਵਿਚ ਮੁਲਜ਼ਮਾਂ ਦੀ ਚਾਲਾਕੀ ਸਾਫ਼ ਦੇਖੀ ਜਾ ਸਕਦੀ ਹੈ। ਮਿਲੀ ਜਾਣਕਾਰੀ ਅਨੁਸਾਰ, ਸਕ੍ਰੈਪ ਦਾ ਕੰਮ ਕਰਨ ਵਾਲੇ ਰਾਮ ਬਰਨ ਵਰਮਾ ਦੇ ਘਰ ਵਿਚ ਹਾਲ ਹੀ ਵਿਚ ਖੁਸ਼ੀਆਂ ਨੇ ਦਸਤਕ ਦਿੱਤੀ ਸੀ। ਉਨ੍ਹਾਂ ਦੀ ਨੂੰਹ ਨੇ ਬੇਟੇ ਨੂੰ ਜਨਮ ਦਿੱਤਾ ਸੀ ਅਤੇ ਇਸੇ ਖ਼ੁਸ਼ੀ ਵਿਚ ਉਹ ਆਪਣੀ ਭੈਣ ਨੂੰ ਸ਼ਗਨ ਦੇ ਤੌਰ ’ਤੇ ਪੈਸੇ ਭੇਜਣ ਲਈ ਬੁੱਧਵਾਰ ਸਵੇਰੇ ਕਰੀਬ ਸਾਢੇ 11 ਵਜੇ ਬੈਂਕ ਪਹੁੰਚੇ ਸਨ। ਰਾਮ ਬਰਨ ਦੇ ਹੱਥ ਵਿਚ ਸੱਟ ਲੱਗੀ ਹੋਣ ਕਾਰਨ ਉਨ੍ਹਾਂ ਨੂੰ ਮਸ਼ੀਨ ਚਲਾਉਣ ਵਿਚ ਦਿੱਕਤ ਆ ਰਹੀ ਸੀ, ਜਿਸ ਦਾ ਫ਼ਾਇਦਾ ਉੱਥੇ ਪਹਿਲਾਂ ਤੋਂ ਮੌਜੂਦ ਦੋ ਸ਼ਾਤਰ ਨੌਜਵਾਨਾਂ ਨੇ ਚੁੱਕਿਆ। ਪੀੜਤ ਨੇ ਦੱਸਿਆ ਕਿ ਉਹ ਅਕਸਰ ਸਕਿਓਰਿਟੀ ਗਾਰਡ ਦੀ ਮਦਦ ਲੈਂਦੇ ਸਨ, ਲੇਕਿਨ ਉਸ ਵਕਤ ਇਨ੍ਹਾਂ ਨੌਜਵਾਨਾਂ ਨੇ ਉਨ੍ਹਾਂ ਨੂੰ ਆਪਣੀਆਂ ਗੱਲਾਂ ਦੇ ਜਾਲ ਵਿਚ ਫਸਾ ਲਿਆ। ਮੁਲਜ਼ਮਾਂ ਨੇ ਮਸ਼ੀਨ ਵਿਚ ਕਾਰਡ ਪਾ ਕੇ ਪੈਸੇ ਅੰਦਰ-ਬਾਹਰ ਕਰਨ ਦਾ ਨਾਟਕ ਰਚਿਆ

ਅਤੇ ਝਾਂਸਾ ਦੇ ਕੇ ਰਾਮ ਬਰਨ ਤੋਂ 20 ਹਜ਼ਾਰ ਰੁਪਏ ਲੈ ਲਏ। ਠੱਗਾਂ ਨੇ ਉਨ੍ਹਾਂ ਨੂੰ ਕਿਹਾ ਕਿ ਅਜੇ ਮਸ਼ੀਨ ਵਿਚੋਂ ਰਸੀਦ ਨਿਕਲੇਗੀ, ਤੁਸੀਂ ਇੱਥੇ ਹੀ ਰੁਕੋ। ਜਿਵੇਂ ਹੀ ਰਾਮ ਬਰਨ ਰਸੀਦ ਦਾ ਇੰਤਜ਼ਾਰ ਕਰਨ ਲੱਗੇ, ਦੋਵੇਂ ਮੁਲਜ਼ਮ ਪੈਸੇ ਜੇਬ ਵਿਚ ਪਾ ਕੇ ਬਾਹਰ ਵੱਲ ਦੌੜ ਪਏ। ਸੀ.ਸੀ.ਟੀ.ਵੀ. ਫੁਟੇਜ ਵਿਚ ਸਾਫ਼ ਦਿਖ ਰਿਹਾ ਹੈ ਕਿ ਕਿਵੇਂ ਮੁਲਜ਼ਮਾਂ ਨੇ ਬਜ਼ੁਰਗ ਨੂੰ ਮਸ਼ੀਨ ਤੋਂ ਪਿੱਛੇ ਧੱਕਿਆ ਅਤੇ ਅੱਖ ਝਪਕਦੇ ਹੀ ਨਕਦੀ ਫੜ ਲਈ। ਜਿਵੇਂ ਹੀ ਮੁਲਜ਼ਮ ਭੱਜਣ ਲੱਗੇ, ਰਾਮ ਬਰਨ ਨੇ ਹਿੰਮਤ ਦਿਖਾਉਂਦੇ ਹੋਏ ਰੌਲ?ਾ ਪਾ ਦਿੱਤਾ। ਰੌਲ?ਾ ਸੁਣ ਕੇ ਉੱਥੇ ਮੌਜੂਦ ਲੋਕਾਂ ਨੇ ਇਕ ਮੁਲਜ਼ਮ ਨੂੰ ਰੰਗੇ ਹੱਥੀਂ ਫੜ ਲਿਆ, ਜਦਕਿ ਉਸ ਦਾ ਦੂਜਾ ਸਾਥੀ ਭੀੜ ਦਾ ਫ਼ਾਇਦਾ ਚੁੱਕ ਕੇ ਫ਼ਰਾਰ ਹੋਣ ਵਿਚ ਕਾਮਯਾਬ ਰਿਹਾ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਡਵੀਜ਼ਨ ਨੰਬਰ 6 ਦੇ ਅਧੀਨ ਆਉਂਦੀ ਸ਼ੇਰਪੁਰ ਚੌਂਕੀ ਪੁਲਸ ਮੌਕੇ ’ਤੇ ਪਹੁੰਚੀ ਅਤੇ ਫੜੇ ਗਏ ਮੁਲਜ਼ਮ ਨੂੰ ਹਿਰਾਸਤ ਵਿਚ ਲੈ ਲਿਆ। ਪੁਲਸ ਅਧਿਕਾਰੀਆਂ ਦੇ ਮੁਤਾਬਕ, ਇਨ੍ਹਾਂ ਮੁਲਜ਼ਮਾਂ ਦੇ ਖ਼?ਲਾਫ਼ ਪਹਿਲਾਂ ਵੀ ਧੋਖਾਧੜੀ ਦੀਆਂ ਸ਼ਿਕਾਇਤਾਂ ਮਿਲ ਚੁੱਕੀਆਂ ਹਨ। ਫਿਲਹਾਲ ਪੁਲਸ ਫ਼ਰਾਰ ਮੁਲਜ਼ਮ ਦੀ ਭਾਲ ਵਿਚ ਸੰਭਾਵਿਤ ਟਿਕਾਣਿਆਂ ’ਤੇ ਛਾਪੇਮਾਰੀ ਕਰ ਰਹੀ ਹੈ। ਪੁਲਸ ਨੇ ਪੀੜਤ ਬਜ਼ੁਰਗ ਨੂੰ ਭਰੋਸਾ ਦਿਵਾਇਆ ਹੈ ਕਿ ਜਲਦ ਹੀ ਉਨ੍ਹਾਂ ਦੇ ਪੈਸੇ ਬਰਾਮਦ ਕਰਕੇ ਉਨ੍ਹਾਂ ਨੂੰ ਸੌਂਪ ਦਿੱਤੇ ਜਾਣਗੇ।

### ਖੜ੍ਹੇ-ਖੜ੍ਹੇ ਹੀ ਸੁੱਤਾ ਰਿਹਾ ਬੰਦਾ! ਚੰਡੀਗੜ੍ਹ ’ਚ ਅਜੀਬੋ-ਗਰੀਬ ਮਾਮਲੇ ਨੇ ਲੋਕਾਂ ਨੂੰ ਕੀਤਾ ਹੈਰਾਨ

ਚੰਡੀਗੜ੍ਹ 25 ਅਪ੍ਰੈਲ। ਚੰਡੀਗੜ੍ਹ ਦੇ ਧਨਾਸ ਬੈਰੀਅਰ ਸਥਿਤ ਲੇਬਰ ਚੌਂਕ ’ਚ ਇਕ ਅਜੀਬੋ-ਗਰੀਬ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਇੱਥੇ ਇਕ ਵਿਅਕਤੀ ਦੀ ਖੜ੍ਹੇ-ਖੜ੍ਹੇ ਹੀ ਸੌਂਦੇ ਹੋਏ ਦੀ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਉਕਤ ਬੰਦਾ ਕਾਫੀ ਦੇਰ ਤੱਕ ਅੱਖਾਂ ਬੰਦ ਕਰਕੇ ਇੱਕੋ ਹੀ ਜਗ?ਹਾ ’ਤੇ ਖੜ੍ਹਾ ਰਿਹਾ ਅਤੇ ਉਸ ਨੇ ਕਿਸੇ ਤਰ੍ਹਾਂ ਦੀ ਕੋਈ ਹਿੱਲ-ਜੁੱਲ ਨਹੀਂ ਕੀਤੀ। ਜਦੋਂ ਲੋਕਾਂ ਨੇ ਅਜਿਹਾ ਅਜੀਬੋ-ਗਰੀਬ ਮਾਮਲਾ ਦੇਖਿਆ ਤਾਂ ਉਕਤ ਬੰਦੇ ਦੀ ਵੀਡੀਓ ਬਣਾਉਣੀ ਸ਼ੁਰੂ ਕਰ ਦਿੱਤੀ। ਕੁੱਝ ਲੋਕਾਂ ਨੇ ਉਸ ਨੂੰ ਆਵਾਜ਼ ਦੇ ਕੇ ਜਗਾਉਣ ਦੀ ਵੀ ਕੋਸ਼ਿਸ਼ ਕੀਤੀ ਪਰ ਉਹ ਲੰਬੇ ਸਮੇਂ ਤੱਕ ਇੱਕੋ ਤਰ੍ਹਾਂ ਦੀ ਸਥਿਤੀ ’ਚ ਖੜ੍ਹਾ ਰਿਹਾ। ਹਾਲਾਂਕਿ ਕੁੱਝ ਲੋਕਾਂ ਦਾ ਕਹਿਣਾ ਹੈ ਕਿ ਉਕਤ ਵਿਅਕਤੀ ਨੂੰ ਸ਼ਾਇਦ ਬਹੁਤ ਜ਼ਿਆਦਾ ਥਕਾਵਟ ਕਾਰਨ ਨੀਂਦ ਆ ਗਈ ਸੀ ਤਾਂ ਕੁੱਝ ਲੋਕਾਂ ਦਾ ਮੰਨਣਾ ਹੈ ਕਿ ਵਿਅਕਤੀ ਨਸ਼ੇ ਦੇ ਪ੍ਰਭਾਵ ’ਚ ਸੀ। ਵਿਅਕਤੀ ਨਾਲ ਅਜਿਹਾ ਕਿਉਂ ਹੋਇਆ, ਅਜੇ ਤੱਕ ਕੁੱਝ ਵੀ ਸਪੱਸ਼ਟ ਨਹੀਂ ਹੋ ਸਕਿਆ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਲਾਕੇ ’ਚ ਇਸ ਤਰ੍ਹਾਂ ਦੀਆਂ ਘਟਨਾਵਾਂ ਪਹਿਲਾਂ ਵੀ ਸਾਹਮਣੇ ਆ ਚੁੱਕੀਆਂ ਹਨ, ਜਿਸ ਕਾਰਨ ਲੋਕਾਂ ’ਚ ਚਿੰਤਾ ਦਾ ਮਾਹੌਲ ਪੈਦਾ ਹੋ ਗਿਆ ਹੈ।

## ਇਕ ਲੀਟਰ ਦੁੱਧ ਕਾਰਨ ਦੋ ਕਤਲ! ਦੋ ਧਿਰਾਂ ’ਚ ਹਿੰਸਕ ਝੜਪ ਦੌਰਾਨ ਜੰਮ ਕੇ ਚੱਲੀਆਂ ਗੋਲੀਆਂ

ਵੈੱਬ ਡੈਸਕ 25 ਅਪ੍ਰੈਲ। ਬਿਹਾਰ ਦੇ ਭੋਜਪੁਰ ਜ਼ਿਲ੍ਹੇ ਦੇ ਬਰਹਾੜਾ ਥਾਣਾ ਖੇਤਰ ’ਚ ਐਤਵਾਰ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇਥੇ ਦੁੱਧ ਖਰੀਦਣ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਹੋਏ ਝਗੜੇ ’ਚ ਦੋ ਲੋਕਾਂ ਦੀ ਹੱਤਿਆ ਕਰ ਦਿੱਤੀ ਗਈ। ਪੁਲਸ ਸੂਤਰਾਂ ਨੇ ਦੱਸਿਆ ਕਿ ਸੇਮਰਾ ਪਿੰਡ ਵਿੱਚ ਦੁੱਧ ਖਰੀਦਣ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਝਗੜਾ ਹੋ ਗਿਆ। ਕੁਝ ਹੀ ਦੇਰ ’ਚ ਝਗੜੇ ਨੇ ਹਿੰਸਕ ਰੂਪ ਲੈ ਲਿਆ। ਇਸ ਦੌਰਾਨ ਇੱਕ ਪਾਸੇ ਦੇ ਲੋਕਾਂ ਨੇ ਧਰਮਿੰਦਰ ਰਾਏ (25) ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਇਸ ਦੌਰਾਨ, ਦੂਜੇ ਪਾਸੇ ਦੇ ਗੁੱਸੇ ’ਚ ਆਏ ਵਸਨੀਕਾਂ ਨੇ ਬਾਰਕ ਸਿੰਘ (25) ਨੂੰ

ਡੰਡਿਆਂ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ। ਇੱਥੇ, ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਸ (ਬਿਹਾਰ ਪੁਲਸ) ਮੌਕੇ ’ਤੇ ਪਹੁੰਚ ਗਈ। ਪੁਲਸ ਨੇ ਲਾਸ਼ਾਂ ਨੂੰ ਆਪਣੇ ਕਬਜ਼ੇ ’ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੇ ਮੌਕੇ ਤੋਂ ਇੱਕ ਪਿਸਤੌਲ, 10 ਕਾਰਤੂਸ ਅਤੇ ਇੱਕ ਖੋਲ ਬਰਾਮਦ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਇੱਕ ਲੀਟਰ ਦੁੱਧ ਨੂੰ ਲੈ ਕੇ ਹੋਏ ਝਗੜੇ ਵਿੱਚ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ।

## ਪੰਜਾਬ ਪੁਲਸ ਦੀ ਕਾਰਵਾਈ, ਕਾਰ ’ਚੋਂ 30 ਨਜਾਇਜ਼ ਸ਼ਰਾਬ ਦੀਆਂ ਪੇਟੀਆਂ ਸਮੇਤ ਦੋ ਗ੍ਰਿ.ਫਤਾਰ

ਕਲਾਨੌਰ 25 ਅਪ੍ਰੈਲ। ਜਿੱਥੇ ਪੰਜਾਬ ਅੰਦਰ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਡੀ ਗਿਣਤੀ ਵਿਚ ਪੁਲਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਉੱਥੇ ਹੀ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਅਧੀਨ ਆਉਂਦੇ ਕਲਾਨੌਰ ਦੀ ਪੁਲਸ ਨੂੰ ਉਸ ਸਮੇਂ ਵੱਡੀ ਸਫ਼ਲਤਾ ਮਿਲੀ ਜਦ ਇੱਕ ਗੁਪਤ ਸੂਚਨਾ ਦੇ ਆਧਾਰ ’ਤੇ ਇਕ ਕਾਰ ਸਵਾਰ ਦੋ ਨੌਜਵਾਨਾਂ ਨੂੰ 30 ਪੇਟੀਆਂ ਨਜਾਇਜ਼ ਸ਼ਰਾਬ ਦੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ। ਇਸ ਸਬੰਧੀ ਪੁਲਸ ਦੇ

ਜਾਂਚ ਅਧਿਕਾਰੀ ਸੰਜੀਵ ਕੁਮਾਰ ਨੇ ਦੱਸਿਆ ਕਿ ਪੁਲਸ ਨੂੰ ਗੁਪਤ ਸੂਚਨਾ ਮਿਲੀ ਤਾਂ ਉਸ ਦੇ ਆਧਾਰ ’ਤੇ ਟੀ ਪੁਆਇੰਟ ਕਲਾਨੌਰ ਨੇੜੇ ਨਾਕਾ ਲਗਾ ਕੇ ਆਉਂਣ ਜਾਣ ਵਾਲੇ ਵਾਹਨਾਂ ਦੀ ਚੈਕਿੰਗ ਕੀਤੀ ਗਈ। ਇਸ ਦੌਰਾਨ ਇੱਕ ਕਾਰ ਡੇਰਾ ਬਾਬਾ ਨਾਨਕ ਵਾਲੀ ਸਾਈਡ ਤੋਂ ਆਈ ਤਾਂ ਉਸ ਨੂੰ ਸ਼ੱਕ ਦੇ ਆਧਾਰ ’ਤੇ ਰੋਕਿਆ ਗਿਆ ਜਦ ਉਸ ਦੀ ਤਲਾਸ਼ੀ ਕੀਤੀ ਤਾਂ ਉਸ ਵਿੱਚੋਂ 30 ਪੇਟੀਆਂ (2,70,000ਮਿ ,ਲੀ) ਨਜਾਇਜ ਸ਼ਰਾਬ ਸਮੇਤ ਦੋ ਨੌਜਵਾਨਾਂ ਨੂੰ ਮੌਕੇ ’ਤੇ ਕਾਬੂ ਕੀਤਾ ਗਿਆ ਜਿਸ ਤੋਂ ਬਾਅਦ ਪੁਲਸ ਵੱਲੋਂ ਜਾਂਚ ਪੜਤਾਲ ਕਰਨ ਉਪਰੰਤ ਇਨ੍ਹਾਂ ਨੌਜਵਾਨਾਂ ਖ਼?ਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਪੁਲਸ ਮੁਤਾਬਕ ਮੁਲਜ਼ਮਾਂ ਦੀ ਪਹਿਚਾਣ ਸਾਹਿਬ ਸਿੰਘ ਪੁੱਤਰ ਸੁਲੱਖਣ ਸਿੰਘ, ਅਵਾਨ ਫਤਿਹਗੜ੍ਹ ਚੂੜੀਆਂ ਅਤੇ ਗਗਨਦੀਪ ਵਾਸੀ ਫਤਿਹਗੜ੍ਹ ਚੂੜੀਆਂ ਵਜੋਂ ਦੱਸੀ ਗਈ ਹੈ।

## ਪਿੰਡ ਵਾਲਿਆਂ ਨੇ ਕਰ’ਤਾ ਪੁਲਸ ’ਤੇ ਹਮਲਾ, ਸਬ ਇੰਸਪੈਕਟਰ ਸਣੇ 5 ਜਵਾਨ ਜ਼ਖਮੀ

ਨੈਸ਼ਨਲ ਡੈਸਕ 25 ਅਪ੍ਰੈਲ। ਬਿਹਾਰ ਵਿੱਚ ਅਪਰਾਧੀ ਬੇਲਗਾਮ ਹੋ ਗਏ ਹਨ ਅਤੇ ਹੁਣ ਉਹ ਪੁਲਸ ਵਾਲਿਆਂ ਨੂੰ ਵੀ ਨਿਸ਼ਾਨਾ ਬਣਾਉਣ ਤੋਂ ਪਿੱਛੇ ਨਹੀਂ ਹਟ ਰਹੇ ਹਨ। ਅਪਰਾਧੀਆਂ ਵਿੱਚ ਪੁਲਸ ਪ੍ਰਸ਼ਾਸਨ ਦਾ ਡਰ ਲਗਭਗ ਖਤਮ ਹੋ ਗਿਆ ਹੈ। ਇਸ ਦਾ ਨਤੀਜਾ ਹੈ ਕਿ ਹਰ ਰੋਜ਼ ਪੁਲਸ ਟੀਮਾਂ ’ਤੇ ਹਮਲੇ ਹੋ ਰਹੇ ਹਨ। ਹੁਣ ਤਾਜ਼ਾ ਮਾਮਲਾ ਭਾਗਲਪੁਰ ਜ਼ਿਲ੍ਹੇ ਤੋਂ ਸਾਹਮਣੇ ਆਇਆ ਹੈ, ਜਿੱਥੇ ਵਿਵਾਦ ਸੁਲਝਾਉਣ ਗਈ ਪੁਲਸ ਟੀਮ ’ਤੇ ਲੋਕਾਂ ਨੇ ਪਥਰਾਅ ਕੀਤਾ। ਇਸ ਘਟਨਾ ’ਚ ਇਕ ਸਬ-ਇੰਸਪੈਕਟਰ ਸਮੇਤ 5 ਪੁਲਸ ਕਰਮਚਾਰੀ ਜ਼ਖਮੀ ਹੋ ਗਏ ਹਨ। ਜਾਣਕਾਰੀ ਮੁਤਾਬਕ ਇਹ ਪੂਰਾ ਮਾਮਲਾ ਅੰਤਿਚੱਕ ਥਾਣਾ ਖੇਤਰ ਦੇ ਪਿੰਡ ਕਸਦੀ ਦਾ ਦੱਸਿਆ ਜਾ ਰਿਹਾ ਹੈ। ਪਿੰਡ ਵਾਸੀਆਂ ਵੱਲੋਂ ਕੀਤੇ ਹਮਲੇ ਵਿੱਚ ਐਸ.ਆਈ. ਧਰਮਨਾਥ ਰਾਏ, ਕਾਂਸਟੇਬਲ ਰਣਜੀਤ ਕੁਮਾਰ, ਰੋਹਿਤ ਰੰਜਨ, ਅਮਿਤ ਕੁਮਾਰ ਅਤੇ ਚੌਕੀਦਾਰ ਪ੍ਰੀਤਮ ਕੁਮਾਰ ਜ਼ਖ਼ਮੀ ਹੋ ਗਏ।

ਫਿਲਹਾਲ ਪੂਰਾ ਇਲਾਕਾ ਪੁਲਸ ਛਾਉਣੀ ਵਿੱਚ ਤਬਦੀਲ ਹੋ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪਥਰਾਅ ’ਚ ਪੁਲਸ ਦੀ ਗੱਡੀ ਨੂੰ ਵੀ ਨੁਕਸਾਨ ਪਹੁੰਚਿਆ ਹੈ। ਗੁੱਸੇ ਵਿੱਚ ਆਏ ਪਿੰਡ ਵਾਸੀ ਇੱਟਾਂ-ਪੱਥਰ ਸੁੱਟਦੇ ਰਹੇ ਅਤੇ ਪੁਲਸ ਵਾਲਿਆਂ ਦਾ ਉਦੋਂ ਤੱਕ ਪਿੱਛਾ ਕਰਦੇ ਰਹੇ ਜਦੋਂ ਤੱਕ ਪੁਲਸ ਪਿੰਡ ਤੋਂ ਬਾਹਰ ਨਹੀਂ ਜਾਂਦੀ। ਹਮਲੇ ਦੀ ਸੂਚਨਾ ਮਿਲਦੇ ਹੀ ਮੌਕੇ ’ਤੇ ਵਾਧੂ ਪੁਲਸ ਬਲ ਭੇਜ ਦਿੱਤਾ ਗਿਆ ਅਤੇ ਸਾਰੇ ਜ਼ਖਮੀ ਪੁਲਸ ਕਰਮਚਾਰੀਆਂ ਨੂੰ ਇਲਾਜ ਲਈ ਕਾਹਲਗਾਓਂ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਹੈ। ਘਟਨਾ ਬਾਰੇ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸ਼ਾਮ ਕਰੀਬ 7 ਵਜੇ ਪਿੰਡ ਵਿੱਚ ਬੱਚਿਆਂ ਦਾ ਆਪਸ ਵਿੱਚ ਝਗੜਾ ਹੋਇਆ ਸੀ। ਝਗੜਾ ਸੁਲਝਾਉਣ ਦੀ ਬਜਾਏ ਦੋਵੇਂ ਧਿਰਾਂ ਦੇ ਲੋਕ ਆਪਸ ਵਿੱਚ ਭਿੜ ਗਏ। ਘਟਨਾ ਦੀ ਸੂਚਨਾ ਸਥਾਨਕ ਲੋਕਾਂ ਨੇ ਪੁਲਸ ਨੂੰ ਦਿੱਤੀ। ਸੂਚਨਾ ਮਿਲਦੇ ਹੀ ਪੁਲਸ ਮੌਕੇ ’ਤੇ ਪਹੁੰਚ ਗਈ ਅਤੇ ਦੋਵਾਂ ਧਿਰਾਂ ਵਿਚਾਲੇ ਹੋਏ ਝਗੜੇ ਨੂੰ ਸੁਲਝਾਉਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਕੁਝ ਲੜਕਿਆਂ ਨੇ ਪੁਲਸ ’ਤੇ ਪਥਰਾਅ ਸ਼ੁਰੂ ਕਰ ਦਿੱਤਾ। ਕੁਝ ਹੀ ਦੇਰ ਵਿਚ ਦੋਵਾਂ ਪਾਸਿਆਂ ਦੇ ਵੱਡੇ ਲੋਕਾਂ ਨੇ ਪਥਰਾਅ ਵੀ ਸ਼ੁਰੂ ਕਰ ਦਿੱਤਾ। ਇਸ ਹਮਲੇ ਵਿੱਚ ਇੱਕ ਸਬ-ਇੰਸਪੈਕਟਰ ਅਤੇ ਇੱਕ ਚੌਕੀਦਾਰ ਸਮੇਤ ਤਿੰਨ ਕਾਂਸਟੇਬਲ ਜ਼ਖ਼ਮੀ ਹੋ ਗਏ।

## ਜਲ ਸੈਨਾ ’ਚ ਭਰਤੀ ਹੋਣ ਦਾ ਸੁਨਹਿਰੀ ਮੌਕਾ, ਮਿਲੇਗੀ ਮੋਟੀ ਤਨ.ਖ਼ਾਹ

ਨਵੀਂ ਦਿੱਲੀ 25 ਅਪ੍ਰੈਲ। ਦੇਸ਼ ਸੇਵਾ ਕਰਨ ਦੇ ਇੱਛੁਕ ਉਮੀਦਵਾਰਾਂ ਲਈ ਖ਼ੁਸ਼ਖ਼ਬਰੀ ਹੈ। ਦਰਅਸਲ ਭਾਰਤੀ ਜਲ ਸੈਨਾ ਨੇ ਬੋਟ ਕਰੂ ਸਟਾਫ਼ ਕਰਮੀਆਂ ਦੀ ਭਰਤੀ ਲਈ ਅਰਜ਼ੀਆਂ ਦੀ ਮੰਗ ਕੀਤੀ ਹੈ। ਅਪਲਾਈ ਕਰਨ ਦੀ ਪ੍ਰਕਿਰਿਆ 13 ਮਾਰਚ ਤੋਂ ਜਲ ਸੈਨਾ ਦੀ ਅਧਿਕਾਰਤ ਵੈੱਬਸਾਈਟ ’ਤੇ ਸ਼ੁਰੂ ਹੋ ਗਈ ਹੈ। ਜਿਸ ਵਿਚ ਇੱਛੁਕ ਉਮੀਦਵਾਰ 4 ਮਈ 2025 ਤੱਕ ਅਪਲਾਈ ਕਰ ਸਕਦੇ ਹਨ। ਖ਼ਾਸ ਗੱਲ ਇਹ ਹੈ ਕਿ ਇਸ ਭਰਤੀ ਲਈ ਕਿਸੇ ਤਰ੍ਹਾਂ ਦੀ ਅਰਜ਼ੀ ਫੀਸ ਨਹੀਂ ਲਈ ਜਾਵੇਗਾ। ਉਮੀਦਵਾਰ ਬਿਲਕੁੱਲ ਮੁਫ਼ਤ ਅਪਲਾਈ ਕਰ ਸਕਦੇ ਹਨ। ਭਾਰਤੀ ਜਲ ਸੈਨਾ ਦੀ ਇਸ ਭਰਤੀ ਲਈ ਅਪਲਾਈ ਕਰਨ ਲਈ ਉਮੀਦਵਾਰਾਂ ਦਾ ਕਿਸੇ ਮਾਨਤਾ ਪ੍ਰਾਪਤ ਬੋਰਡ ਤੋਂ 10ਵੀਂ ਪਾਸ ਹੋਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਤੈਰਨਾ ਵੀ ਆਉਣਾ ਚਾਹੀਦਾ ਹੈ। ਉੱਥੇ ਹੀ ਫਾਇਰਮੈਨ ਲਈ ਪ੍ਰੀ-ਸੀ ਟ?ਰੇਨਿੰਗ ਕੋਰਸ ਦਾ ਸਰਟੀਫ਼?ਕੇਟ ਹੋਣਾ ਵੀ ਜ਼ਰੂਰੀ ਹੈ। ਭਾਰਤੀ ਜਲ ਸੈਨਾ ਦੀ ਇਸ ਭਰਤੀ ਲਈ ਅਪਲਾਈ ਕਰਨ ਲਈ ਉਮੀਦਵਾਰਾਂ ਦੀ ਘੱਟੋ-ਘੱਟ ਉਮਰ 18 ਸਾਲ ਅਤੇ ਵੱਧ ਤੋਂ ਵੱਧ ਉਮਰ 25 ਸਾਲ ਤੈਅ ਕੀਤੀ ਗਈ ਹੈ। ਰਾਖਵੀਆਂ ਸ਼੍ਰੇਣੀਆਂ ਨੂੰ ਉਪਰਲੀ ਉਮਰ ਹੱਦ ਵਿਚ ਛੋਟ ਦਿੱਤੀ ਜਾਂਦੀ ਹੈ। ਚੁਣੇ ਗਏ ਉਮੀਦਵਾਰਾਂ ਨੂੰ 18,000 ਰੁਪਏ ਤੋਂ ਲੈ ਕੇ 81,100 ਰੁਪਏ ਪ੍ਰਤੀ ਮਹੀਨਾ ਤਨਖ਼ਾਹ ਦਿੱਤੀ ਜਾਵੇਗੀ। ਉਮੀਦਵਾਰਾਂ ਦੀ ਚੋਣ ਲਿਖਤੀ ਪ੍ਰੀਖਿਆ, ਤੈਰਾਕੀ ਟੈਸਟ, ਦਸਤਾਵੇਜ਼ ਤਸਦੀਕ, ਮੈਡੀਕਲ ਟੈਸਟ ਆਦਿ ਵਰਗੇ ਪੜਾਵਾਂ ਰਾਹੀਂ ਕੀਤੀ ਜਾਵੇਗੀ।

## 15 ਲੱਖ ਦੀ ਲੁੱਟ ਕਰਨ ਵਾਲਿਆਂ ਦਾ ਹੋ ਗਿਆ ਪੁਲਸ ਨਾਲ ਮੁਕਾਬਲਾ!

ਫਤਹਿਗੜ੍ਹ ਸਾਹਿਬ 25 ਅਪ੍ਰੈਲ। ਮੰਡੀ ਗੋਬਿੰਦਗੜ੍ਹ ਵਿੱਚ ਪੁਲਸ ਅਤੇ ਲੁਟੇਰਿਆਂ ਦਰਮਿਆਨ ਹੋਏ ਐਨਕਾਊਂਟਰ ਵਿੱਚ 2 ਲੁਟੇਰੇ ਪੁਲਸ ਵੱਲੋਂ ਲੱਗੀ ਗੋਲੀ ਵਿੱਚ ਜ਼ਖਮੀ ਹੋ ਗਏ ਹਨ। ਗੋਲੀਬਾਰੀ ਦੌਰਾਨ ਇੱਕ ਪੁਲਸ ਮੁਲਾਜ਼ਮ ਵੀ ਜ਼ਖਮੀ ਹੋਇਆ ਹੈ। ਜਿਨਾਂ ਨੂੰ ਇਲਾਜ ਲਈ ਹਸਪਤਾਲ ਲਈ ਰੈਫਰ ਕਰ ਦਿੱਤਾ ਗਿਆ ਹੈ। ਘਟਨਾ ਸਥਾਨ ’ਤੇ ਜਿਲ੍ਹੇ ਦੇ ਐਸ.ਐਸ.ਪੀ. ਫਤਿਹਗੜ੍ਹ ਸਾਹਿਬ ਸ਼ੁਭਮ ਅਗਰਵਾਲ, ਐਸ.ਪੀ.ਡੀ. ਰਾਕੇਸ਼ ਯਾਦਵ ਅਤੇ ਸੀ.ਆਈ.ਏ. ਸਟਾਫ ਅਤੇ ਮੰਡੀ ਗੋਬਿੰਦਗੜ੍ਹ ਦੀ ਪੁਲਸ ਟੀਮ ਪਹੁੰਚੀ। ਐਸ.ਐਸ.ਪੀ. ਫਤਿਹਗੜ੍ਹ ਸਾਹਿਬ ਸ਼ੁਭਮ ਅਗਰਵਾਲ ਨੇ ਦੱਸਿਆ ਕਿ ਬੀਤੇ ਦਿਨੀਂ ਮੰਡੀ ਗੋਬਿੰਦਗੜ੍ਹ ਵਿੱਚ 15 ਲੱਖ ਦੀ ਹੋਈ ਲੁੱਟ ਦੀ ਵਾਰਦਾਤ ਵਿੱਚ ਵੀ ਇਹ ਸ਼ਾਮਿਲ ਸਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਲੁਟੇਰਿਆਂ ਦੀ ਪਛਾਣ ਬਸੰਤ ਅਤੇ ਜੈਦੀਪ ਵਜੋਂ ਹੋਈ ਹੈ ਜੋ ਕਿ ਮੋਗਾ ਦੇ ਨਿਵਾਸੀ ਦੱਸੇ ਜਾ ਰਹੇ ਹਨ। ਐਸ.ਐਸ.ਪੀ. ਨੇ ਦੱਸਿਆ ਕਿ ਹੁਣ ਵੀ ਇਹ ਮੰਡੀ ਗੋਬਿੰਦਗੜ੍ਹ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਾਕਤ ਵਿੱਚ ਸਨ। ਉਨ੍ਹਾਂ ਦੱਸਿਆ ਕਿ ਇਹ ਲੁਟੇਰੇ ਮੋਟਰਸਾਈਕਲ ’ਤੇ ਸਨ ਅਤੇ ਪੁਲਸ ਨੂੰ ਦੇਖ ਕੇ ਇਹ ਭੱਜਣ ਲੱਗੇ ਅਤੇ ਇਨ੍ਹਾਂ ਨੇ ਪੁਲਸ ਤੇ ਫਾਇਰ ਕੀਤੇ ਪਰ ਪੁਲਸ ਵੱਲੋਂ ਜਵਾਬੀ ਫਾਇਰ ਵਿੱਚ ਇਹ ਜ਼ਖ਼ਮੀ ਹੋ ਗਏ।

### ਇਨਸਾਨੀਅਤ ਸ਼ਰਮਸਾਰ! ਮੰਦਬੁੱਧੀ ਔਰਤ ਨੂੰ ਵੀ ਨਹੀਂ ਬਖਸ਼ਿਆ

ਨੈਸ਼ਨਲ ਡੈਸਕ 25 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਦੇਵਰੀਆ ਜ਼ਿਲ੍ਹੇ ’ਚ ਇਕ ਮੰਦਬੁੱਧੀ ਔਰਤ ਨਾਲ ਜਬਰ-ਜ਼ਨਾਹ ਦੀ ਘਟਨਾ ਸਾਹਮਣੇ ਆਈ ਹੈ। ਔਰਤ ਘਰ ’ਚ ਇਕੱਲੀ ਸੀ, ਜਦੋਂਕਿ ਉਸਦਾ ਬੇਟਾ ਖਾਣਾ ਲੈਣ ਬਾਹਰ ਗਿਆ ਸੀ। ਇਸੇ ਦੌਰਾਨ ਪਿੰਡ ਦਾ ਹੀ ਇਕ ਨੌਜਵਾਨ ਘਰ ’ਚ ਵਾੜ ਗਿਆ ਅਤੇ ਉਸਨੇ ਵਾਰਦਾਤ ਨੂੰ ਅੰਜਾਮ ਦਿੱਤਾ। ਘਟਨਾ ਦੌਰਾਨ ਔਰਤ ਦੀਆਂ ਚੀਕਾਂ ਸੁਣ ਕੇ ਗੁਆਂਢੀ ਨੂੰ ਸ਼ੱਕ ਹੋਇਆ। ਉਸਨੇ ਦਰਵਾਜ਼ੇ ਨੂੰ ਬਾਹਰੋਂ ਬੰਦ ਕਰ ਦਿੱਤਾ ਅਤੇ ਘਟਨਾ ਦੀ ਵੀਡੀਓ ਆਪਣੇ ਕੈਮਰੇ ’ਚ ਰਿਕਾਰਡ ਕਰ ਲਈ। ਗੁਆਂਢੀ ਨੇ ਤੁਰੰਤ ਪੀੜਤਾ ਦੇ ਬੇਠੇ ਨੂੰ ਫੋਨ ਕਰਕੇ ਬੁਲਾਇਆ। ਜਿਵੇਂ ਹੀ ਬੇਟਾ ਘਰ ਪਹੁੰਚਿਆ, ਦੋਸ਼ੀ ਛੱਡ ਤੋਂ ਛਾਲ ਮਾਰ ਕੇ ਦੌੜ ਗਿਆ। ਪੀੜਤਾ ਦੇ ਬੇਟੇ ਨੇ ਸਲੇਮਪੁਰ ਕੋਤਵਾਲੀ ’ਚ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਪੁਲਸ ਹਰਕਤ ’ਚ ਆਈ। ਖੁਦ ਐੱਸ.ਪੀ. ਵਿਕਰਾਂਤ ਵੀਰ ਮੌਕੇ ’ਤੇ ਪਹੁੰਚੇ ਅਤੇ ਜਾਂਚ ਕੀਤੀ। ਫੌਰੈਂਸਿਕ ਟੀਮ ਨੇ ਸਬੂਤ ਇਕੱਠੇ ਕਰ ਲਏ ਹਨ ਅਤੇ ਪੁਲਸ ਨੇ ਦੋਸ਼ੀ ਪਰਵੀਨ ਯਾਦਵ ਦੀ ਫੋਟੋ ਜਾਰੀ ਕਰ ਦਿੱਤੀ ਹੈ। ਐੱਸ.ਪੀ. ਨੇ ਦੱਸਿਆ ਕਿ ਦੋਸ਼ੀ ਨੂੰ ਫੜਨ ਲਈ ਟੀਮਾਂ ਲਗਾ ਦਿੱਤੀਆਂ ਗਈਆਂ ਹਨ ਅਤੇ ਸੂਚਨਾ ਦੇਣ ਵਾਲੇ ਨੂੰ ਇਨਾਮ ਦਿੱਤਾ ਜਾਵੇਗਾ। ਦੋਸ਼ੀ ਅਤੇ ਉਸਦੇ ਪਰਿਵਾਰ ਵਾਲੇ ਫਰਾਰ ਹੋ ਗਏ ਹਨ ਪਰ ਪੁਲਸ ਜਲਦੀ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ’ਚ ਜੁਟੀ ਹੈ।

## ਪੰਜਾਬ ’ਚ ਇਕ ਹੋਰ ਵੱਡਾ ਐਨਕਾਊਂਟਰ, ਬਦਮਾਸ਼ਾਂ ਤੇ ਪੁਲਸ ਵਿਚਾਲੇ ਚੱਲੀਆਂ ਤਾੜ-ਤਾੜ ਗੋਲੀਆਂ

ਲੁਧਿਆਣਾ 25 ਅਪ੍ਰੈਲ। ਲੁਧਿਆਣਾ ਵਿਖੇ ਪੰਜਾਬ ਪੁਲਸ ਵੱਲੋਂ ਐਨਕਾਊਂਟਰ ਕਰ ਦਿੱਤਾ ਗਿਆ। ਲੁਧਿਆਣਾ ਵਿਖੇ ਦੁੱਗਰੀ ਥਾਣੇ ਅਧੀਨ ਆਉਂਦੇ ਇਲਾਕੇ ਵਿਚ ਬੀਤੀ ਦੇਰ ਰਾਤ ਪੁਲਸ ਨਾਲ ਹੋਈ ਕਰਾਸ ਫਾਇਰਿੰਗ ਵਿੱਚ ਦੋ ਗੈਂਗਸਟਰ ਗੰਭੀਰ ਜ਼ਖ਼ਮੀ ਹੋ ਗਏ। ਗੈਂਗਸਟਰਾਂ ਦਾ ਪਿੱਛਾ ਕਰਦੇ ਹੋਏ ਗੈਂਗਸਟਰਾਂ ਨੇ ਪੁਲਸ ਟੀਮ ’ਤੇ ਗੋਲ?ਬਾਰੀ ਕਰ ਦਿੱਤੀ। ਪੁਲਸ ਨੇ ਵੀ ਆਪਣੇ ਬਚਾਅ ਵਿਚ ਉਨ੍ਹਾਂ ’ਤੇ ਫਾਇਰਿੰਗ ਕੀਤੀ, ਜਿਸ ਕਾਰਨ ਦੋਵੇਂ ਜ਼ਖ਼ਮੀ ਹੋ ਗਏ। ਪੁਲਸ ਨੇ ਜ਼ਖ਼ਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ। ਪੁਲਸ ਨੇ ਮੁਲਜ਼ਮਾਂ ਦੀ ਪਛਾਣ ਗਗਨਦੀਪ ਉਰਫ਼ ਗੱਗੂ ਅਤੇ ਮਨਦੀਪ ਕੁਮਾਰ ਵਜੋਂ ਕੀਤੀ ਹੈ। ਪੁਲਸ ਨੇ ਮੌਕੇ ਤੋਂ ਇਕ ਗੈਰ-ਕਾਨੂੰਨੀ ਪਿਸਤੌਲ, ਕਾਰਤੂਸ ਅਤੇ ਇਕ ਬਿਨਾਂ ਨੰਬਰ ਵਾਲੀ ਐਕਟਿਵਾ ਬਰਾਮਦ ਕੀਤੀ ਹੈ। ਏ. ਡੀ. ਸੀ. ਪੀ. ਅਮਨਦੀਪ ਸਿੰਘ ਬਰਾੜ ਨੇ ਦੱਸਿਆ ਕਿ ਆਰਤੀ ਚੌਂਕ ਨੇੜੇ ਇਕ ਸਪਾ ਸੈਂਟਰ ਦੇ ਮੈਨੇਜਰ ਤੋਂ ਚੇਨ ਖੋਹਣ ਦੀ ਘਟਨਾ ਵਾਪਰੀ ਸੀ, ਜਿਸ ਦੀ ਵੀਡੀਓ ਵੀ ਵਾਇਰਲ ਹੋਈ

ਸੀ। ਪੁਲਸ ਨੇ ਇਸ ਸਬੰਧੀ ਮਾਮਲਾ ਵੀ ਦਰਜ ਕੀਤਾ ਸੀ। ਏ. ਸੀ. ਪੀ. ਕ੍ਰਾਈਮ ਰਾਜੇਸ਼ ਸ਼ਰਮਾ ਅਤੇ ਸੀ. ਆਈ.ਏ. 1 ਇੰਸਪੈਕਟਰ ਰਾਜੇਸ਼ ਕੁਮਾਰ ਦੀ ਟੀਮ ਨੂੰ ਸੂਚਨਾ ਮਿਲੀ ਸੀ ਕਿ ਅਪਰਾਧ ਕਰਨ ਵਾਲੇ ਦੋਸ਼ੀ ਦੁੱਗਰੀ ਇਲਾਕੇ ਵਿੱਚ ਘੁੰਮ ਰਹੇ ਹਨ। ਸੂਚਨਾ ਦੇ ਆਧਾਰ ’ਤੇ ਕ੍ਰਾਈਮ ਬ੍ਰਾਂਚ ਦੀਆਂ ਟੀਮਾਂ ਮੁਲਜ਼ਮਾਂ ਦੀ ਭਾਲ ਕਰ ਰਹੀਆਂ ਸਨ ਅਤੇ ਇਸ ਦੌਰਾਨ ਦੋਵੇਂ ਮੁਲਜ਼ਮ ਐਕਟਿਵਾ ’ਤੇ ਜਾਂਦੇ ਵੇਖੇ ਗਏ। ਜਦੋਂ ਪੁਲਸ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਹ ਆਪਣੀ ਐਕਟਿਵਾ ’ਤੇ ਭੱਜ ਗਏ। ਫੁੱਲਾਂਵਾਲ ਚੌਂਕ ਨੇੜੇ ਉਪਰੋਕਤ ਮੁਲਜ਼ਮਾਂ ਨੇ ਪੁਲਸ ਪਾਰਟੀ ’ਤੇ ਦੋ ਗੋਲ?ੀਆਂ ਚਲਾਈਆਂ, ਜਦਕਿ ਬਚਾਅ ਵਿਚ ਪੁਲਸ ਪਾਰਟੀ ਨੇ ਤਿੰਨ ਗੋਲ?ੀਆਂ ਚਲਾਈਆਂ। ਜਿਸ ਕਾਰਨ ਦੋਵੇਂ ਦੋਸ਼ੀ ਜ਼ਖ਼ਮੀ ਹੋ ਗਏ। ਮੁਲਜ਼ਮਾਂ ਵਿਰੁੱਧ ਪਹਿਲਾਂ ਹੀ ਗੰਭੀਰ ਅਪਰਾਧ ਦੇ ਮਾਮਲੇ ਦਰਜ ਹਨ। ਪੁਲਸ ਵੱਲੋਂ ਮਾਮਲੇ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।

### ਸਰਕਾਰੀ ਹਸਪਤਾਲਾਂ ’ਚ ਨਾਰਮਲ ਸਲਾਈਨ ਗਲੂਕੋਸ ’ਤੇ ਪਾਬੰਦੀ

ਅੰਮ੍ਰਿਤਸਰ 25 ਅਪ੍ਰੈਲ। ਸਿਹਤ ਵਿਭਾਗ ਨੇ ਸਰਕਾਰੀ ਹਸਪਤਾਲਾਂ ਵਿਚ ਸਪਲਾਈ ਕੀਤੇ ਜਾਣ ਵਾਲੇ ਨਾਰਮਲ ਸਲਾਈਨ ਗਲੂਕੋਸ ’ਤੇ ਅਗਲੇ ਹੁਕਮਾਂ ਤੱਕ ਪਾਬੰਦੀ ਲਗਾ ਦਿੱਤੀ ਹੈ। ਜ਼ਿਲ੍ਹਾ ਅੰਮ੍ਰਿਤਸਰ ਵਿਚ ਸਰਕਾਰੀ ਹਸਪਤਾਲਾਂ ਵਿਚ ਤਕਰੀਬਨ 40 ਹਜ਼ਾਰ ਤੋਂ ਵੱਧ ਨਾਰਮਲ ਸਲਾਈਨ ਗਲੂਕੋਸ ਨੂੰ ਸੀਲ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਹਸਪਤਾਲ ਅਤੇ ਪੰਜਾਬ ਦੇ ਹੋਰਨਾਂ ਜ਼ਿਲ੍ਹਿਆਂ ਵਿਚ ਗਲੂਕੋਸ ਦੇ ਰਿਐਕਸ਼ਨ ਦੇ ਮਾਮਲੇ ਸਾਹਮਣੇ ਆਏ ਸਨ। ਜਾਣਕਾਰੀ ਅਨੁਸਾਰ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਚੜ੍ਹਾਏ ਜਾਣ ਵਾਲੇ ਗੁਲੂਕੋਸ ਦੀ ਡਰੱਗ ਹਾਊਸ ਵੇਰਕਾ ਵਿਖੇ ਸਰਕਾਰੀ ਪੱਧਰ ’ਤੇ ਸਪਲਾਈ ਕੀਤੀ ਗਈ ਸੀ। ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਬੀਤੇ ਦਿਨ ਗਲੂਕੋਸ ਰਿਐਕਸ਼ਨ ਕਰਨ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਹਸਪਤਾਲ ਵਿਚ ਪਏ ਸਟਾਕ ਨੂੰ ਸੀਲ ਕਰ ਦਿੱਤਾ ਗਿਆ ਸੀ ਅਤੇ ਉੱਚ ਪੱਧਰੀ ਟੀਮਾਂ ਵੱਲੋਂ ਇਸ ਮਾਮਲੇ ਦੀ ਜਾਂਚ ਕਰਦਿਆਂ ਸੈਂਪਲ ਵੀ ਲਏ ਗਏ ਸਨ। ਸਿਵਲ ਸਰਜਨ ਡਾਕਟਰ ਕਿਰਨਦੀਪ ਕੌਰ ਨੇ ਕਿਹਾ ਕਿ ਜ਼ਿਲੇ ਦੇ ਸਰਕਾਰੀ ਹਸਪਤਾਲਾਂ ਵਿਚ ਤਕਰੀਬਨ 40 ਹਜ਼ਾਰ ਦੇ ਕਰੀਬ ਨਾਰਮਲ ਸਲਾਈਨ ਦੇ ਗਲੂਕੋਸ ਦੀ ਬੋਤਲ ਨੂੰ ਫਿਲਹਾਲ ਸੀਲ ਕੀਤਾ ਗਿਆ ਹੈ।

## ਕਤਲ ਮਾਮਲੇ ’ਚ .ਫਰਾਰ ਤਿੰਨੇ ਮੁਲਜ਼ਮ ਨੇਪਾਲ ਸਰਹੱਦ ਤੋਂ ਗ੍ਰਿ.ਫਤਾਰ

ਜ਼ੀਰਕਪੁਰ 25 ਅਪ੍ਰੈਲ। ਬਾਦਲ ਕਾਲੋਨੀ ਦੀ 23 ਸਾਲਾ ਕੁੜੀ ਨੂੰ ਅਗਵਾ ਕਰ ਕੇ ਕਤਲ ਕਰਨ ਦੇ ਮਾਮਲੇ ’ਚ ਫ਼ਰਾਰ ਤਿੰਨੇ ਮੁਲਜ਼ਮਾਂ ਨੂੰ ਪੁਲਸ ਨੇ ਨੂੰ ਬਿਹਾਰ-ਨੇਪਾਲ ਸਰਹੱਦ ਤੋਂ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮਾਂ ਦੀ ਪਛਾਣ ਸੁਲਤਾਨ ਮੁਹੰਮਦ ਵਾਸੀ ਬਨੂੰੜ, ਰਾਜ ਕੁਮਾਰ ਵਾਸੀ ਬਨੂੰੜ ਤੇ ਅਮਨਦੀਪ ਵਾਸੀ ਬਨੂੰੜ ਵਜੋਂ ਹੋਈ ਹੈ। ਇਸ ਤੋਂ ਪਹਿਲਾਂ ਰੋਹਿਤ ਕੁਮਾਰ ਨੂੰ ਕਾਬੂ ਕਰ ਲਿਆ ਗਿਆ ਸੀ। ਦੂਜੇ ਪਾਸੇ ਪਰਿਵਾਰ ਨੇ ਮਿਤਾਲੀ ਦਾ ਅੰਤਿਮ ਸਸਕਾਰ ਸ਼ਨੀਵਾਰ ਨੂੰ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਸ਼ਮਸ਼ਾਨਘਾਟ ਤੱਕ ਗੁਲਾਬ ਦੇ ਫੁੱਲ ਫੜ ਗ਼ਮਗੀਨ ਮਾਹੌਲ ’ਚ ਰੋਸ ਮਾਰਚ ਕੱਢਿਆ। ਮਿਤਾਲੀ ਦੀ ਡੇਰਾਬੱਸੀ ਹਸਪਤਾਲ ਦੀ ਮੋਰਚਰੀ ਤੋਂ ਲਾਸ਼ ਆਉਂਦੇ ਹੀ ਚੀਕ-ਪੁਕਾਰ ਮੱਚ ਗਈ। ਸਸਕਾਰ ਮੌਕੇ ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੀ ਮਿਤਾਲੀ ਨੂੰ ਸ਼ਰਧਾਂਜਲੀ ਦੇਣ ਪਹੁੰਚੇ। ਉਨ੍ਹਾਂ ਕਿਹਾ ਕਿ ਮਾਮਲੇ ’ਚ ਜੋ ਵੀ ਦੋਸ਼ੀ ਪਾਇਆ ਗਿਆ, ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਭਾਵੇ ਇਸ ’ਚ ਕੋਈ ਪੁਲਸ ਦੀ ਕੋਤਾਹੀ ਹੀ ਹੋਵੇ। ਉਨ੍ਹਾਂ ਦਾ ਨਿੱਜੀ ਤੌਰ ’ਤੇ ਮੰਨਣਾ ਹੈ ਕਿ ਕਾਤਲਾਂ ਨੂੰ ਸਜ਼ਾ-ਏ-ਮੌਤ ਹੋਣੀ ਚਾਹੀਦੀ ਹੈ। ਬੇਟੀ ਦੀ ਸ਼ਹਾਦਤ ਨੂੰ ਜਾਇਆ ਨਹੀਂ ਜਾਣ ਦਿੱਤਾ ਜਾਵੇਗਾ ਤੇ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦੇ ਕੇ ਮਿਸਾਲ ਕਾਇਮ ਕੀਤੀ ਜਾਵੇਗੀ। ਦੂਜੇ ਪਾਸੇ ਮਿਤਾਲੀ ਦੇ ਪਰਿਵਾਰਕ ਮੈਂਬਰਾਂ ਨੇ ਮੁਲਜ਼ਮਾਂ ਲਈ ਫਾਂਸੀ ਦੀ ਮੰਗ ਕੀਤੀ। ਪਰਿਵਾਰ ਮੁਤਾਬਕ ਬੇਰਹਿਮ ਅਪਰਾਧੀਆਂ ਨੇ ਉਨ੍ਹਾਂ ਦੀ ਧੀ ਦੀ ਜ਼ਿੰਦਗੀ ਨੂੰ ਖ਼ਤਮ ਕਰ ਦਿੱਤਾ।

### ਜ਼ਮੀਨ ਦੀਆਂ ਜਾਅਲੀ ਰਜਿਸਟਰੀਆਂ ਕਰਵਾਉਣ ਦੇ ਮਾਮਲੇ ’ਚ 15 ਲੋਕਾਂ ਖ਼ਿਲਾ.ਫ ਧੋਖਾਧੜੀ ਦਾ ਕੇਸ ਦਰਜ

ਫਗਵਾੜਾ 25 ਅਪ੍ਰੈਲ। ਥਾਣਾ ਰਾਵਲਪਿੰਡੀ ਪੁਲਸ ਨੇ ਪਿੰਡ ਹਰਬੰਸਪੁਰ ਵਿੱਚ ਰਹਿਣ ਵਾਲੇ ਲੋਕਾਂ ਦੀ ਸ਼ਿਕਾਇਤ ’ਤੇ ਫਰਜ਼ੀ ਦਸਤਾਵੇਜ਼ ਲਗਾ ਕੇ ਜ਼ਮੀਨ ਦੀਆਂ ਜਾਅਲੀ ਰਜਿਸਟਰੀਆਂ ਕਰਵਾਉਣ ਦੇ ਮਾਮਲੇ ਵਿੱਚ ਕਰੀਬ 15 ਲੋਕਾਂ ਖਿਲਾਫ ਧੋਖਾਧੜੀ ਕਰਨ ਦੇ ਦੋਸ਼ ਹੇਠ ਪੁਲਸ ਕੇਸ ਦਰਜ ਕਰਨ ਦੀ ਸੂਚਨਾ ਮਿਲੀ ਹੈ। ਜਾਣਕਾਰੀ ਮੁਤਾਬਕ ਪੁਲਸ ਨੇ ਹਰਜਿੰਦਰ ਸਿੰਘ, ਮੇਵਾ ਸਿੰਘ, ਗੁਰਮੀਤ ਸਿੰਘ, ਲੈਂਬਰ ਸਿੰਘ ਉਰਫ਼ ਉਜਾਗਰ, ਕੁਲਦੀਪ ਸਿੰਘ ਉਰਫ਼ ਲਾਲ ਸਿੰਘ, ਤਰਸੇਮ ਸਿੰਘ, ਮਹਿੰਦਰ ਕੌਰ ਉਰਫ਼ ਜੱਲੋ, ਮਨਜੀਤ ਕੌਰ ਉਰਫ਼ ਰਾਣੀ, ਵਿਜੇ ਸਿੰਘ, ਮਨਜੀਤ ਸਿੰਘ ਉਰਫ਼ ਕਰਤਾਰ ਸਿੰਘ, ਗੁਰਪ੍ਰੀਤ ਸਿੰਘ, ਲਖਬੀਰ ਸਿੰਘ ਉਰਫ਼ ਲੱਖਾ ਲੱਭੂ, ਗੁਰਦੇਵ ਕੌਰ ਉਰਫ਼ ਦੇਬੋ ਮੋਹਨੀ, ਮਨਦੀਪ ਸਿੰਘ ਡੀਸੀ ਪੁੱਤਰ ਨਛੱਤਰ ਸਿੰਘ ਅਤੇ ਮਨਦੀਪ ਸਿੰਘ ਖਿਲਾਫ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਖ਼ਬਰ ਲਿਖੇ ਜਾਣ ਤੱਕ ਸਾਰੇ ਮੁਲਜ਼ਮ ਪੁਲਸ ਗ੍ਰਿਫ਼ਤਾਰੀ ਤੋਂ ਬਾਹਰ ਚੱਲ ਰਹੇ ਸਨ।

## ਥਾਣਾ ਦਾਖਾ ਪੁਲਸ ਵੱਲੋਂ ਨਸ਼ੀਲੀਆਂ ਗੋਲੀਆਂ ਸਮੇਤ ਨਸ਼ਾ ਤਸਕਰ ਕਾਬੂ

ਮੁੱਲਾਂਪੁਰ ਦਾਖਾ 25 ਅਪ੍ਰੈਲ। ਥਾਣਾ ਦਾਖਾ ਦੀ ਪੁਲਸ ਨੇ ਇਕ ਨਸ਼ਾ ਤਸਕਰ ਨੂੰ ਕਾਬੂ ਕਰਕੇ ਉਹਨਾਂ ਕੋਲੋਂ 72 ਨਸ਼ੀਲੀਆਂ ਖੁੱਲ੍ਹੀਆਂ ਗੋਲ?ੀਆਂ ਬਰਾਮਦ ਕੀਤੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ ਵਰਿੰਦਰ ਸਿੰਘ ਖੋਸਾ ਨੇ ਦੱਸਿਆ ਕਿ ਥਾਣਾ ਮੁਖੀ ਇੰਸਪੈਕਟਰ ਅੰਮ੍ਰਿਤਪਾਲ

ਸਿੰਘ ਦੀ ਅਗਵਾਈ ਵਿਚ ਏ. ਐੱਸ. ਆਈ. ਇੰਦਰਜੀਤ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਕਰ ਰਹੇ ਸੀ ਤਾਂ ਬੱਦੋਵਾਲ ਲਿੰਕ ਰੋਡ ’ਤੇ ਇਕ ਵਿਅਕਤੀ ਨੂੰ ਸ਼ਕੀ ਹਾਲਤ ਵਿੱਚ ਘੁੰਮਦਿਆਂ ਵੇਖਿਆ ਗਿਆ। ਉਨ੍ਹਾਂ ਨੇ ਸ਼ੱਕ ਦੇ ਆਧਾਰ ’ਤੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 72 ਨਸ਼ੀਲੀਆਂ ਗੋਲ?ੀਆਂ ਬਰਾਮਦ ਹੋਈਆਂ। ਉਸ ਦੀ ਪਛਾਣ ਸਾਹੂ ਦੀਨ ਪੁੱਤਰ ਮੱਖਣ ਦੀਨ ਵਾਸੀ ਪਿੰਡ ਬੱਦੋਵਾਲ ਥਾਣਾ ਦਾਖਾ ਵਜੋਂ ਹੋਈ ਹੈ। ਨਸ਼ਾ ਤਸਕਰ ਨੂੰ ਗ੍ਰਿ.ਫਤਾਰ ਕਰਕੇ ਉਸ ਵਿਰੁੱਧ ਨਸ਼ਾ ਵਿਰੋਧੀ ਐਕਟ 22/61/85 ਅਧੀਨ ਕੇਸ ਦਰਜ ਕਰਕੇ ਹੋਰ ਪੁੱਛ ਗਿੱਛ ਜਾਰੀ ਹੈ।

## ਮੋਬਾਈਲ ਵਿੰਗ ਦੀ ਟੈਕਸ ਮਾਫੀਆ ’ਤੇ ਤਿੱਖੀ ਨਜ਼ਰ, 7.86 ਲੱਖ ਵਸੂਲਿਆ ਜੁਰਮਾਨਾ

ਅੰਮ੍ਰਿਤਸਰ 25 ਅਪ੍ਰੈਲ। ਜੀ. ਐੱਸ. ਟੀ. ਵਿਭਾਗ ਦੇ ਮੋਬਾਈਲ ਵਿੰਗ (ਐੱਮ. ਵੀ.) ਨੇ ਟੈਕਸ ਚੋਰੀ ਖਿਲਾਫ ਸਖ਼ਤ ਕਾਰਵਾਈ ਕਰਦੇ ਹੋਏ ਬੀਤੇ ਦਿਨ ਇਕ ਅਜਿਹਾ ਵਾਹਨ ਫੜਿਆ ਜੋ ਬੈਟਰੀ ਲੈੱਡ ਮੈਟਲ ਨਾਲ ਲੱਦਿਆ ਹੋਇਆ ਸੀ। ਜਦੋਂ ਮੋਬਾਈਲ ਟੀਮ ਨੂੰ ਵਾਹਨ ’ਤੇ ਸ਼ੱਕ ਹੋਇਆ ਤਾਂ ਉਨ੍ਹਾਂ ਨੇ ਉਸ ਟਰੱਕ ਨੂੰ ਰੋਕ ਲਿਆ, ਜਿਵੇਂ ਹੀ ਉਸ ਨੇ ਵਾਹਨ ਚਾਲਕ ਨੂੰ ਪੁੱਛਿਆ ਕਿ ਇਸ ਟਰੱਕ ਵਿਚ ਕੀ ਲੱਦਿਆ ਹੋਇਆ ਹੈ? ਫਿਰ ਟਰੱਕ ਚਾਲਕ ਨੇ ਤੁਰੰਤ ਕਿਹਾ, ਸਰ, ਇਹ ਟਰੱਕ ਖਾਲੀ ਹੈ ਅਤੇ ਇਸ ਵਿਚ ਕੁਝ ਵੀ ਨਹੀਂ ਹੈ, ਜੇਕਰ ਤੁਸੀਂ ਚਾਹੋ ਤਾਂ ਇਸ ਨੂੰ ਚੈੱਕ ਕਰ ਸਕਦੇ ਹੋ। ਡਰਾਈਵਰ ਦਾ ਚਿਹਰਾ ਦੇਖ ਕੇ ਮੋਬਾਈਲ ਵਿੰਗ ਟੀਮ ਦੇ ਇੰਚਾਰਜ ਪੰਡਿਤ ਰਮਨ ਨੂੰ ਸ਼ੱਕ ਹੋਇਆ ਕਿ ਉਹ ਕੁਝ ਲੁਕਾ ਰਿਹਾ ਹੈ, ਜਦੋਂ ਐੱਮ. ਵੀ. ਅਫਸਰ ਨੇ ਜਦੋਂ ਜਵਾਨਾਂ ਨੂੰ ਟਰੱਕ ਦੇ ਪਿਛਲੇ ਹਿੱਸੇ ਦੀ ਜਾਂਚ ਕਰਨ ਲਈ ਕਿਹਾ ਤਾਂ ਹਰ ਕੋਈ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਇਸ ਵਿਚ ਲੈੱਡ ਦੀਆਂ ਸਿੱਲਿਆਂ ਲੱਦੀਆਂ ਹੋਈਆਂ ਸਨ। ਚੋਰੀ ਫੜੀ ਦੇਖ ਕੇ ਵਾਹਨ ਚਾਲਕ ਦੇ ਰੰਗ ਉੱਡਦੇ ਗਏ। ਇਸ ਦੌਰਾਨ ਪੈਂਤਰਾ ਬਦਲਦੇ ਹੋਏ ਵਾਹਨ ਚਾਲਕ ਨੇ ਦੱਸਿਆ ਕਿ ਲੱਦੇ ਹੋਏ ਮਾਲ ਦੀ ‘ਈ-ਵੇਅ ਬਿਲਿੰਗ’ ਹੋ ਚੁੱਕੀ ਸੀ ਪਰ ਮੋਬਾਇਲ ਟੀਮ ਦੀ ਮੁਸਤੈਦੀ ਨੇ ਪੂਰੀ ਦੀ ਪੂਰੀ ਪੋਲ ਖੋਲ੍ਹ ਦਿੱਤੀ ਅਤੇ ਫੜੇ ਹੋਏ ਸਾਮਾਨ ’ਤੇ ਜੁਰਮਾਨਾ ਵਸੂਲ ਕੀਤਾ ਗਿਆ। ਜਾਣਕਾਰੀ ਅਨੁਸਾਰ ਅੰਮ੍ਰਿਤਸਰ ਰੇਂਜ ਦੇ ਮੋਬਾਈਲ ਵਿੰਗ ਦੇ ਸਹਾਇਕ ਕਮਿਸ਼ਨਰ (ਏ. ਈ. ਟੀ. ਸੀ.) ਮਹੇਸ਼ ਗੁਪਤਾ ਨੂੰ ਸੂਚਨਾ ਮਿਲੀ ਸੀ ਕਿ ਪੰਜਾਬ ਤੋਂ ਬੈਟਰੀ ਲੈੱਡ ਮੈਟਲ ਲੈ ਕੇ ਜਾਣ ਵਾਲਾ ਇਕ ਟਰੱਕ ਬੱਦੀ ਇੰਡਸਟਰੀਅਲ ਏਰੀਆ, ਹਿਮਾਚਲ ਜਾ ਰਿਹਾ ਹੈ। ਜਾਣਕਾਰੀ ’ਤੇ ਕਾਰਵਾਈ ਕਰਦੇ ਹੋਏ ਏ. ਈ. ਟੀ. ਸੀ. ਅੰਮ੍ਰਿਤਸਰ ਦੇ

ਤੇਜ਼ ਤਰਾਰ ਈ. ਟੀ. ਓ. ਪੰਡਿਤ ਰਮਨ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਇੱਕ ਟੀਮ ਬਣਾਈ ਗਈ ਅਤੇ ਕਾਰਵਾਈ ਲਈ ਭੇਜੀ ਗਈ। ਯੋਜਨਾ ਅਨੁਸਾਰ ਜਦੋਂ ਐੱਮ. ਵੀ ਟੀਮਾਂ ਨਿਰਧਾਰਤ ਸਥਾਨ ’ਤੇ ਪਹੁੰਚੀਆਂ ਤਾਂ ਟਰੱਕ ਨੂੰ ਫਗਵਾੜਾ-ਚੰਡੀਗੜ੍ਹ ਰੋਡ ’ਤੇ ਸ਼ੱਕੀ ਹਾਲਤ ਵਿੱਚ ਘੇਰਿਆ ਗਿਆ। ਦਰਅਸਲ ਇਹ ਸਾਮਾਨ ਟਰੱਕ ਦੇ ਪਿਛਲੇ ਹਿੱਸੇ ਵਿੱਚ ਲੱਦਿਆ ਹੋਇਆ ਸੀ, ਕਿਉਂਕਿ ਇਹ ਸਮੱਗਰੀ ਕੀਮਤੀ ਅਤੇ ਬਹੁਤ ਭਾਰੀ ਹੁੰਦੀ ਹੈ, ਇਸ ਲਈ ਟਰੱਕ ਦੇ ਪਿਛਲੇ ਡਾਲੇ ਦੇ ਹੇਠਲੇ ਹਿੱਸੇ ਵਿਚ ਹੀ ਲੁਕਾਇਆ ਜਾਂਦਾ ਹੈ। ਵਾਹਨ ਚਾਲਕ ਵੱਲੋਂ ਵਿਭਾਗ ਨੂੰ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਮਾਲ ਦੀ ਈ-ਵੇ ਬਿਲਿੰਗ ਤਾਂ ਪਹਿਲਾਂ ਹੀ ਕਰ ਦਿੱਤੀ ਗਈ ਹੈ, ਤਾਂ ਚੈਕਿੰਗ ਕੀਤੀ ਗਈ ਤਾਂ ਜਾਰੀ ਕੀਤਾ ਗਿਆ ਉਕਤ ਬਿੱਲ ਵੀ ਫਰਜ਼ੀ ਨਿਕਲਿਆ। ਐੱਮ. ਵੀ. ਟੀਮਾਂ ਵਲੋਂ ਮੁਲਾਂਕਣ ਤੋਂ ਬਾਅਦ ਸਖ਼ਤ ਕਾਰਵਾਈ ਕਰਦੇ ਹੋਏ ਕਾਨੂੰਨ ਅਨੁਸਾਰ 7.86 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਗਿਆ। ਪੰਡਿਤ ਰਮਨ ਨੇ ਟਰੱਕ ਦੇ ਟਾਇਰਾਂ ਨੂੰ ਦੇਖ ਕੇ ਅੰਦਾਜ਼ਾ ਲਗਾ ਲਿਆ ਸੀ, ਜਦੋਂ ਐੱਮ. ਵੀ. ਟੀਮ ਨੇ ਟਰੱਕ ਦਾ ਪਿੱਛਾ ਕੀਤਾ ਤਾ ਰੋਕਣ ’ਤੇ ਅਫਸਰ ਪੰਡਿਤ ਰਮਨ ਟਰੱਕ ਡਰਾਈਵਰ ਦੇ ਚਿਹਰੇ ਤੋਂ ਕੁਝ ਅੰਦਾਜ਼ਾ ਲਗਾਉਣ ਲੱਗ ਪਿਆ। ਇਸ ਦੇ ਨਾਲ , ਜਿਵੇਂ ਹੀ ਉਸ ਨੇ ਟਰੱਕ ਦੇ ਪਹੀਏ ਵੇਖੇ, ਉਸ ਨੂੰ ਸ਼ੱਕ ਹੋ ਗਿਆ, ਕਿਉਂਕਿ ਇਕ ਪਾਸੇ ਟਰੱਕ ਪਿਛਲੇ ਪਾਸੇ ਤੋਂ ਖਾਲੀ ਦਿਖਾਈ ਦੇ ਰਿਹਾ ਸੀ ਪਰ ਟਰੱਕ ਦੇ ਦੱਬੇ ਹੋਏ ਪਹੀਏ ਦੱਸ ਰਹੇ ਸਨ ਕਿ ਇਹ ਭਾਰੀ ਸਾਮਾਨ ਨਾਲ ਲੱਦਿਆ ਹੋਇਆ ਸੀ। ਦੂਜੇ ਪਾਸੇ ਖਾਲੀ ਦੱਸੇ ਗਏ ਟਰੱਕ ਦੇ ਅੱਧੇ ਤੋਂ ਅੱਧ ਪਿਛਲੇ ਟਾਇਰ ਦੱਬੇ ਨਜ਼ਰ ਆ ਰਹੇ ਸਨ। ਅਗਲੇ ਅਤੇ ਪਿਛਲੇ ਟਾਇਰਾਂ ਦੇ ਦਬਾਅ ਨੂੰ ਦੇਖ ਕੇ ਪੋਲ ਖੁੱਲ੍ਹ ਗਈ ਅਤੇ ਮਾਲ ਜ਼ਬਤ ਕੀਤਾ ਗਿਆ, ਜਿਸ ਨੂੰ ਬਾਅਦ ਜੁਰਮਾਨਾ ਲਗਾਇਆ ਗਿਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਮੁੱਖ ਮੰਤਰੀ ਨਾਲ ਕੀਤੀ ਮੁਲਾਕਾਤ

**Contd.........Front page**

ਨਗਰ ਨਿਗਮ ਨੂੰ ਡੇਅਰੀਆਂ ਤੋਂ ਗੋਹਾ ਸਹੀ ਢੰਗ ਨਾਲ ਚੁਕਾਉਣਾ ਚਾਹੀਦਾ ਹੈ ਅਤੇ ਡੇਅਰੀ ਮਾਲਕਾਂ ਨੂੰ ਸਹਿਯੋਗ ਕਰਨਾ ਚਾਹੀਦਾ ਹੈ। ਬੁਨਿਆਦੀ ਢਾਂਚੇ ਦੇ ਰਹਿੰਦੇ ਕੰਮਾਂ ਦੀ ਸਮੀਖਿਆ ਕਰਦਿਆਂ ਉਨ੍ਹਾਂ ਕਿਹਾ, "ਹੇਬੋਵਾਲ ਵਿਖੇ ਸੀ.ਬੀ.ਜੀ. ਪਲਾਂਟ ਨੂੰ ਜਲਦੀ ਚਾਲੂ ਕੀਤਾ ਜਾਣਾ ਚਾਹੀਦਾ ਹੈ। ਤਾਜਪੁਰ ਵਿਖੇ ਪ੍ਰਸਤਾਵਿਤ ਸੀ.ਬੀ.ਜੀ. ਪਲਾਂਟ ਲਈ 2.5 ਏਕੜ ਜ਼ਮੀਨ ਅਲਾਟ ਕਰਨ ਦੇ ਪ੍ਰਸਤਾਵ ਨੂੰ ਨਗਰ ਨਿਗਮ, ਪੀ.ਐਸ.ਆਈ.ਈ.ਸੀ. ਅਤੇ ਪੇਡਾ ਦੁਆਰਾ ਇੱਕ ਹਫ਼ਤੇ ਦੇ ਅੰਦਰ ਜਲਦੀ ਤੋਂ ਜਲਦੀ ਅੰਤਿਮ ਰੂਪ ਦਿੱਤਾ ਜਾਣਾ ਚਾਹੀਦਾ ਹੈ। ਉਦਯੋਗਿਕ ਗੰਦੇ ਪਾਣੀ ਨੂੰ ਸਹੀ ਢੰਗ ਨਾਲ ਟਰੀਟ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਸਬੰਧ ਵਿੱਚ ਪ੍ਰਦੂਸ਼ਣ ਬੋਰਡ ਦੁਆਰਾ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਸੂਬੇ ਭਰ ਵਿੱਚ ਡਰੇਨਾਂ ਵਿੱਚ ਪ੍ਰਦੂਸ਼ਿਤ ਪਾਣੀ ਦਾਖ਼ਲ ਹੋਣ ਵਾਲੀ ਲਾਪਰਵਾਹੀ ਦੇ ਮਾਮਲੇ ਵਿੱਚ ਜਵਾਬਦੇਹੀ ਤੈਅ ਕੀਤੀ ਜਾਵੇਗੀ। ਪਾਣੀ ਦੇ ਵਹਾਅ ਅਤੇ ਪ੍ਰਦੂਸ਼ਣ ਕੰਟਰੋਲ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਚਿੱਟੀ ਵੇਈਂ ਵਿੱਚ 200 ਕਿਊਸਿਕ ਪਾਣੀ ਛੱਡਣ ਲਈ ਸਿੰਬਲੀ ਵਿਖੇ ਰੈਗੂਲੇਟਰ ਚਾਲੂ ਕੀਤਾ ਜਾਣਾ ਚਾਹੀਦਾ ਹੈ। ਜਲੰਧਰ ਰਾਸ਼ਟਰੀ ਰਾਜਮਾਰਗ 44 'ਤੇ ਬਣੀਆਂ ਪੁਲੀਆਂ ਵਿੱਚ ਤੁਰੰਤ ਤਕਨੀਕੀ ਸੁਧਾਰ ਕੀਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਕਾਲਾ ਸੰਘਿਆਂ ਡਰੇਨ ਵਿੱਚ ਪ੍ਰਦੂਸ਼ਣ ਘਟਾਉਣ ਲਈ ਬਿਸਤ ਦੁਆਬ ਨਹਿਰ ਤੋਂ 100 ਕਿਊਸਿਕ ਪਾਣੀ ਛੱਡਿਆ ਜਾਣਾ ਚਾਹੀਦਾ ਹੈ।"ਉਨ੍ਹਾਂ ਅੱਗੇ ਕਿਹਾ, "ਸਟੋਨ ਲਾਈਨਿੰਗ ਦਾ ਕੰਮ ਪੂਰਾ ਹੋ ਗਿਆ ਹੈ। ਮੁੱਖ ਮੰਤਰੀ ਨੇ ਹਦਾਇਤ ਦਿੱਤੀ, ਡੇਅਰੀ ਰਹਿੰਦ-ਖੂੰਹਦ ਨੂੰ ਨਾਲੀਆਂ ਵਿੱਚ ਸੁੱਟਣ ਦੀ ਸਖ਼ਤੀ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਪਾਬੰਦੀ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਲੋੜ ਹੈ। ਧੁੱਸੀ ਬੰਨ੍ਹ ਸੜਕ ਪ੍ਰਾਜੈਕਟ (ਸਤਲੁਜ ਦਰਿਆ) ਦਾ ਮਾਮਲਾ ਕੇਂਦਰੀ ਪੇਂਡੂ ਵਿਕਾਸ ਮੰਤਰੀ ਕੋਲ ਉਠਾਇਆ ਜਾਵੇਗਾ। 117.75 ਕਰੋੜ ਰੁਪਏ ਦੀ ਲਾਗਤ ਨਾਲ ਉਲੀਕਿਆ ਗਿਆ ਇਹ ਪ੍ਰਾਜੈਕਟ ਨਾਬਾਰਡ ਦੇ ਸਹਿਯੋਗ ਨਾਲ ਪੂਰਾ ਕੀਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਐਕਸ ਉੱਤੇ ਕਿਹਾ, "ਅੱਜ ਲੁਧਿਆਣਾ ਦੇ ਬੁੱਢੇ ਨਾਲੇ, ਕਾਲਾ ਸੰਘਿਆਂ ਡਰੇਨ ਅਤੇ ਸਤਲੁਜ ਦੇ ਧੁੱਸੀ ਬੰਨ੍ਹ ਦੀ ਸਫ਼ਾਈ ਸਬੰਧੀ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਹਾਜ਼ਰੀ ਵਿੱਚ ਜਲੰਧਰ ਅਤੇ ਲੁਧਿਆਣਾ ਦੇ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਪੋਸਟ ਵਿੱਚ ਕਿਹਾ ਗਿਆ ਕਿ ਅਧਿਕਾਰੀਆਂ ਨੂੰ ਸਤਲੁਜ ਅਤੇ ਹੋਰ ਮੌਸਮੀ ਨਦੀਆਂ ਦੇ ਕਮਜ਼ੋਰ ਬੰਨ੍ਹਾਂ ਨੂੰ ਮਜ਼ਬੂਤ ??ਕਰਨ ਅਤੇ ਬੁੱਢੇ ਨਾਲੇ ਲਈ ਐਸ.ਟੀ.ਪੀ. ਪ੍ਰਾਜੈਕਟਾਂ ਨੂੰ ਤੁਰੰਤ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ। ਆਉਣ ਵਾਲੇ ਦਿਨਾਂ ਵਿੱਚ ਮਹੱਤਵਪੂਰਨ ਸੁਧਾਰ ਦਿਖਾਈ ਦੇਣਗੇ। ਲੋਕਾਂ ਦੀ ਸਰਕਾਰ ਲੋਕਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।

## ਮਾਲਦੀਵ ਘੁੰਮਣ ਜਾਣ ਵਾਲੇ ਹੋ ਜਾਣ ਸਾਵਧਾਨ ! ਛੋਟੀ ਜਿਹੀ ਗ਼ਲਤੀ 'ਤੇ ਹੋ ਸਕਦੀ ਹੈ ਜੇਲ੍ਹ

ਨਵੀਂ ਦਿੱਲੀ 25 ਅਪ੍ਰੈਲ। ਨਾਰਕੋਟਿਕਸ ਕੰਟਰੋਲ ਬਿਊਰੋ ਨੇ ਮਾਲਦੀਵ ਦੀ ਯਾਤਰਾ 'ਤੇ ਜਾਣ ਵਾਲੇ ਭਾਰਤੀਆਂ ਨੂੰ ਵੀਰਵਾਰ ਨੂੰ ਉਸ ਦੇਸ਼ ਦੇ ਡਰੱਗ ਪਦਾਰਥਾਂ ਨਾਲ ਸਬੰਧਿਤ ਕਾਨੂੰਨਾਂ ਵਿੱਚ ਨਵੇਂ ਬਦਲਾਅ ਨੂੰ ਲੈ ਕੇ ਚੇਤਾਵਨੀ ਦਿੱਤੀ, ਜਿਸ ਵਿੱਚ ਮੌਤ ਦੀ ਸਜ਼ਾ ਦੇ ਉਪਬੰਧ ਸ਼ਾਮਲ ਹਨ। ਇਸ ਸਬੰਧ ਵਿਚ ਐਨਸੀਬੀ ਨੇ ਕਿਹਾ ਕਿ ਨਵੇਂ ਕਾਨੂੰਨਾਂ ਦੇ ਮੱਦੇਨਜ਼ਰ, ਮਾਲਦੀਵ ਦੀ ਯਾਤਰਾ ਕਰਨ ਵਾਲੇ ਭਾਰਤੀਆਂ ਨੂੰ ਆਪਣੇ ਨਾਲ ਰੱਖਣ ਵਾਲੇ ਸਮਾਨ ਬਾਰੇ ਬਹੁਤ ਸਾਵਧਾਨੀ ਵਰਤਣੀ ਚਾਹੀਦੀ ਹੈ। ਸੰਘੀ ਏਜੰਸੀ ਨੇ ਇੱਕ ਸਲਾਹਕਾਰੀ ਵਿੱਚ ਕਿਹਾ, ÷ਕਿਰਪਾ ਕਰਕੇ ਧਿਆਨ ਦਿਓ ਕਿ ਕਾਨੂੰਨ ਦੀ ਅਗਿਆਨਤਾ ਕੋਈ ਬਚਾਅ ਨਹੀਂ ਹੈ ਅਤੇ ਕਿਸੇ ਵੀ ਕਾਨੂੰਨੀ ਉਲੰਘਣਾ ਦੇ ਨਤੀਜੇ ਵਜੋਂ ਸਖ਼ਤ ਸਜ਼ਾਵਾਂ ਹੋ ਸਕਦੀਆਂ ਹਨ।÷ ਇਹ ਸਲਾਹ ਮਾਲਦੀਵ ਵੱਲੋਂ ਹਾਲ ਹੀ ਵਿੱਚ ਆਪਣੇ ਨਸ਼ੀਲੇ ਪਦਾਰਥਾਂ ਵਿਰੋਧੀ ਕਾਨੂੰਨਾਂ ਨੂੰ ਸਖ਼ਤ ਕਰਨ ਤੋਂ ਬਾਅਦ ਆਈ ਹੈ। ਮਾਲਦੀਵ ਨਾਰਕੋਟਿਕਸ ਐਕਟ ਵਿੱਚ ਸੋਧਾਂ ਮਾਰਚ 2026 ਤੋਂ ਲਾਗੂ ਹਨ। ਐਨਸੀਬੀ ਨੇ ਕਿਹਾ ਕਿ ਸੋਧਾਂ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਅਪਰਾਧਾਂ ਲਈ ਸਖ਼ਤ ਸਜ਼ਾਵਾਂ ਦੀ ਵਿਵਸਥਾ ਕਰਦੀਆਂ ਹਨ, ਜਿਸ ਵਿੱਚ ਵੱਡੇ ਪੱਧਰ 'ਤੇ ਤਸਕਰੀ ਨਾਲ ਜੁੜੇ ਕੁਝ ਮਾਮਲਿਆਂ ਵਿੱਚ ਉਮਰ ਕੈਦ ਅਤੇ ਮੌਤ ਦੀ ਸਜ਼ਾ ਸ਼ਾਮਲ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸੋਧਿਆ ਕਾਨੂੰਨ ਘੱਟ ਮਾਤਰਾ ਵਿੱਚ ਪਾਬੰਦੀਸ਼ੁਦਾ ਪਦਾਰਥ ਰੱਖਣ 'ਤੇ ਵੀ ਸਖ਼ਤ ਸਜ਼ਾ ਦੀ ਵਿਵਸਥਾ ਕਰਦਾ ਹੈ। ਐਨਸੀਬੀ ਨੇ ਕਿਹਾ ਕਿ ਮਾਲਦੀਵ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਇੱਕ ਸਲਾਹਕਾਰੀ ਵੀ ਜਾਰੀ ਕੀਤੀ ਹੈ ਜਿਸ ਵਿੱਚ ਭਾਰਤੀ ਨਾਗਰਿਕਾਂ ਨੂੰ ਸਥਾਨਕ ਕਾਨੂੰਨਾਂ ਅਤੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਅਪੀਲ ਕੀਤੀ ਗਈ ਹੈ।

## ਖੰਨਾ ਦੀ ਸਬਜ਼ੀ ਮੰਡੀ ਨੇੜੇ ਲੱਗੀ ਭਿਆਨਕ ਅੱਗ

ਖੰਨਾ 25 ਅਪ੍ਰੈਲ। ਖੰਨਾ ਦੀ ਸਬਜ਼ੀ ਮੰਡੀ ਦੇ ਪਿੱਛੇ ਬਣੇ ਕੂੜੇ ਦੇ ਡੰਪ ਨੂੰ ਦੇਰ ਰਾਤ ਅਚਾਨਕ ਭਿਆਨਕ ਅੱਗ ਲੱਗ ਗਈ, ਜਿਸ ਕਾਰਨ ਮੌਕੇ 'ਤੇ ਹੜਕੰਪ ਮਚ ਗਿਆ। ਅੱਗ ਨੇ ਦੇਖਦੇ ਹੀ ਦੇਖਦੇ ਭਿਆਨਕ ਰੂਪ ਧਾਰ ਲਿਆ ਅਤੇ ਨੇੜੇ ਪਏ ਆੜ੍ਹਤੀਆਂ ਦੇ ਕ੍ਰੇਟ ਵੀ ਇਸ ਦੀ ਲਪੇਟ ਵਿਚ ਆ ਗਏ। ਜਾਣਕਾਰੀ ਮੁਤਾਬਕ ਅੱਗ ਵਿਚ 300 ਤੋਂ ਵੱਧ ਕ੍ਰੇਟ ਸੜ ਕੇ ਸੁਆਹ ਹੋ ਗਏ। ਇਲਾਕਾ ਰਿਹਾਇਸ਼ੀ ਹੋਣ ਕਰਕੇ ਲੋਕਾਂ ਵਿਚ ਹਫੜਾ-ਦਫੜੀ ਦਾ ਮਾਹੌਲ ਬਣ ਗਿਆ ਅਤੇ ਲੋਕ ਘਰਾਂ ਤੋਂ ਬਾਹਰ ਨਿਕਲ ਆਏ। ਅੱਗ ਦੀਆਂ ਲਪਟਾਂ ਅਤੇ ਧੂੰਏਂ ਨੇ ਆਲੇ-ਦੁਆਲੇ ਦੇ ਇਲਾਕੇ ਨੂੰ ਪ੍ਰਭਾਵਿਤ ਕੀਤਾ। ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਕਾਫੀ ਜੱਦੋਜਹਦ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ। ਫਿਲਹਾਲ ਕਿਸੇ ਜਾਨੀ ਨੁਕਸਾਨ ਦੀ ਖਬਰ ਨਹੀਂ ਹੈ

## ਨਕਾਬਪੋਸ਼ ਨੌਜਵਾਨਾਂ ਨੇ ਪਿਸਤੌਲ ਦੀ ਨੋਕ 'ਤੇ ਮੋਟਰਸਾਈਕਲ ਸਵਾਰ ਨੂੰ ਲੁੱਟਿਆ

ਅਬੋਹਰ 25 ਅਪ੍ਰੈਲ। ਸਥਾਨਕ ਸੁਭਾਸ਼ ਨਗਰ 'ਚ ਇਕ ਵਿਅਕਤੀ ਆਪਣੇ ਪੁੱਤਰ ਨਾਲ ਮੋਟਰਸਾਈਕਲ 'ਤੇ ਆਪਣੇ ਭਰਾ ਦੇ ਹੋਟਲ 'ਚ ਕੱਪੜੇ ਪਹੁੰਚਾਉਣ ਜਾ ਰਿਹਾ ਸੀ ਤਾਂ ਰਸਤੇ 'ਚ ਤਿੰਨ ਨਕਾਬਪੋਸ਼ ਨੌਜਵਾਨਾਂ ਨੇ ਉਸ ਨੂੰ ਘੇਰ ਕੇ ਕਾਪਿਆਂ ਨਾਲ ਹਮਲਾ ਕਰ ਕੇ ਜ਼ਖ਼ਮੀ ਕਰ ਦਿੱਤਾ ਅਤੇ ਉਸ ਦਾ ਫ਼ੋਨ ਖ਼ੋਹ ਲਿਆ। ਨੇੜਲੇ ਨਿਵਾਸੀਆਂ ਦੀ ਮਦਦ ਨਾਲ ਜ਼ਖ਼ਮੀ ਨੂੰ ਸਰਕਾਰੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ ਅਤੇ ਸਿਟੀ ਪੁਲਸ ਸਟੇਸ਼ਨ ਨੰਬਰ-2 ਦੀ ਪੁਲਸ ਨੂੰ ਘਟਨਾ ਦੀ ਜਾਣਕਾਰੀ ਦੇ ਦਿੱਤੀ ਗਈ ਹੈ। ਇਲਾਜ ਅਧੀਨ ਅਜੀਮਗੜ੍ਹ ਵਾਸੀ ਮੇਨਪਾਲ ਪੁੱਤਰ ਮਾਹਰ ਨੇ ਦੱਸਿਆ ਕਿ ਉਸ ਦਾ ਭਰਾ ਸ਼ਹਿਰ ਦੇ ਇਕ ਹੋਟਲ 'ਚ ਕੰਮ ਕਰਦਾ ਹੈ। ਬੀਤੀ ਰਾਤ ਕਰੀਬ 7.30 ਵਜੇ ਉਹ ਅਤੇ ਉਸ ਦਾ ਪੁੱਤਰ ਸੁਭਾਸ਼ ਨਗਰ 'ਚੋਂ ਮੋਟਰਸਾਈਕਲ 'ਤੇ ਜਾ ਰਹੇ ਸਨ। ਜਦੋਂ ਉਹ ਇਕ ਕੱਚੀ ਸੜਕ ਦੇ ਨੇੜੇ ਪਹੁੰਚੇ ਤਾਂ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਨੇ ਆਪਣਾ ਮੋਟਰਸਾਈਕਲ ਉਸ ਦੇ ਅੱਗੇ ਲਾ ਲਿਆ, ਜਿਨ੍ਹਾਂ ਕੋਲ ਪਿਸਤੌਲ ਤੇ ਕਾਪੇ ਸਨ। ਉਨ੍ਹਾਂ ਨੇ ਉਸ ਨੂੰ ਲੁੱਟਣ ਦੇ ਮਕਸਦ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਜਦੋਂ ਉਨ੍ਹਾਂ ਨੂੰ ਉਸ ਕੋਲੋਂ ਕੋਈ ਪੈਸਾ ਨਹੀਂ ਮਿਲਿਆ ਤਾਂ ਉਨ੍ਹਾਂ ਨੇ ਉਸ ਦਾ ਮੋਬਾਇਲ ਲਿਆ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਉਕਤ ਨੌਜਵਾਨਾਂ ਨੇ ਉਸ ਦੇ ਸਿਰ ਅਤੇ ਲੱਤਾਂ 'ਤੇ ਕਾਪਿਆਂ ਨਾਲ ਹਮਲਾ ਕਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਜਦੋਂ ਉਸ ਨੇ ਰੌਲਾ ਪਾਇਆ ਤਾਂ ਨੇੜਲੇ ਲੋਕ ਇਕੱਠੇ ਹੋ ਗਏ ਅਤੇ ਹਮਲਾਵਰ ਉਥੋਂ ਫ਼ਰਾਰ ਹੋ ਗਏ। ਹਸਪਤਾਲ ਦੇ ਡਾਕਟਰਾਂ ਅਨੁਸਾਰ ਮੇਨਪਾਲ ਨੂੰ 12 ਟਾਂਕੇ ਲਾਏ ਗਏ ਹਨ। ਥਾਣਾ ਇੰਚਾਰਜ ਦਵਿੰਦਰ ਸਿੰਘ ਨੇ ਦੱਸਿਆ ਕਿ ਉਹ ਖ਼ੁਦ ਪੁਲਸ ਟੀਮ ਦੇ ਨਾਲ ਮੌਕੇ 'ਤੇ ਗਏ ਅਤੇ ਜ਼ਖ਼ਮੀ ਦੇ ਬਿਆਨ ਦਰਜ ਕੀਤੇ, ਜਿਸ ਦੇ ਆਧਾਰ 'ਤੇ ਅਣਪਛਾਤੇ ਨੌਜਵਾਨਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਜਾ ਰਿਹਾ ਹੈ।


**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



**PUBLIC NOTICE**

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

**PUBLIC NOTICE**

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.



**NAME CHANGE**

I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**ਪੂਰਵੋਤੱਰ ਰੇਲਵੇ**

**ਇ-ਨਿਵਿਦਾ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਵਰਿਸ਼ਠ ਮੰਡਲ ਵੈਦੁਤ ਇੰਜੀਨੀਅਰ /ਟੀਆਰਐਸ/ਗੋਰਖਪੁਰ, ਵੈਦੁਤ ਲੋਕੋ ਸ਼ੈਡ ਗੋਰਖਪੁਰ/ ਪੂਰਵੋਤੱਰ ਰੇਲਵੇ, ਦਵਾਰਾ ਹੇਠ ਲਿਖੇ ਕਾਰਜ ਲਈ ਖੁਲੀ ਈ-ਨਿਵਿਦਾਵਾਂ ਆਮੰਤਰਿਤ ਕੀਤੀ ਜਾਂਦੀ ਹੈ।

**ਨਿਵਿਦਾ ਸੂਚਨਾ ਸੰ.: ELS-GKP-TAPCHANGER-2026R,** **ਕਾਰਜ ਦਾ ਨਾਮ :** "ਕਨਵੇਂਸ਼ਨਲ ਲੋਕੋਮੋਟਿਵ ਦੇ ਟੈਪ ਚੇਂਜਰ N-32 ਲਈ ਪੂਰਾ ਰਿਹੈਬਿਲੀਟੇਸ਼ਨ/ਰੇਨਯੂਅਲ"

**ਅਨੁਮਾਨਿਤ ਲਾਗਤ :** ਰੁ.69,79,838.79, **ਅਗ੍ਰਿਮ ਧਨ:** ਰੁ.1,39,600/-, **ਨਿਵਿਦਾ ਪ੍ਰਪਤਰ ਦਾ ਮੁੱਲ :** ਰੁ 0.00/, **ਨਿਵਿਦਾ ਦੀ ਅਵਧਿ:** 12 ਮਹਿਨਾ। • ਆਫਰ ਅਪਲੋਡ ਕਰਨ ਦੀ ਆਖਰੀ ਮਿਤੀ ਅਤੇ ਸਮਾਂ 19.05.2026, 12:00 ਵਜੇ ਤਕ, ਈ-ਨਿਵਿਦਾ 19.05.2026 ਨੂੰ 12:00 ਵਜੇ ਦੇ ਬਾਦ ਖੋਲੀ ਜਾਵੇਗੀ। • ਇਸ ਈ-ਨਿਵਿਦਾ ਤੋਂ ਸੰਬੰਧਿਤ ਵਧੇਰੇ ਜਾਣਕਾਰੀ, ਨਿਊਨਤਮ ਅਹਰਤਾਏਂ ਅਤੇ ਨਿਯਮ ਅਤੇ ਸ਼ਰਤਾਂ ਰੇਲਵੇ ਦੀ ਵੇਬਸਾਈਟ www.ireps.gov.in ਤੇ ਉਪਲਬਧ ਹੈ। • ਨਿਵਿਦਾਕਾਰ ਈ-ਨਿਵਿਦਾ ਪ੍ਰਪਤਰ ਨੂੰ ਅਪਲੋਡ ਕਰਨ ਤੋਂ ਪਹਿਲਾਂ ਇਸ ਈ-ਨਿਵਿਦਾ ਤੋਂ ਸੰਬੰਧਿਤ ਸ਼ੁੱਧੀ ਪੱਤਰ (ਅਗਰ ਕੋਈ ਹੋਵੇ) ਨੂੰ ਵੇਬਸਾਈਟ ਤੇ ਸੰਗਿਆਨ 'ਚ ਲੈਣਾ ਸੁਨਿਸ਼ਚਿਤ ਕਰੋ।

ਸੰਵਿਇੰਜੀo/ਟੀਆਰਐਸ
ਮੁਜਾਧਿ/ਵੈਦੁਤ -24 ਗੋਰਖਪੁਰ

**ਟ੍ਰੇਨਾਂ 'ਚ ਬੀੜੀ/ਸਿਗਰੇਟ ਨਾ ਪੀਵੋ**

ਕੌਮੀ ਪੱਤ੍ਰਿਕਾ

# ਭਾਜਪਾ ਦੀ ਰਾਜਨੀਤੀ ਦਾ ਆਧਾਰ ਵੋਟ ਬੈਂਕ ਨਹੀਂ, ਸਗੋਂ ਜਨ-ਜਨ ਦਾ ਸਨਮਾਨ ਤੇ ਵਿਕਾਸ ਹੈ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਾਜਪਾ ਦੀ ਰਾਜਨੀਤੀ ਦਾ ਆਧਾਰ ਵੋਟ ਨਹੀਂ, ਸਗੋਂ ਹਰ ਨਾਗਰਿਕ ਦਾ ਸਨਮਾਨ ਅਤੇ ਉਸ ਦਾ ਵਿਕਾਸ ਹੈ। ਸਰਕਾਰ ਤੁਸ਼ਟੀਕਰਣ ਦੀ ਨਹੀਂ, ਸਗੋਂ ਸਸ਼ਕਤੀਕਰਣ ਦੀ ਦਿਸ਼ਾ ਵਿੱਚ ਕੰਮ ਕਰਦੀ ਹੈ। ਇਹ ਸਰਕਾਰ ਵੋਟ ਬੈਂਕ ਨਹੀਂ ਬਣਾਉਂਦੀ ਸਗੋਂ ਵਿਕਾਸ ਬੈਂਕ ਬਣਾਉਂਦੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਜਨਤਾ ਬਦਲਾਅ ਲਈ ਤਿਆਰ ਰਹੇ ਅਤੇ ਪੰਜਾਬ ਨੂੰ ਖੁਸ਼ਹਾਲ ਬਨਾਉਣ ਦੀ ਦਿਸ਼ਾ ਵਿੱਚ ਕੰਮ ਕਰਨ। ਭਾਜਪਾ ਦੀ ਸਰਕਾਰ ਬਨਣ 'ਤੇ ਪੰਜਾਬ ਵਿੱਚ ਨਸ਼ੇ ਦਾ ਧੰਧਾ ਕਰਨ ਵਾਲੇ ਪੰਜਾਬ ਛੱਡ ਕੇ ਭੱਜ ਜਾਣਗੇ।

ਮੁੱਖ ਮੰਤਰੀ ਨੇ ਇਹ ਗੱਲ ਮੰਗਲਵਾਰ ਨੂੰ ਸੰਤ ਕਬੀਰ ਕੁਟੀਰ ਚੰਡੀਗੜ੍ਹ ਵਿੱਚ ਆਏ ਰਾਏ ਸਿੱਖ ਸਮਾਜ ਦੇ ਵਫਦ ਨੂੰ ਸੰਬੋਧਿਤ ਕਰਦੇ ਹੋਏ ਕਹੀ। ਜਦੋਂ ਅਸੀਂ ਪੰਜਾਬ ਦੇ ਹਾਲਾਤ ਦੀ ਤੁਲਨਾ ਕਰਦੇ ਹਨ, ਤਾਂ ਹਰਿਆਣਾ ਵਿੱਚ ਸੁਸ਼ਾਸ਼ਨ ਦਾ ਮਾਡਲ ਸੇਵਾ ਦਾ ਵਧੀਆ ਉਦਾਹਰਣ

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਿਰਫ ਲੁਭਾਵਨੇ ਵਾਅਦੇ ਕੀਤੇ, ਉੱਥੇ ਹੀ ਮੌਜੂਦਾ ਹਰਿਆਣਾ ਸਰਕਾਰ ਨੇ ਜਮੀਨੀ ਪੱਧਰ 'ਤੇ ਰਾਖਵਾਂ ਦੇ ਅੰਦਰ ਰਾਖਵਾਂ ਲਾਗੂ ਕਰ ਇਹ ਯਕੀਨੀ ਕੀਤਾ ਹੈ ਕਿ ਰਾਏ ਸਿੱਖ ਨੌਜੁਆਨਾਂ ਨੂੰ ਸਰਕਾਰੀ ਸਿਸਟਮ ਅਤੇ ਪ੍ਰਸਾਸ਼ਨ ਵਿੱਚ ਉਨ੍ਹਾਂ ਦੀ ਆਬਾਦੀ ਦੇ ਅਨੁਸਾਰ ਸਹੀ ਪ੍ਰਤੀਨਿਧੀਤਵ ਮਿਲੇ। ਜਦੋਂ ਅਸੀਂ ਪੰਜਾਬ ਦੀ ਸਥਿਤੀ ਨਾਲ ਤੁਲਨਾ ਕਰਦੇ ਹਨ, ਤਾਂ ਹਰਿਆਣਾ ਵਿੱਚ ਸੁਸ਼ਾਸ਼ਨ ਦਾ ਮਾਡਲ ਸੇਵਾ ਦਾ ਵਧੀਆ ਉਦਾਹਰਣ ਹੈ। ਪੰਜਾਬ ਵਿੱਚ ਵੀ ਰਾਏ ਸਿੱਖ ਸਮਾਜ ਦੀ ਵੱਡੀ ਆਬਾਦੀ ਹੈ, ਪਰ ਉੱਥੇ ਅੱਜ ਵੀ ਨੀਤੀਆਂ ਸਿਰਫ ਐਲਾਨਾ ਤੱਕ ਸੀਮਤ ਹਨ।

**ਰਾਏ ਸਿੱਖ ਸਮਾਜ ਸਾਂਝੀ ਵਿਰਾਸਤ, ਤਿਆਗ ਤੇ ਬਲਿਦਾਨਾਂ ਦਾ ਹੈ ਉਦਾਹਰਣ**

ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਦੀ ਅੰਤੋਂਦੇਯ ਦੀ ਰਾਜਨੀਤੀ ਹੈ। ਸੰਤ ਕਬੀਰ ਕੁਟੀਰ ਨਾਮ ਹੀ ਸਮਾਨਤਾ ਅਤੇ ਭਾਈਚਾਰੇ ਦਾ ਪ੍ਰਤੀਕ ਹੈ। ਸਰਕਾਰ ਹਰ ਉਸ ਵਿਅਕਤੀ ਦੇ ਨਾਲ ਖੜੀ ਹੈ ਜੋ ਰਾਸ਼ਟਰ ਨਿਰਮਾਣ ਵਿੱਚ ਆਪਣਾ ਪਸੀਨਾ ਬਹਾ ਰਿਹਾ ਹੈ। ਰਾਏ ਸਿੱਖ ਸਮਾਜ ਸਿਰਫ ਗੁਆਂਢੀ ਸੂਬੇ ਤੋਂ ਆਏ ਮਹਿਮਾਨ ਨਹੀਂ ਹਨ, ਸਗੋਂ ਉਸ ਸਾਂਝੀ ਵਿਰਾਸਤ, ਤਿਆਗ ਤੇ ਬਲਿਦਾਨਾਂ ਦੇ ਉਦਾਹਰਣ ਹਨ, ਜਿਸ ਨੇ ਸਦੀਆਂ ਤੋਂ ਇਸ ਦੇਸ਼ ਦੇ ਬੋਡਰਾਂ ਅਤੇ ਇਸ ਦੇ ਸਭਿਆਚਾਰ ਦੀ ਰੱਖਿਆ ਕੀਤੀ ਹੈ। ਸਮਾਜ ਦਾ ਇਤਿਹਾਸ ਹਿੰਮਤ, ਬਲਿਦਾਨ ਅਤੇ ਲਗਨ ਦੀ ਅਮਰ ਕਹਾਣੀ ਹੈ।

ਕਿਸੇ ਸਮਾਜ ਦੀ ਪਹਿਚਾਣ ਉਸ ਦੇ ਅਤੀਤ ਨਾਲ ਨਹੀਂ, ਸਗੋਂ ਮੌਜੂਦਾ, ਸਮਰੱਥ ਅਤੇ ਮਿਹਨਤ ਨਾਲ ਹੁੰਦੀ ਹੈ ਤੈਅ

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਅੱਜ ਭਾਰਤ ਬਦਲ ਰਿਹਾ ਹੈ। ਨਵੇਂ ਭਾਰਤ ਵਿੱਚ ਹੁਣ ਕਿਸੇ ਸਮਾਜ ਦੀ ਪਹਿਚਾਣ ਕਰ ਕੇ ਅਤੀਤ ਤੋਂ ਨਹੀਂ, ਸਗੋਂ ਉਸ ਦੇ ਮੌਜੂਦਾ, ਉਸ ਦੇ ਸਮਰੱਥ ਅਤੇ ਉਸ ਦੀ ਮਿਹਨਤ ਨਾਲ ਤੈਅ ਹੁੰਦੀ ਹੈ। ਅੱਜ ਮੌਕਾ, ਮੰਚ ਅਤੇ ਅੱਗੇ ਵੱਧਣ ਦਾ ਅਧਿਕਾਰ ਵੀ ਸੱਭਦਾ ਹੈ।

ਇਹ ਅਜਿਹਾ ਸਮਾਜ ਜਿਸ ਨੇ ਕਦੀ ਝੁਕਣਾ ਨਹੀਂ ਸਿੱਖਿਆ, ਸਗੋਂ ਹਮੇਸ਼ਾ ਸੇਵਾ ਅਤੇ ਰਾਸ਼ਟਰ ਲਈ ਡੱਟਨਾ ਸਿਖਿਆ

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਰਾਏ ਸਿੱਖ ਅਜਿਹਾ ਸਮਾਜ ਹੈ ਜਿਸ ਨੇ ਕਦੀ ਝੁਕਣਾ ਨਹੀਂ ਸਿੱਖਿਆ, ਸਗੋਂ ਹਮੇਸ਼ਾ ਸਚਾਈ ਅਤੇ ਰਾਸ਼ਟਰ ਦੇ ਲਈ ਡੱਟਣਾ ਸਿੱਖਿਆ ਹੈ। ਇਸ ਸਮਾਜ ਨੇ ਖੇਤਾਂ ਵਿੱਚ ਪਸੀਨਾ ਬਹਾ ਕੇ, ਸਿਖਿਆ, ਸੇਵਾ ਅਤੇ ਵਪਾਰ ਦੇ ਖੇਤਰ ਵਿੱਚ ਮਿਹਨਤ ਨੂੰ ਆਪਣਾ ਧਰਮ ਬਣਾ ਕੇ ਰਾਸ਼ਟਰ ਨਿਰਮਾਣ ਵਿੱਚ ਆਪਣਾ ਯੋਗਦਾਨ ਦਿੱਤਾ ਹੈ ਅਤੇ ਗੁਰੂਆਂ ਦੀ ਬਾਣੀ ਨੂੰ ਸਾਤਵਿਕ ਚਰਿਤਾਰਥ ਕੀਤਾ ਹੈ।

ਲੋਕਤੰਤਰ ਦੀ ਸਾਰਥਕਤਾ ਤਾਂਹੀ, ਜਦੋਂ ਵਿਕਾਸ ਦਾ ਲਾਭ ਸਮਾਜ ਦੀ ਅੰਮਤ ਲਾਇਨ ਵਿੱਚ ਬੈਠੇ ਵਿਅਕਤੀ ਤੱਕ ਪਹੁੰਚੇ

ਉਨ੍ਹਾਂ ਨੇ ਕਿਹਾ ਕਿ ਲੋਕਤੰਤਰ ਦੀ ਸਾਰਥਕਤਾ ਤਾਂਹੀ ਹੈ, ਜਦੋਂ ਵਿਕਾਸ ਦਾ ਲਾਭ ਸਮਾਜ ਦੀ ਅੰਤਮ ਵਿਅਕਤੀ ਵਿੱਚ ਬੈਠੇ ਵਿਅਕਤੀ ਤੱਕ ਪਹੁੰਚੇ। ਇਸੀ ਉਦੇਸ਼ ਦੇ ਨਾਲ ਹਰਿਆਣਾ ਵਿੱਚ ਰਾਏ ਸਿੱਖ ਕੰਮਿਉਨਿਟੀ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਪੀੜਾਂ ਨੂੰ ਸਮਝਿਆ ਅਤੇ ਵਾਂਝੇ ਅਨੁਸੂਚਿਤ ਜਾਤੀ ਦੀ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ। ਇਹ ਸਿਰਫ ਕਾਗਜ਼ਾਂ 'ਤੇ ਕੀਤਾ ਗਿਆ ਬਦਲਾਅ ਨਹੀਂ ਹੈ, ਸਗੋਂ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਦਾ ਸੰਕਲਪ ਹੈ। ਸਰਕਾਰ ਦਾ ਸਪਸ਼ਟ ਸੰਕਲਪ ਹੈ, ਕੋਈ ਵੀ ਸਮਾਜ, ਕੋਈ ਵੀ ਵਰਗ, ਵਿਕਾਸ ਦੀ ਦੌੜ ਵਿੱਚ ਪਿੱਛੇ ਨਾ ਰਹੇ।

ਸਰਕਾਰ ਰਾਏ ਸਿੱਖ ਸਮਾਜ ਦੀ ਸਭਿਆਚਾਰਕ ਵਿਰਾਸਤ ਅਤੇ ਸਿੱਖ ਪੰਥ ਦੇ ਮਹਾਨ ਆਦਰਸ਼ਾਂ ਦੇ ਸਰੰਖਣ ਲਈ ਪ੍ਰਤੀਬੱਧ

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਰਾਏ ਸਿੱਖ ਸਮਾਜ ਦੀ ਸਭਿਆਚਾਰਕ ਵਿਰਾਸਤ ਅਤੇ ਸਿੱਖ ਪੰਥ ਦੇ ਮਹਾਨ ਆਦਰਸ਼ਾਂ ਦੇ ਸਰੰਖਣ ਲਈ ਪ੍ਰਤੀਬੱਧ ਹੈ। ਸਰਕਾਰ ਨੇ ਸਿੱਖ ਗੁਰੂਆਂ ਦੇ ਪ੍ਰਕਾਸ਼ ਉਤਸਵਾਂ ਨੂੰ ਸਰਕਾਰੀ ਪੱਧਰ 'ਤੇ ਮਨਾ ਕੇ ਇਹ ਸਾਬਤ ਕੀਤਾ ਹੈ ਕਿ ਸਾਡੇ ਲਈ ਧਰਮ ਅਤੇ ਸਭਿਆਚਾਰ ਦਾ ਸਨਮਾਨ ਸੱਭ ਤੋਂ ਉੱਪਰ ਹੈ।

ਅਸੀਂ ਸਿਰਫ ਸੱਤਾ ਚਲਾਉਣ ਲਈ ਨਹੀਂ, ਸਗੋਂ ਸਮਾਜ ਦੇ ਹਰ ਵਾਂਝੇ ਵਰਗ ਦੇ ਹੰਝੂ ਪੂਝਣ ਅਤੇ ਅਨੇਕ ਬੱਖਿਅ ਦਾ ਭਵਿੱਖ ਸਵਾਰਣ ਦਾ ਕੰਮ ਕਰ ਰਹੇ ਹਨ। ਸਾਰੇ ਮਿਲ ਕੇ ਸਮਾਜਿਕ ਸਮਰਸਤਾ ਅਤੇ ਵਿਕਾਸ ਦਾ ਇਹ ਢਾਂਚਾ ਤਿਆਰ ਕਰਣਗੇ, ਜਿਸ ਵਿੱਚ ਰਾਏ ਸਿੱਖ ਸਮਾਜ ਦੀ ਭਾਗੀਤਾਰੀ ਯਕੀਨੀ ਹੋਵੇਗੀ।

ਇਸ ਮੌਕੇ 'ਤੇ ਮੁੱਖ ਮੰਤਰੀ ਦੇ ਓਐਸਡੀ ਸ੍ਰੀ ਭਾਰਤ ਭੂਸ਼ਣ ਭਾਰਤੀ, ਰਾਜਨੀਤਿਕ ਸਲਾਹਕਾਰ ਸ੍ਰੀ ਤਰੁਣ ਭੰਡਾਰੀ ਸਮੇਤ ਰਾਏ ਸਿੱਖ ਸਮਾਜ ਦੇ ਵਫਦ ਦੇ ਮੈਂਬਰ ਮੌਜੂਦ ਰਹੇ।

# ਮਹਿਲਾਵਾਂ ਦੇ ਸਨਮਾਨ ਦੀ ਰੱਖਿਆ ਨੈਤਿਕਤਾ ਦੇ ਨਾਲ-ਨਾਲ ਕਾਨੂੰਨੀ ਜਿਮੇਵਾਰੀ ਵੀ : ਹਰਵਿੰਦਰ ਕਲਿਆਣ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਧਾਨਸਭਾ ਸਕੱਤਰੇਤ ਵਿੱਚ ਅੱਜ ਕਾਰਜ ਸਥਾਨ 'ਤੇ ਮਹਿਲਾਵਾਂ ਦੇ ਯੌਨ ਉਤਪੀੜਨ ਵਿਸ਼ਾ 'ਤੇ ਜਾਗਰੁਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਹਰਿਆਣਾ ਵਿਧਾਨਸਭਾ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਅਤੇ ਡਿਪਟੀ ਸਪੀਕਰ ਡਾ. ਕ੍ਰਿਸ਼ਣ ਲਾਲ ਮਿੱਢਾ ਦੀ ਮੌਜੂਦਗੀ ਹੇਠ ਆਯੋਜਿਤ ਇਸ ਪ੍ਰੋਗਰਾਮ ਵਿੱਚ ਪੰਜਾਬ ਯੂਨੀਵਰਸਿਟੀ ਦੇ ਲਾਅ ਵਿਭਾਗ ਦੀ ਚੇਅਰਮੈਨ ਡਾ. ਵੰਦਨਾ ਅਰੋੜਾ ਨੇ ਵਿਸ਼ਾ ਮਾਹਰ ਵਜੋ ਲੈਕਚਰ ਦਿੱਤਾ।

ਪ੍ਰੋਗਰਾਮ ਨੂੰ ਸੰਬੋਧਿਤ ਕਰਦੇ ਹੋਏ ਵਿਧਾਨਸਭਾ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਨੇ ਕਿਹਾ ਕਿ ਕਾਰਜ ਸਥਾਨ 'ਤੇ ਮਹਿਲਾਵਾਂ ਦੇ ਸਨਮਾਨ ਦੀ ਰੱਖਿਆ ਦਾ ਵਿਸ਼ਾ ਸਮਾਜਿਕਤਾ, ਨੈਤਿਕਤਾ ਦੇ ਨਾਲ-ਨਾਲ ਕਾਨੂੰਨੀ ਜਿਮੇਵਾਰੀ ਨਾਲ ਵੀ ਜੁੜਿਆ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਵਿਧਾਨਸਭਾ ਸੂਬਾ ਪੱਧਰ ਤੱਕ ਕਾਨੂੰਨ ਨਿਰਮਾਣ ਦੀ ਸਰਵੋਚ ਸੰਸਥਾ ਹੈ। ਇੱਥੇ ਦੇ ਸਾਰੇ ਕਰਮਚਾਰੀ ਸਿੱਧੇ - ਅਸਿੱਧੇ ਰੂਪ ਨਾਲ ਕਾਨੂੰਨ ਨਿਰਮਾਣ ਪ੍ਰਕ੍ਰਿਆ ਦਾ ਹਿੱਸਾ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਆਪਣੇ ਕਾਰਜਸਥਾਨ ਨਾਲ ਜੁੜੇ ਕਾਨੂੰਨਾਂ ਦੇ ਬਾਰੇ ਵਿੱਚ ਗਹਿਨ ਜਾਣਕਾਰੀ ਹੋਣੀ ਜਰੂਰੀ ਹੈ।

ਉਨ੍ਹਾਂ ਨੇ ਕਿਹਾ ਕਿ ਜਾਗਰੁਕਤਾ ਨਾਲ ਬਿਹਤਰ ਕਾਨੂੰਨ ਦਾ ਨਿਰਮਾਣ ਹੁੰਦਾ ਹੈ ਤਾਂ ਸਿਖਲਾਈ ਨਾਲ ਸਾਡੀ ਕਾਰਜ ਸਮਰੱਥਾ ਵੱਧਦੀ ਹੈ। ਸਭਿਅ ਨਾਗਰਿਕ ਪਰਿਵਾਰ, ਸਮਾਜ ਅਤੇ ਆਪਣੇ ਕਾਰਜਸਥਾਨ 'ਤੇ ਆਦਰਸ਼ ਭੂਕਿਮਾ ਨੂੰ ਨਿਭਾਉਂਦਾ ਹੈ। ਮਹਿਲਾ ਦੀ ਸੁਰੱਖਿਆ ਅਤੇ ਸਨਮਾਨ ਦਾ ਵਿਸ਼ਾ ਆਉਂਦਾ ਹੈ ਤਾਂ ਸਾਨੂੰ ਇਸ ਦ੍ਰਿਸ਼ਟੀਕੋਣ ਨੂੰ ਸੀਚਨਾ ਹੋਵੇਗਾ ਕਿ ਜਦੋਂ ਸਾਡੀ ਬੇਟੀਆਂ ਕੰਮ ਲਈ ਬਾਹਰ ਜਾਂਦੀਆਂ ਹਨ ਤਾਂ ਅਸੀਂ ਕਿੱਦਾਂ ਦਾ ਮਾਹੌਲ ਚਾਹੁੰਦੇ ਹਨ।

ਉਨ੍ਹਾਂ ਨੇ ਕਿਹਾ ਕਿ ਸਾਨੂੰ ਇਹ ਵੀ ਤੈਅ ਕਰਨਾ ਹੋਵੇਗਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਸੰਕਲਪਿਤ ਵਿਕਸਿਤ ਭਾਰਤ 2047 ਵਿੱਚ ਅਸੀਂ ਮਾਤਰਸ਼ਕਤੀ ਨੂੰ ਕਿੱਦਾਂ ਦਾ ਮਾਹੌਲ ਦੇਣਾ ਚਾਹੁੰਦੇ ਹਨ। ਸਾਨੂੰ ਆਪਣੇ ਸਭਿਆਚਾਰ ਨਾਲ ਜੁੜ ਕੇ ਸੰਸਕਾਰਵਾਨ ਨਾਗਰਿਕ ਸਮਾਜ ਤਿਆਰ ਕਰਨਾ ਹੋਵੇਗਾ।

ਡਿਪਟੀ ਸਪੀਕਰ ਡਾ. ਕ੍ਰਿਸ਼ਣ ਲਾਲ ਮਿੱਢਾ ਨੇ ਅਨੇਕ ਰੀਤੀ ਰਿਵਾਜ਼ਾਂ ਅਤੇ ਰਿਵਾਇਤਾਂ ਦਾ ਉਦਾਹਰਣ ਦਿੰਦੇ ਹੋਏ ਭਾਰਤੀ ਸਮਾਜ ਵਿੱਚ ਮਾਤਰਸ਼ਕਤੀ ਦੇ ਮਹਤੱਵ ਨੂੰ ਰੇਖਾਂਕਿਤ ਕੀਤਾ। ਡਾ. ਮਿੱਢਾਂ ਨੇ ਕਿਹਾ ਕਿ ਜਿਸ ਘਰ ਵਿੱਚ ਨਾਰੀ ਸ਼ਕਤੀ ਮੁਸਕਰਾਉਂਦੀ ਹੈ, ਲੱਛਮੀ ਉੱਥੇ ਸਵੈ ਚੱਲ ਕੇ ਆਉਂਦੀ ਹੈ। ਉਨ੍ਹਾਂ ਨੇ ਕਿਹਾ ਕਿ ਕੁੜੀਆਂ ਆਪਣੇ ਪਿਤਾ ਅਤੇ ਪਤੀ ਦੋਨੋਂ ਪਰਿਵਾਰਾਂ ਦੀ ਖੁਸ਼ਹਾਲੀ ਚਾਹੁੰਦੀਆਂ ਹਨ। ਇਹੀ ਕਾਰਨ ਹੈ ਕਿ ਪਿਤਾ ਦੇ ਘਰ ਤੋਂ ਵਿਦਾਈ ਦੇ ਸਮੇਂ ਸਿਰ ਦੇ ਉੱਪਰ ਤੋਂ ਚਾਵਲ ਸੁੱਟ ਕੇ ਇਹ ਪਿਤਾ ਦੇ ਘਰ ਵਿੱਚ ਸੁੱਖ-ਖੁਸ਼ਹਾਲੀ ਬਰਕਰਾਰ ਰੱਖਣ ਦੀ ਉਮੀਦ ਕਰਦੀ ਹੈ। ਇਸੀ ਤਰ੍ਹਾ ਪਤੀ ਦੇ ਘਰ ਵਿੱਚ ਪ੍ਰਵੇਸ਼ ਸਮੇਂ ਉਹ ਪੈਰ ਨਾਲ ਕਲਸ਼ ਲੁੜਕਾ ਕੇ ਦੇਹਰੀ ਅੰਦਰ ਚਾਵਲ ਭੇਜਦੀ ਹੈ। ਇਹ ਚਾਵਲ ਪਤੀ ਦੇ ਘਰ ਖੁਸ਼ਹਾਲੀ ਦੇ ਪ੍ਰਤੀਕ ਹਨ। ਉਨ੍ਹਾਂ ਨੇ ਕਿਹਾ ਕਿ ਪਿਛਲੇ ਕੁੱਝ ਸਾਲਾਂ ਵਿੱਚ ਬੇਟੀ ਬਚਾਓ ਬੇਟੀ ਪੜਾਓ ਵਰਗੇ ਪ੍ਰੋਗਰਾਮ ਦੀ ਬਦੌਲਤ ਸਮਾਜ ਵਿੱਚ ਸਕਾਰਾਤਮਕ ਬਦਲਾਅ ਦੀ ਬਯਾਰ ਚੱਲੀ ਹੈ। ਅੱਜ ਕੁੜੀਆਂ ਦੇ ਜਨਮ 'ਤੇ ਵੀ ਖੂੰਹ ਪੂਜਨ ਵਰਗੇ ਪ੍ਰੋਗਰਾਮ ਹੋਣ ਲੱਗੇ ਹਨ।ਪੰਜਾਬ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦੀ ਚੇਅਰਮੈਨ ਡਾ. ਵੰਦਨਾ ਅਰੋੜਾ ਨੇ ਕਾਰਜ ਸਥਾਨ 'ਤੇ ਮਹਿਲਾ ਦੇ ਯੌਨ ਉਤਪੀੜਨ (ਰੋਕਥਾਮ, ਨਿਸ਼ੇਧ ਅਤੇ ਹੱਲ) ਐਕਟ, 2013 ਦੀ ਬਾਰੀਕੀਆਂ 'ਤੇ ਚਾਨਣ ਪਾਇਆ। ਉਨ੍ਹਾਂ ਨੇ ਕਿਹਾ ਕਿ ਕਾਰਜਸਥਾਨ 'ਤੇ ਯੌਨ ਉਤਪੀੜਨ ਦੀ ਰੋਕਥਾਮ ਸਬੰਧੀ ਕਾਨੂੰਨ ਪਹਿਲੀ ਵਾਰ ਸੁਪਰੀਮ ਕੋਰਟ ਵੱਲੋਂ 1997 ਵਿੱਚ ਜਾਰੀ ਵਿਸ਼ਾਖਾ ਦਿਸ਼ਾ-ਨਿਰਦੇਸ਼ਾਂ ਦੇ ਬਾਅਦ ਅਸਤਿਤਵ ਵਿੱਚ ਆਇਆ। ਬਾਅਦ ਵਿੱਚ ਭਾਰਤੀ ਸੰਸਦ ਨੇ ਕਾਰਜਸਥਾਨ 'ਤੇ ਮਹਿਲਾਵਾਂ ਦੇ ਯੌਨ ਉਤਪੀੜਨ (ਰੋਕਥਾਮ, ਨਿਸ਼ੇਧ ਅਤੇ ਹੱਲ) ਐਕਟ, 2013 (ਪਾਸ਼ ਐਕਟ) ਪਾਸ ਕੀਤਾ।



ਉਨ੍ਹਾਂ ਨੇ ਦਸਿਆ ਕਿ ਇਹ ਐਕਟ ਪਬਲਿਕ, ਨਿਜੀ, ਸੰਗਠਤ, ਅਸੰਗਠਤ ਸਾਰੇ ਖੇਤਰਾਂ 'ਤੇ ਲਾਗੂ ਹੁੰਦਾ ਹੈ। ਇਸ ਦੇ ਤਹਿਤ ਦੱਸ ਜਾਂ ਇਸ ਤੋਂ ਵੱਧ ਕਰਮਚਾਰੀਆਂ ਵਾਲੇ ਸੰਗਠਨਾਂ ਨੂੰ ਇੱਕ ਅੰਦਰੂਣੀ ਸ਼ਿਕਾਇਤ ਕਮੇਟੀ (ਆਈਸੀਸੀ) ਦਾ ਗਠਨ ਕਰਨਾ ਹੁੰਦਾ ਹੈ। ਜਿਲ੍ਹਾ ਪੱਧਰ 'ਤੇ ਸਥਾਨਕ ਸ਼ਿਕਾਇਤ ਕਮੇਟੀਆਂ (ਐਲਸੀਸੀ) ਉਨ੍ਹਾਂ ਮਾਮਲਿਆਂ ਨੂੰ ਸੰਭਾਲਦੀ ਹੈ ਜਿੱਥੇ ਆਈਸੀਸੀ ਉਪਲਬਧ ਨਹੀਂ ਹਨ। ਇੰਨ੍ਹਾਂ ਕਮੇਟੀਆਂ ਦੇ ਕੋਲ ਦੀਵਾਨੀ ਅਦਾਲਤਾਂ ਦੇ ਸਮਾਨ ਸ਼ਕਤੀਆਂ ਹਨ। ਨਾਲ ਹੀ ਉਨ੍ਹਾਂ ਨੇ ਕਿਹਾ ਕਿ ਝੂਠੀ ਸ਼ਿਕਾਇਤਾਂ 'ਤੇ ਅਨੁਸ਼ਾਸ਼ਨਾਤਮਕ ਕਾਰਵਾਈ ਹੋ ਸਕਦੀ ਹੈ। ਅਜਿਹੇ ਮਾਮਲਿਆਂ ਵਿੱਚ ਦੋਨੋਂ ਪੱਖਾਂ ਦੀ ਪਹਿਚਾਣ ਅਤੇ ਕਾਰਵਾਈ ਦੇ ਸਬੰਧ ਵਿੱਚ ਸਖਤ ਗੁਪਤਤਾ ਰੱਖੀ ਜਾਂਦੀ ਹੈ। ਵਿਧਾਨਸਭਾ ਸਕੱਤਰ ਸ੍ਰੀ ਰਾਜੀਵ ਪ੍ਰਸਾਦ ਨੇ ਪ੍ਰੋਗਰਾਮ ਦਾ ਪਰਿਚੈ ਪੇਸ਼ ਕੀਤਾ। ਉਨ੍ਹਾਂ ਨੇ ਕਿਹਾ ਕਿ ਮਹਿਲਾਵਾਂ ਦਾ ਸਨਮਾਨ, ਗਰਿਮਾ ਅਤੇ ਆਰਥਕ ਸਸ਼ਕਤੀਕਰਣ ਦੇ ਅਧਿਕਾਰਾਂ ਨੂੰ ਯਕੀਨੀ ਕਰਨ ਲਈ ਇੱਕ ਸੁਰੱਖਿਅਤ ਕਾਰਜਸਥਾਨ ਜਰੂਰੀ ਹੈ। ਉਨ੍ਹਾਂ ਨੇ ਪ੍ਰਾਚੀਨਕਾਲ ਦੇ ਇਤਿਹਾਸਕ ਸੰਦਰਭਾਂ 'ਤੇ ਜੋਰ ਦਿੰਦੇ ਹੋਏ ਭਾਰਤੀ ਸਮਾਜ ਵਿੱਚ ਨਾਰੀ ਸ਼ਕਤੀ ਦੇ ਮਹਤੱਵ ਨੂੰ ਰੇਖਾਂਕਿਤ ਕੀਤਾ।

# ਗੀਤਾ ਸਥਲੀ ਵਜੋ ਕੁਰੂਕਸ਼ੇਤਰ ਬਣੇਗਾ ਦੇਸ਼ ਦੁਨੀਆ ਦੇ ਸੈਲਾਨੀਆਂ ਦੇ ਖਿੱਚ ਦਾ ਕੇਂਦਰ : ਡਾ. ਅਮਿਤ ਅਗਰਵਾਲ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਰੂਕਸ਼ੇਤਰ ਨੇ ਗੀਤਾ ਸਥਲੀ ਵਜੋ ਦੇਸ਼-ਦੁਨੀਆ ਦੇ ਸੈਲਾਨੀਆਂ ਦੇ ਖਿੱਚ ਦਾ ਕੇਂਦਰ ਬਨਾਉਣ ਲਈ ਸਰਕਾਰ ਵੱਲੋਂ ਵਿਸਤਾਰ ਕਾਰਜ ਯੋਜਨਾ ਤਿਆਰ ਕੀਤੀ ਜਾ ਰਹੀ ਹੈ। ਇਸ ਦੇ ਤਹਿਤ ਪਿਪਲੀ ਤੋਂ ਜੋਤੀਸਰ ਤੱਕ ਵੱਡੇ ਪ੍ਰੋਜੈਕਟ ਤਿਆਰ ਕਰਨ ਲਈ ਮਾਸਟਰ ਪਲਾਨ ਤਿਆਰ ਕੀਤਾ ਗਿਆ ਹੈ ਜਿਸ ਨੂੰ ਅਨੁਮੋਦਨ ਤਹਿਤ ਜਲਦੀ ਹੀ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ।

ਇਹ ਗੱਲ ਸੈਰ-ਸਪਾਟਾ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਅਤੇ ਕੇਡੀਬੀ ਦੇ ਮੈਂਬਰ ਸਕੱਤਰ ਡਾ. ਅਮਿਤ ਕੁਮਾਰ ਅਗਰਵਾਲ ਨੇ ਅੱਜ ਹਰਿਆਣਾ ਨਿਵਾਸ ਵਿੱਚ ਆਯੋਜਿਤ ਇੱਕ ਮੀਟਿੰਗ ਦੌਰਾਨ ਕਹੀ। ਮੀਟਿੰਗ ਵਿੱਚ ਕੁਰੂਕਸ਼ੇਤਰ ਵਿਕਾਸ ਬੋਰਡ, ਜਿਲ੍ਹਾ ਪ੍ਰਸਾਸ਼ਨ ਕੁਰੂਕਸ਼ੇਤਰ ਅਤੇ ਸੈਰ-ਸਪਾਟਾ ਵਿਭਾਗ ਦੇ ਅਧਿਕਾਰੀ ਮੌਜੂਦ ਸਨ। ਡਾ. ਅਮਿਤ ਕੁਮਾਰ ਅਗਰਵਾਲ ਨੇ ਦਸਿਆ ਕਿ ਮਾਣਯੋਗ ਮੁੱਖ ਮੰਤਰੀ ਦੇ ਨਿਰਦੇਸ਼ਾ ਅਨੁਸਾਰ ਕੁਰੂਕਸ਼ੇਤਰ ਸ਼ਹਿਰ ਨੂੰ ਧਰਮਨਗਰੀ ਅਤੇ ਗੀਤਾ ਸਥਲੀ ਵਜੋ ਇਸ ਤਰ੍ਹਾ ਨਾਲ ਵਿਕਸਿਤ ਕਰਨ ਦੀ ਯੋਜਨਾ ਬਣਾਂਈ ਗਈ ਹੈ ਕਿ ਇੱਥੇ ਦੇਸ਼ ਹੀ ਨਹੀਂ, ਦੁਨੀਆ ਭਰ ਦੇ ਸੈਲਾਨੀ ਪਹੁੰਚਣਗੇ। ਇਸ ਦੇ ਲਈ ਮਹਾਭਾਰਤ ਅਨੁਭਵ ਕੇਂਦਰ ਤੇ ਕੁਰੂਕਸ਼ੇਤਰ ਦੇ ਮਹਤੱਵਪੂਰਣ ਸਥਾਨਾਂ ਦੇ ਵਿਕਾਸ ਦੀ ਯੋਜਨਾ ਬਣਾਈ ਗਈ ਹੈ। ਮਹਾਭਾਰਤ ਅਨੁਭਵ ਕੇਂਦਰ ਦੀ ਯਾਤਰਾ ਨਾਲ ਵਿਅਕਤੀ ਨੂੰ ਜੀਵਨ ਦੇ ਸਾਰੇ ਸੁਆਲਾਂ ਦੇ ਜਵਾਬ ਆਸਾਨੀ ਨਾਲ ਮਿਲਦੇ ਹਨ।

ਉਨ੍ਹਾਂ ਨੇ ਕਿਹਾ ਕਿ ਮਹਾਭਾਰਤ ਅਨੁਭਵ ਕੇਂਦਰ ਦੇ ਜੀ-ਬਲਾਕ ਦੇ ਬਾਕੀ ਨਿਰਮਾਣ ਕੰਮ ਨੂੰ ਵੀ ਗੌਰਵਸ਼ਾਲੀ ਭਾਰਤ ਅਤੇ ਸਰਸਵਤੀ ਸਿੰਧੂ ਸਭਿਅਤਾ ਦੀ ਥੀਮ 'ਤੇ ਕਰਵਾਇਆ ਜਾਵੇਗਾ। ਮਹਾਭਾਰਤ ਅਨੁਭਵ ਕੇਂਦਰ ਦੇ ਮੁੱਖ ਦਰਵਾਜੇ ਨੂੰ ਮਿਯੂਰਲਸ ਡਿਜਾਇਨਾਂ ਦੇ ਨਾਲ ਵਿਸ਼ੇਸ਼ ਭਵਅਤਾ ਪ੍ਰਦਾਨ ਕੀਤੀ ਜਾਵੇਗੀ। ਅਨੁਭਵ ਕੇਂਦਰ ਦੀ ਯਾਤਰਾ ਭਾਰਤ ਦੀ ਆਤਮਾ ਦੀ ਯਾਤਰਾ ਦੇ ਸਮਾਨ ਹੋਵੇਗੀ, ਇਸ ਲਈ ਇਸ ਨੂੰ ਵਿਕਸਿਤ ਕਰਨ ਲਈ ਉਨ੍ਹਾਂ ਨੇ ਅਧਿਕਾਰੀਆਂ ਨੂੰ ਵਿਸ਼ੇਸ਼ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਮਹਾਭਾਰਤ ਅਨੁਭਵ ਕੇਂਦਰ ਵਿੱਚ ਸੋਵੀਨੇਅਰ ਸ਼ਾਪ, ਫੂਡ ਕੋਰਟ ਅਤੇ ਫੋਟੋ ਸ਼ਾਪ ਆਦਿ ਸੰਚਾਲਿਤ ਕਰਨ ਲਈ ਵੀ ਅਧਿਕਾਰੀਆਂ ਨੂੰ ਕਿਹਾ। ਉਨ੍ਹਾਂ ਨੇ ਗਰਮੀਆਂ ਦੇ ਮੱਦੇਨਜਰ ਮਹਾਭਾਰਤ ਅਨੁਭਵ ਕੇਂਦਰ ਦੇ ਖੁੱਲਣ ਦੀ ਸਮੇਂ ਵਧਾਉਣ ਦੇ ਵੀ ਨਿਰਦੇਸ਼ ਦਿੱਤੇ ਤਾਂ ਜੋ ਵੱਧ ਤੋਂ ਵੱਧ ਲੋਕ ਇਸ ਦੀ ਯਾਤਰਾ ਕਰ ਸਕਣ।

ਡਾ. ਅਮਿਤ ਕੁਮਾਰ ਅਗਰਵਾਲ ਨੇ ਦਸਿਆ ਕਿ ਭਾਰਤ ਸਰਕਾਰ ਵੱਲੋਂ ਦੇਸ਼ ਵਿੱਚ 50 ਵਿਸ਼ਵ ਪੱਧਰੀ ਆਈਕੋਨਿਕ ਸਾਇਟਸ ਵਿਕਸਿਤ ਕੀਤੀ ਜਾਣੀ ਹੈ ਜਿਨ੍ਹਾਂ ਵਿੱਚੋਂ ਇੱਕ ਹਰਿਆਣਾ ਵਿੱਚ ਹੋਵੇਗੀ। ਇਸ ਦੇ ਤਹਿਤ ਸੂਬੇ ਦੀ 3 ਸਾਈਟਸ ਦੇ ਨਾਮ ਕੇਂਦਰ ਸਰਕਾਰ ਨੂੰ ਭਿਜਵਾਏ ਜਾਣਗੇ ਜਿਨ੍ਹਾ ਵਿੱਚ ਕੁਰੂਕਸ਼ੇਤਰ ਦਾ ਨਾਮ ਵੀ ਸ਼ਾਮਿਲ ਹੈ। ਜੇਕਰ ਇੰਨ੍ਹਾਂ ਯੋਜਨਾ ਦੇ ਤਹਿਤ ਕੁਰੂਕਸ਼ੇਤਰ ਦਾ ਚੋਣ ਹੁੰਦਾ ਹੈ ਤਾਂ ਕੁਰੂਕਸ਼ੇਤਰ ਦਾ ਵਿਕਾਸ ਬਹੁਤ ਤੇਜ ਗਤੀ ਨਾਲ ਹੋਵੇਗਾ ਅਤੇ ਸੈਰ-ਸਪਾਟਾ ਦੇ ਵਿਕਾਸ ਦੇ ਨਜਰਇਏ ਨਾਲ ਇਹ ਮੀਲ ਦਾ ਪੱਥਰ ਸਾਬਤ ਹੋਵੇਗਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਇਸ ਦੇ ਲਈ ਹੁਣ ਤੋਂ ਸਥਾਨ ਚੋਣ ਕਰਨ ਦਾ ਕੰਮ ਸ਼ੁਰੂ ਕਰਨ ਲਈ ਜਰੂਰੀ ਦਿਸ਼ਾ-ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਦਸਿਆ ਕਿ ਮੁੱਖ ਮੰਤਰੀ ਕੁਰੂਕਸ਼ੇਤਰ ਨੂੰ ਗੀਤਾ ਸਥਲੀ ਵਜੋ ਵਿਕਸਿਤ ਕਰਨ ਲਈ ਬਹੁਤ ਗੰਭੀਰ ਹਨ ਅਤੇ ਇਸ ਦੇ ਸਬੰਧ ਵਿੱਚ ਜਲਦੀ ਹੀ ਇੱਕ ਮੀਟਿੰਗ ਵੀ ਕਰਣਗੇ। ਉਨ੍ਹਾਂ ਨੇ ਕੁਰੂਕਸ਼ੇਤਰ ਦੇ ਸਾਰੇ ਸੈਰ-ਸਪਾਟਾ ਥਾਵਾਂ, ਵਿਸ਼ੇਸ਼ਕਰ ਮਹਾਭਾਰਤ ਅਨੁਭਵ ਕੇਂਦਰ ਦੇ ਸਬੰਧ ਵਿੱਚ ਪੂਰੇ ਸੂਬੇ ਵਿੱਚ ਜਨ-ਜਾਗਰੁਕਤਾ ਤਹਿਤ ਵਿਸ਼ੇਸ਼ ਪ੍ਰਚਾਰ ਕੰਮ ਕਰਵਾਉਣ ਦੇ ਵੀ ਨਿਰਦੇਸ਼ ਦਿੱਤੇ ਤਾਂ ਜੋ ਵੱਧ ਤੋਂ ਵੱਧ ਲੋਕ ਕੁਰੂਕਸ਼ੇਤਰ ਦੇ ਸੈਲਾਨੀ ਸਥਾਨਾਂ ਦੀ ਸੈਰ ਲਈ ਪਹੁੰਚਣ। ਇਸ ਦੇ ਲਈ ਉਨ੍ਹਾਂ ਨੇ ਕੁਰੂਕਸ਼ੇਤਰ ਵਿੱਚ ਨਿਯਮਤ ਰੂਪ ਨਾਲ ਆਮ ਜਨਤਾ ਦੀ ਸਹਿਭਾਗਤਾ ਵਾਲੀ ਵਿਵਿਧ ਗਤੀਵਿਧੀਆਂ ਕਰਵਾਉਣ ਨੂੰ ਵੀ ਕਿਹਾ। ਉਨ੍ਹਾਂ ਨੇ ਕੁਰੂਕਸ਼ੇਤਰ ਦੇ ਹਰੇਕ ਚੌਕ-ਚੌਰਾਹਿਆਂ, ਸੜਕਾਂ ਅਤੇ ਨਵਨਿਰਮਾਣਤ ਏਲੀਵੇਟਿਡ ਰੇਲਵੇ ਟ੍ਰੈਕ ਦੇ ਹੇਠਾਂ ਦੇ ਸਥਾਨਾਂ ਦੇ ਸੁੰਦਰੀਕਰਣ ਦੇ ਸਬੰਧ ਵਿੱਚ ਵੀ ਅਧਿਕਾਰੀਆਂ ਨੂੰ ਵਿਆਪਕ ਦਿਸ਼ਾ-ਨਿਰਦੇਸ਼ ਦਿੱਤੇ।

ਇਸ ਦੌਰਾਨ ਕੁਰੂਕਸ਼ੇਤਰ ਦੇ ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ ਆਨਲਾਇਨ ਰਾਹੀਂ ਜੁੜੇ ਜਦੋਂ ਕਿ ਕੇਡੀਬੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਪੰਕਜ ਸੇਤਿਆ, ਮਾਨਦ ਸਕੱਤਰ ਉਪੇਂਦਰ ਸਿੰਘਲ ਅਤੇ ਸੈਰ-ਸਪਾਟਾ ਵਿਭਾਗ ਦੀ ਵਧੀਕ ਨਿਦੇਸ਼ਕ ਮਮਤਾ ਸ਼ਰਮਾ ਸਮੇਤ ਹੋਰ ਅਧਿਕਾਰੀ ਨਿਜੀ ਰੂਪ ਨਾਲ ਮੌਜੂਦ ਰਹੇ।

# ਹਰਿਆਣਾ ਵਿੱਚ ਨਗਰ ਨਿਗਮ ਚੋਣਾਂ ਲਈ ਆਬਜਰਵਰਾਂ ਅਤੇ ਨੋਡਲ ਅਧਿਕਾਰੀਆਂ ਦੀ ਨਿਯੁਕਤੀ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਰਾਜ ਚੋਣ ਕਮਿਸ਼ਨ ਦੇ ਸਕੱਤਰ ਸ੍ਰੀ ਗੌਰਵ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਕਮਿਸ਼ਨ ਨੇ ਅਗਾਮੀ 10 ਮਈ ਨੂੰ ਪ੍ਰਸਤਾਵਿਤ ਨਗਰ ਨਿਗਮ ਅੰਬਾਲਾ, ਪੰਚਕੂਲਾ, ਸੋਨੀਪਤ, ਨਗਰ ਪਰਿਸ਼ਦ ਰਿਵਾੜੀ ਅਤੇ ਨਗਰ ਸਮਿਤੀ ਉਕਲਾਨਾ, ਸਾਂਪਲਾ ਅਤੇ ਧਾਰੂਹੇੜਾ ਦੇ ਚੋਣਾਂ ਨੂੰ ਨਿਰਪੱਖ, ਪਾਰਦਰਸ਼ੀ ਅਤੇ ਸ਼ਾਂਤੀਪੂਰਨ ਢੰਗ ਨਾਲ ਸਪੰਨ ਕਰਾਉਣ ਲਹੀ ਆਮ, ਪੁਲਿਸ ਅਤੇ ਖਰਚ ਚੋਣ ਆਬਜਰਵਰਾਂ ਦੇ ਨਾਲ-ਨਾਲ ਸ਼ਿਕਾਇਤ ਨੋਡਲ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਹੈ।

ਉਨ੍ਹਾਂ ਨੇ ਦਸਿਆ ਕਿ ਇੰਨ੍ਹਾਂ ਨਿਯੁਕਤੀਆਂ ਦੇ ਤਹਿਤ ਭਾਰਤੀ ਪ੍ਰਸ਼ਾਸਨਿਕ ਸੇਵਾ ਅਤੇ ਹਰਿਆਣਾ ਸਿਵਲ ਸੇਵਾ ਦੇ ਅਧਿਕਾਰੀਆਂ ਨੂੰ ਆਮ ਆਬਜਰਵਰ, ਭਾਰਤੀ ਪੁਲਿਸ ਸੇਵਾ ਦੇ ਅਧਿਕਾਰੀਆਂ ਨੂੰ ਪੁਲਿਸ ਆਬਜਰਵਰ ਅਤੇ ਆਬਕਾਰੀ ਅਤੇ ਕਰਾਧਾਨ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੂੰ ਖਰਚ ਆਬਜਰਵਰ ਦੀ ਜਿਮੇਵਾਰੀ ਸੌਂਪੀ ਗਈ ਹੈ।ਸ੍ਰੀ ਗੌਰਵ ਕੁਮਾਰ ਨੇ ਦਸਿਆ ਕਿ ਨਗਰ ਨਿਗਮ ਅੰਬਾਲਾ ਲਈ ਆਮ ਆਬਜਰਵਰ ਵਜੋ ਸ੍ਰੀ ਸੰਜੀਵ ਵਰਮਾ, ਪੁਲਿਸ ਆਬਜਰਵਰ ਵਜੋ ਸ੍ਰੀ ਓਮ ਪ੍ਰਕਾਸ਼ ਅਤੇ ਖਰਚ ਆਬਜਰਵਰ ਵਜੋ ਸ੍ਰੀ ਜਿਤੇਂਦਰ ਭੂਡੀ ਨੂੰ ਨਿਯੁਕਤ ਕੀਤਾ ਗਿਆ ਹੈ। ਨਾਲ ਹੀ ਸ੍ਰੀ ਅਭਿਸ਼ੇਕ ਗਰਗ, ਸ੍ਰੀਮਤੀ ਮਨੀਸ਼ ਘਾਘਟ ਅਤੇ ਸ੍ਰੀ ਸੌਰਭ ਗੋਇਲ ਨੂੰ ਸ਼ਿਕਾਇਤ ਨੋਡਲ ਅਧਿਕਾਰੀ ਬਣਾਇਆ ਗਿਆ ਹੈ।

ਉਨ੍ਹਾਂ ਨੇ ਦਸਿਆ ਕਿ ਨਗਰ ਨਿਗਮ ਸੋਨੀਪਤ ਲਈ ਆਮ ਆਬਜਰਵਰ ਵਜੋ ਸੁਸ੍ਰੀ ਵੈਸ਼ਾਲੀ ਸਿੰਘ, ਪੁਲਿਸ ਆਬਜਰਵਰ ਵਜੋ ਸ੍ਰੀ ਰਾਜੇਂਦਰ ਕੁਮਾਰ ਮੀਣਾ ਅਤੇ ਖਰਚ ਆਬਜਰਵਰ ਵਜੋ ਸ੍ਰੀ ਅਰਵਿੰਦ ਨੂੰ ਨਿਯੁਕਤ ਕੀਤਾ ਗਿਆ ਹੈ। ਉੱਥੇ ਹੀ, ਸ਼ਿਕਾਇਤ ਨੋਡਲ ਅਧਿਕਾਰੀ ਵਜੋ ਸ੍ਰੀ ਸੁਸ਼ੀਲ ਸ਼ਰਮਾ ਨੂੰ ਸੋਨੀਪਤ ਦੀ ਜਿਮੇਵਾਰੀ ਦਿੱਤੀ ਗਈ ਹੈ।

ਉਨ੍ਹਾਂ ਨੇ ਅੱਗੇ ਦਸਿਆ ਕਿ ਨਗਰ ਨਿਗਮ ਪੰਚਕੂਲਾ ਵਿੱਚ ਆਮ ਆਬਜਰਵਰ ਵਜੋ ਸ੍ਰੀ ਡਾ. ਸੁਰੇਸ਼, ਪੁਲਿਸ ਆਬਜਰਵਰ ਵਜੋ ਸ੍ਰੀ ਅਭਿਸ਼ੇਕ ਜੋਰਵਾਲ ਅਤੇ ਖਰਚ ਆਬਜਰਵਰ ਵਜੋ ਸ੍ਰੀ ਹਰਵੀਰ ਸਿੰਘ ਚੌਹਾਨ ਨੂੰ ਨਿਯੁਕਤ ਕੀਤਾ ਗਿਆ ਹੈ। ਇੱਥੇ ਸ਼ਿਕਾਇਤ ਨੋਡਲ ਅਧਿਕਾਰੀ ਵਜੋ ਸ੍ਰੀ ਸੁਖਦੇਵ ਸਿੰਘ ਨੂੰ ਤੈਨਾਤ ਕੀਤਾ ਗਿਆ ਹੈ।

ਰਾਜ ਚੋਣ ਕਮਿਸ਼ਨ ਦੇ ਸਕੱਤਰ ਨੇ ਦਸਿਆ ਕਿ ਨਗਰ ਪਰਿਸ਼ਦ ਰਿਵਾੜੀ ਲਈ ਆਮ ਆਬਜਰਵਰ ਵਜੋ ਸ੍ਰੀ ਜਗ ਨਿਵਾਸ, ਪੁਲਿਸ ਆਬਜਰਵਰ ਵਜੋ ਸ੍ਰੀ ਸੁਰੇਂਦਰ ਪਾਲ ਸਿੰਘ ਅਤੇ ਖਰਚ ਆਬਜਰਵਰ ਵਜੋ ਸੁਸ੍ਰੀ ਪ੍ਰੀਤੀ ਚੌਧਰੀ ਨੂੰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੇ ਦਸਿਆ ਕਿ ਨਗਰ ਪਰਿਸ਼ਦ ਰਿਵਾੜੀ ਅਤੇ ਨਗਰ ਸਮਿਤੀ ਧਾਰੂਹੇੜਾ, ਦੋਨੋਂ ਲਈ ਸ਼ਿਕਾਇਤ ਨੋਡਲ ਅਧਿਕਾਰੀ ਵਜੋ ਸ੍ਰੀ ਜਿਤੇਂਦਰ ਕੁਮਾਰ ਨੂੰ ਤੈਨਾਤ ਕੀਤਾ ਗਿਆ ਹੈ।

# ਹਰਿਆਣਾ ਵਿੱਚ ਫਾਰਮ ਟੂਰੀਜਮ ਤੇ ਹੋਮ ਸਟੇ ਨਾਲ ਪੈਦਾ ਹੋਣਗੇ ਰੁਜ਼ਗਾਰ ਦੇ ਨਵੇਂ ਮੌਕੇ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਰਾਜ ਵਿੱਚ ਫਾਰਮ ਟੂਰੀਜਮ ਤੇ ਹੋਮ ਸਟੇ ਰਾਹੀਂ ਸੈਰ-ਸਪਾਟਾ ਨੂੰ ਨਵੀਂ ਉਚਾਈਆਂ ਤੱਕ ਲੈ ਜਾਣਾ ਚਾਹੁੰਦੀ ਹੈ ਜਿਸ ਨਾਲ ਸੂਬੇ ਦੇ ਨੌਜੁਆਨਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਮਿਲਣਗੇ। ਇਸ ਦੇ ਲਈ ਫਾਰਮ ਟੂਰੀਜਮ ਤੇ ਹੋਮ ਸਟੇ ਸੰਚਾਲਕਾਂ ਦੇ ਸਾਹਮਣੇ ਆਉਣ ਵਾਲੀ ਸਮਸਿਆਵਾਂ ਦਾ ਪ੍ਰਾਥਮਿਕਤਾ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

ਇਹ ਗੱਲ ਹਰਿਆਣਾ ਸੈਰ-ਸਪਾਟਾ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਕੁਮਾਰ ਅਗਰਵਾਲ ਨੇ ਮੰਗਲਵਾਰ ਨੂੰ ਚੰਡੀਗੜ੍ਹ ਸਥਿਤ ਹਰਿਆਣਾ ਨਿਵਾਸ ਵਿੱਚ ਫਾਰਮ ਟੂਰੀਜਮ ਅਤੇ ਹੋਮ ਸਟੇ ਸੰਚਾਲਕਾਂ ਦੇ ਨਾਲ ਆਯੋਜਿਤ ਇੱਕ ਮੀਟਿੰਗ ਦੌਰਾਨ ਕਹੀ। ਇਸ ਦੌਰਾਨ ਸੈਰ-ਸਪਾਟਾ ਵਿਭਾਗ ਦੀ ਵਧੀਕ ਨਿਦੇਸ਼ਕ ਮਮਤਾ ਸ਼ਰਮਾ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਰਹੇ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਰਾਜ ਵਿੱਚ ਸੈਰ-ਸਪਾਟਾ ਗਤੀਵਿਧੀਆਂ ਨੂੰ ਪ੍ਰੋਤਸਾਹਨ ਦੇਣ ਲਈ ਗੰਭੀਰ ਯਤਨ ਕਰ ਰਹੀ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਰਾਜ ਵਿੱਚ ਫਾਰਮ ਟੂਰੀਜਮ ਤੇ ਹੋਮ ਸਟੇ ਦੇ ਵਿਕਾਸ ਨੂੰ ਲੈ ਕੇ ਨਿਜੀ ਦਿਲਚਸਪੀ ਲੈ ਰਹੇ ਹਨ।

ਮੀਟਿੰਗ ਵਿੱਚ ਫਾਰਮ ਟੂਰੀਜਮ ਤੇ ਹੋਮ ਸਟੇ ਸੰਚਾਲਕਾਂ ਨੇ ਵੱਖ-ਵੱਖ ਵਿਭਾਗਾਂ ਨਾਲ ਸੰਬਧਿਤ ਸਮਸਿਆਵਾਂ ਦੀ ਜਾਣਕਾਰੀ ਦਿੰਦੇ ਹੋਏ ਇੰਨ੍ਹਾਂ ਦਾ ਹੱਲ ਕਰਵਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਦਸਿਆ ਕਿ ਫਾਰਮ ਟੂਰੀਜਮ ਤੇ ਹੋਮ ਸਟੇ ਦਾ ਪ੍ਰਤੀ ਸਾਲ ਦਾ ਵਿਸ਼ਵ ਬਾਜਾਰ 5000 ਕਰੋੜ ਰੁਪਏ ਹੈ ਜੋ ਪ੍ਰਤੀਸਾਲ ਵੱਧਦਾ ਜਾ ਰਿਹਾ ਹੈ। ਜੇਕਰ ਹਰਿਆਣਾ ਸਰਕਾਰ ਫਾਰਮ ਟੂਰੀਜਮ ਤੇ ਹੋਮ ਸਟੇ ਕਾਰੋਬਾਰ ਦੇ ਸਾਹਮਣੇ ਆਉਣ ਵਾਲੀ ਸਮਸਿਆਵਾਂ ਦਾ ਹੱਲ ਕਰੇ ਤਾਂ ਹਰਿਆਣਾ ਇਸ ਖੇਤਰ ਵਿੱਚ ਮਹਤੱਵਪੂਰਣ ਪ੍ਰਦਰਸ਼ਨ ਕਰ ਸਕਦਾ ਹੈ।

ਸੰਚਾਲਕਾਂ ਨੇ ਜਰੂਰੀ ਸਹੂਲਤਾਂ ਤੇ ਵੱਖ-ਵੱਖ ਵਿਭਾਗਾਂ ਤੋਂ ਮਿਲਣ ਵਾਲੀ ਮੰਜੂਰੀਆਂ ਦੇ ਸਬੰਧ ਵਿੱਚ ਆਉਣ ਵਾਲੀ ਮੁਸ਼ਕਲਾਂ ਦੀ ਵਿਸਤਾਰ ਨਾਲ ਜਾਣਕਾਰੀ ਦਿੱਤੀ।

ਡਾ. ਅਮਿਤ ਕੁਮਾਰ ਅਗਰਵਾਲ ਨੇ ਕਿਹਾ ਕਿ ਫਾਰਮ ਟੂਰੀਜਮ ਤੇ ਹੋਮ ਸਟੇ ਸੰਚਾਲਕ ਆਪਣੀ ਸਾਰੇ ਸਮਸਿਆਵਾਂ ਅਗਲੇ 5 ਦਿਨ ਵਿੱਚ ਲਿਖਤ ਵਿੱਚ ਦੇਣ।

ਇਸ ਦੇ ਆਧਾਰ 'ਤੇ ਸੂਬੇ ਵਿੱਚ ਇੰਨ੍ਹਾਂ ਸੇਵਾਵਾਂ ਲਈ ਸਾਰੇ ਵਿਭਾਗਾਂ ਨਾਲ ਆਪਸੀ ਤਾਲਮੇਲ ਸਥਾਪਿਤ ਕਰਦੇ ਹੋਏ ਫਾਰਮ ਟੂਰੀਜਮ ਤੇ ਹੋਮ ਸਟੇ ਪੋਲਿਸੀ ਤਿਆਰ ਕਰਵਾਈ ਜਾਵੇਗੀ ਜਿਸ ਨੂੰ ਕੈਬਨਿਟ ਤੋਂ ਪਾਸ ਕਰਵਾਇਆ ਜਾਵੇਗਾ। ਇਸ ਦੇ ਬਾਅਦ ਇੰਨ੍ਹਾਂ ਸੇਵਾਵਾਂ ਦੇ ਸੰਚਾਲਨ ਵਿੱਚ ਕਿਸੇ ਤਰ੍ਹਾ ਦੀ ਸਮਸਿਆ ਨਹੀਂ ਆਵੇਗੀ। ਇਸ ਦੇ ਨਾਲ ਹੀ ਇੰਨ੍ਹਾਂ ਖੇਤਰਾਂ ਦੀ ਸੇਵਾਵਾਂ ਨੂੰ ਸੇਵਾ ਦਾ ਅਧਿਕਾਰ ਐਕਟ ਤਹਿਤ ਵੀ ਨੋਟੀਫਾਈ ਕਰਵਾਇਆ ਜਾਵੇਗਾ, ਜਿਸ ਨਾਲ ਸਾਰੇ ਸਬੰਧਿਤ ਸੇਵਾਵਾ ਨਿਰਧਾਰਿਤ ਸਮੇਂ ਵਿੱਚ ਉਪਲਬਧ ਹੋ ਸਕਣਗੀਆਂ।

ਡਾ. ਅਮਿਤ ਕੁਮਾਰ ਅਗਰਵਾਲ ਨੇ ਕਿਹਾ ਕਿ ਹਰਿਆਣਾ ਸਰਕਾਰ ਏਗਰੋ ਟੂਰੀਜਮ ਤੇ ਹੋਮ ਸਟੇ ਨਾਲ ਸਬੰਧਿਤ ਹੋਰ ਸੂਬਿਆਂ ਵੱਲੋਂ ਲਾਗੂ ਕੀਤੀ ਗਈ ਨੀਤੀਆਂ ਦਾ ਵੀ ਅਧਿਐਨ ਕਰ ਰਹੀਆਂ ਹਨ ਤਾਂ ਜੋ ਹਰਿਆਣਾ ਦੀ ਪੋਲਿਸੀ ਨੂੰ ਵੱਧ ਅਨੁਕੂਲ ਬਣਾਇਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਦੇ ਆਦੇਸ਼ਾਂ ਅਨੁਸਾਰ ਹਰਿਆਣਾ ਵਿੱਚ ਟੂਰੀਜਮ ਤੇ ਹੋਸਪਟੀਲਿਟੀ ਨੂੰ ਵੀ ਹੋਰ ਉਦਯੋਗਾਂ ਦੇ ਸਮਾਨ ਪ੍ਰੋਤਸਾਹਨ ਦਿੱਤਾ ਜਾਵੇਗਾ ਤਾਂ ਜੋ ਇਸ ਦੇ ਰਾਹੀਂ ਵੱਧ ਤੋਂ ਵੱਧ ਰੁਜ਼ਗਾਰ ਪੈਦਾ ਹੋ ਸਕਣ। ਉਨ੍ਹਾਂ ਨੇ ਦਸਿਆ ਕਿ ਕੇਂਦਰ ਸਰਕਾਰ ਵੱਲੋਂ ਵੀ ਫਾਰਮ ਟੂਰੀਜਮ ਤੇ ਹੋਮ ਸਟੇ ਨੂੰ ਈਜ-ਆਫ-ਡੂਇੰਗ ਬਿਜਨੈਸ ਵਿੱਚ ਸ਼ਾਮਿਲ ਕੀਤਾ ਗਿਆ ਹੈ।

# ਡੇਂਗੂ ਤੇ ਚਿਕਨਗੁਨਿਆ ਰੋਕਥਾਮ ਲਈ ਸਮੀਖਿਆ ਮੀਟਿੰਗ

**ਸੰਗਰੂਰ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸੰਗਰੂਰ ਵਿੱਚ ਡੇਂਗੂ, ਚਿਕਨਗੁਨਿਆ ਅਤੇ ਹੋਰ ਮੱਛਰ-ਜਨਿਤ ਬਿਮਾਰੀਆਂ ਦੀ ਰੋਕਥਾਮ ਲਈ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਅਹਿਮ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਸਿਹਤ ਵਿਭਾਗ ਵੱਲੋਂ ਮੌਜੂਦਾ ਸਥਿਤੀ ਅਤੇ ਭਵਿੱਖ ਲਈ ਤਿਆਰੀਆਂ ਸਬੰਧੀ ਵਿਸਥਾਰਪੂਰਵਕ ਪ੍ਰਸਤੁਤੀ ਦਿੱਤੀ ਗਈ।

ਡਿਪਟੀ ਕਮਿਸ਼ਨਰ ਨੇ ਸਾਰੇ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਪਿਛਲੇ ਸਾਲ ਡੇਂਗੂ ਪ੍ਰਭਾਵਿਤ ਇਲਾਕਿਆਂ ਦੀ ਮੁੜ ਜਾਂਚ ਕੀਤੀ ਜਾਵੇ ਅਤੇ ਝੁੱਗੀਆਂ-ਝੌਪੜੀਆਂ, ਕਬਾੜ ਦੀਆਂ ਦੁਕਾਨਾਂ, ਟਾਇਰ ਮਾਰਕੀਟਾਂ ਅਤੇ ਹੋਰ ਸੰਵੇਦਨਸ਼ੀਲ ਥਾਵਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਉਨ੍ਹਾਂ ਫੌਗਿੰਗ ਅਤੇ ਐਂਟੀ-ਲਾਰਵਾ ਕਾਰਵਾਈ ਨੂੰ ਤੇਜ਼ ਕਰਨ ਦੇ ਹੁਕਮ ਦਿੱਤੇ ਅਤੇ ਕਿਹਾ ਕਿ ਮੱਛਰਾਂ ਦੀ ਬਰੀਡਿੰਗ ਵਾਲੀਆਂ ਥਾਵਾਂ ਨੂੰ ਤੁਰੰਤ ਨਸ਼ਟ ਕੀਤਾ ਜਾਵੇ।

ਸਿਹਤ ਵਿਭਾਗ ਨੂੰ ਨਿਰਦੇਸ਼ ਦਿੰਦਿਆਂ ਉਨ੍ਹਾਂ ਕਿਹਾ ਕਿ ਬੁਖਾਰ ਦੇ ਮਾਮਲਿਆਂ ਦੀ ਸਮੇਂ-ਸਿਰ ਪਛਾਣ, ਟੈਸਟਿੰਗ ਅਤੇ ਇਲਾਜ ਯਕੀਨੀ ਬਣਾਇਆ ਜਾਵੇ ਅਤੇ ਲੋੜੀਂਦੀਆਂ ਦਵਾਈਆਂ ਅਤੇ ਟੈਸਟਿੰਗ ਸੁਵਿਧਾਵਾਂ ਦੀ ਉਪਲਬਧਤਾ ਵਿੱਚ ਕੋਈ ਕਮੀ ਨਾ ਰਹਿਣ ਦਿੱਤੀ ਜਾਵੇ। ਨਾਲ ਹੀ ਭੱਠਿਆਂ, ਫੈਕਟਰੀਆਂ ਅਤੇ ਉਸਾਰੀ ਸਥਾਨਾਂ 'ਤੇ ਕੰਮ ਕਰਦੇ ਪ੍ਰਵਾਸੀ ਮਜ਼ਦੂਰਾਂ ਦੀ ਨਿਯਮਿਤ ਮੈਡੀਕਲ ਜਾਂਚ ਕਰਨ ਲਈ ਵੀ ਕਿਹਾ ਗਿਆ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਘਰਾਂ ਅਤੇ ਆਲੇ-ਦੁਆਲੇ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ, ਕਿਉਂਕਿ ਇਹ ਮੱਛਰਾਂ ਦੀ ਪੈਦਾਵਾਰ ਦਾ ਮੁੱਖ ਕਾਰਨ ਹੈ। ਸਥਾਨਕ ਸਰਕਾਰਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਸਫ਼ਾਈ ਮੁਹਿੰਮਾਂ ਨੂੰ ਹੋਰ ਤੇਜ਼ ਕਰਨ ਅਤੇ ਨਿਕਾਸੀ ਪ੍ਰਣਾਲੀ ਸੁਚਾਰੂ ਬਣਾਉਣ ਲਈ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ।

ਡਿਪਟੀ ਕਮਿਸ਼ਨਰ ਨੇ ਜਲ ਸਪਲਾਈ ਵਿਭਾਗ ਨੂੰ ਪੀਣ ਵਾਲੇ ਪਾਣੀ ਦੀ ਗੁਣਵੱਤਾ ਦੀ ਨਿਰੰਤਰ ਜਾਂਚ ਯਕੀਨੀ ਬਣਾਉਣ ਲਈ ਕਿਹਾ, ਜਦਕਿ ਸਿੱਖਿਆ ਵਿਭਾਗ ਨੂੰ ਸਕੂਲਾਂ ਅਤੇ ਕਾਲਜਾਂ ਵਿੱਚ ਜਾਗਰੂਕਤਾ ਮੁਹਿੰਮਾਂ ਚਲਾਉਣ ਲਈ ਪ੍ਰੇਰਿਤ ਕੀਤਾ ਗਿਆ। ਸਿਹਤ ਵਿਭਾਗ ਨੂੰ ਲਗਾਤਾਰ ਫੌਗਿੰਗ, ਸਰਵੇਲੈਂਸ ਅਤੇ ਜਾਗਰੂਕਤਾ ਅਭਿਆਨ ਜਾਰੀ ਰੱਖਣ ਲਈ ਕਿਹਾ ਗਿਆ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਵਿੱਚ ਕੂਲਰਾਂ, ਗਮਲਿਆਂ, ਟਾਇਰਾਂ ਅਤੇ ਹੋਰ ਬਰਤਨਾਂ ਵਿੱਚ ਪਾਣੀ ਇਕੱਠਾ ਨਾ ਹੋਣ ਦੇਣ ਅਤੇ ਜੇਕਰ ਬੁਖਾਰ ਜਾਂ ਹੋਰ ਲੱਛਣ ਦਿਖਾਈ ਦੇਣ ਤਾਂ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਨਾਲ ਸੰਪਰਕ ਕਰਨ। ਉਨ੍ਹਾਂ ਕਿਹਾ ਕਿ ਜੇਕਰ ਸਾਰੇ ਵਿਭਾਗ ਅਤੇ ਆਮ ਜਨਤਾ ਮਿਲਜੁਲ ਕੇ ਯਤਨ ਕਰਨ ਤਾਂ ਇਨ੍ਹਾਂ ਬਿਮਾਰੀਆਂ 'ਤੇ ਕਾਬੂ ਪਾਉਣਾ ਸੰਭਵ ਹੈ।

# ਡਿਪਟੀ ਕਮਿਸ਼ਨਰ ਨੇ ਕਣਕ ਦੀ ਖ਼ਰੀਦ ਦਾ ਲਿਆ ਜਾਇਜ਼ਾ, ਲਿਫ਼ਟਿੰਗ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼

**ਜਲੰਧਰ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਅੱਜ ਜ਼ਿਲ੍ਹੇ ਵਿੱਚ ਚੱਲ ਰਹੀ ਕਣਕ ਦੀ ਖ਼ਰੀਦ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਫ਼ਸਲ ਦੀ ਲਿਫ਼ਟਿੰਗ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ।

ਖੁਰਾਕ ਤੇ ਸਿਵਲ ਸਪਲਾਈਜ਼, ਮੰਡੀ ਬੋਰਡ ਅਤੇ ਖ਼ਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਖ਼ਰੀਦ ਉਪਰੰਤ ਅਨਾਜ ਮੰਡੀਆਂ 'ਚੋਂ ਕਣਕ ਦੀ ਚੁਕਾਈ ਨਾਲੋ-ਨਾਲ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ।

ਉਨ੍ਹਾਂ ਖ਼ਰੀਦ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਨਿਰਧਾਰਤ ਸਮੇਂ ਦੇ ਅੰਦਰ ਮੰਡੀਆਂ ਤੋਂ ਖ਼ਰੀਦੀ ਗਈ ਕਣਕ ਦਾ ਸਟਾਕ ਚੁੱਕਣਾ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਮੰਡੀ ਵਾਈਜ਼ ਲਿਫ਼ਟਿੰਗ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਕਿਹਾ ਕਿ ਜਿਨ੍ਹਾਂ ਮੰਡੀਆਂ ਵਿੱਚ ਭੰਡਾਰਨ ਦੀ ਸਮਰੱਥਾ ਘੱਟ ਹੈ, ਉਨ੍ਹਾਂ ਵਿੱਚੋਂ ਫ਼ਸਲ ਦੀ ਚੁਕਾਈ ਪਹਿਲ ਦੇ ਆਧਾਰ 'ਤੇ ਕਰਵਾਈ ਜਾਵੇ ਤਾਂ ਜੋ ਕਿਸਾਨਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ।

ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਉਪਜ ਦਾ ਇਕ-ਇਕ ਦਾਣਾ ਖ਼ਰੀਦਣ ਦੀ ਵਚਨਬੱਧਤਾ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਮੁੱਚੀ ਖ਼ਰੀਦ ਪ੍ਰਕਿਰਿਆ ਨੂੰ ਸੁਚਾਰੂ ਅਤੇ ਨਿਰਵਿਘਨ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ।

ਉਨ੍ਹਾਂ ਦੱਸਿਆ ਕਿ ਇਸ ਵਾਰ ਜ਼ਿਲ੍ਹੇ ਵਿੱਚ 5 ਲੱਖ 27 ਹਜ਼ਾਰ ਮੀਟ੍ਰਿਕ ਟਨ ਕਣਕ ਦੀ ਖ਼ਰੀਦ ਦਾ ਟੀਚਾ ਮਿੱਥਿਆ ਗਿਆ ਹੈ ਜਦਕਿ ਪਿਛਲੇ ਸੀਜ਼ਨ ਦੌਰਾਨ 514721 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ ਸੀ।

ਸ਼੍ਰੀ ਵਾਲੀਆ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਖ਼ਰੀਦ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ 79 ਰੈਗੂਲਰ ਅਤੇ 24 ਆਰਜ਼ੀ ਮੰਡੀਆਂ ਸਥਾਪਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਪੀਣ ਵਾਲੇ ਪਾਣੀ, ਸ਼ੈੱਡ, ਲਾਈਟਾਂ, ਪਖਾਨਿਆਂ ਸਮੇਤ ਕਿਸਾਨਾਂ ਤੇ ਮਜ਼ਦੂਰਾਂ ਦੀ ਸਹੂਲਤ ਲਈ ਸਮੁੱਚੇ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਗਏ ਹਨ।

ਇਸ ਤੋਂ ਇਲਾਵਾ ਖ਼ਰੀਦ ਕੀਤੀ ਫ਼ਸਲ ਦੀ ਅਦਾਇਗੀ ਨਿਰਧਾਰਤ ਸਮੇਂ ਦੇ ਅੰਦਰ ਸਿੱਧੀ ਕਿਸਾਨਾਂ ਦੇ ਖਾਤਿਆਂ ਵਿੱਚ ਪਾਈ ਜਾ ਰਹੀ ਹੈ।

ਮੀਟਿੰਗ ਵਿੱਚ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲ ਨਰਿੰਦਰ ਸਿੰਘ, ਜ਼ਿਲ੍ਹਾ ਮੰਡੀ ਅਫ਼ਸਰ ਅਰਵਿੰਦਰ ਸਿੰਘ ਅਤੇ ਖ਼ਰੀਦ ਏਜੰਸੀਆਂ ਦੇ ਅਧਿਕਾਰੀ ਮੌਜੂਦ ਸਨ।

# ਐਸ.ਸੀ. ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਭਲਾਈ ਵਿਭਾਗ ਦੀ ਰੋਸਟਰ ਚੈਕਿੰਗ ਟੀਮ ਤਲਬ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸਰਦਾਰ ਜਸਵੀਰ ਸਿੰਘ ਗੜ੍ਹੀ ਵੱਲੋਂ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਮਲਟੀਪਰਪਜ਼ ਹੈਲਥ ਵਰਕਰ (ਮੇਲ) ਕੇਡਰ ਦੀ ਸ਼ਿਕਾਇਤ 'ਤੇ ਸਖ਼ਤ ਕਾਰਵਾਈਆਂ ਕਰਦਿਆਂ 29 ਅਪ੍ਰੈਲ ਨੂੰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਬਾਰੇ ਵਿਭਾਗ ਦੀ ਰੋਸਟਰ ਚੈਕਿੰਗ ਟੀਮ ਨੰਬਰ -22 ਨੂੰ ਐਸ.ਸੀ. ਕਮਿਸ਼ਨ ਦਫਤਰ ਵਿਖੇ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਹਨ।

ਸ਼ਿਕਾਇਤ ਤੇ ਕਾਰਵਾਈ ਕਰਦਿਆਂ ਐਸ.ਸੀ. ਕਮਿਸ਼ਨ ਚੇਅਰਮੈਨ ਨੇ ਪਹਿਲਾਂ ਸਬੰਧਤ ਵਿਭਾਗ ਤੋਂ ਪਿਛਲੇ 15 ਸਾਲਾਂ ਦੌਰਾਨ ਮਲਟੀਪਰਪਜ਼ ਹੈਲਥ ਵਰਕਰ (ਮੇਲ)ਤੋਂ ਮਲਟੀਪਰਪਜ ਹੈਲਥ ਵਰਕਰ ਸੁਪਰਵਾਈਜ਼ਰ (ਮੇਲ) ਵਜੋਂ ਹੋਈਆਂ ਤਰੱਕੀਆਂ ਦੇ ਰਿਕਾਰਡ ਦੀ ਪੜਤਾਲ ਕਰਨ ਲਈ ਰੋਸਟਰ ਚੈਕਿੰਗ ਟੀਮ ਵੱਲੋਂ ਵੈਰੀਫਾਈ ਕੀਤੇ ਰੋਸਟਰ ਰਜਿਸਟਰ ਦੀ ਮੰਗ ਕੀਤੀ ਸੀ।

ਸਬੰਧਤ ਵਿਭਾਗ ਦੇ ਦਫਤਰੀ ਅਮਲੇ ਨੇ ਪਿਛਲੇ ਸਾਲ 21 ਨਵੰਬਰ 2025 ਨੂੰ ਭਲਾਈ ਵਿਭਾਗ ਦੀ ਰੋਸਟਰ ਚੈਕਿੰਗ ਟੀਮ ਨੰਬਰ 22 ਤੋਂ ਪਿਛਲੇ 12 ਸਾਲਾਂ ਦਾ ਪੜਤਾਲਿਆ ਰਿਕਾਰਡ ਐਸ.ਸੀ.ਕਮਿਸ਼ਨ ਦੇ ਦਫਤਰ ਵਿਖੇ 27 ਨਵੰਬਰ ਨੂੰ ਪੇਸ਼ ਕੀਤਾ ਸੀ।

ਮੁੱਢਲੀ ਪੜਤਾਲ ਵਿੱਚ ਸਾਹਮਣੇ ਆਇਆ ਹੈ ਕਿ ਪੇਸ਼ ਕੀਤੇ ਰਿਕਾਰਡ ਵਿੱਚ ਰਾਖਵਾਂਕਰਨ ਨੀਤੀ ਨੂੰ ਬਿਲਕੁਲ ਵੀ ਲਾਗੂ ਨਹੀਂ ਕੀਤਾ ਗਿਆ ਸੀ। ਚੇਅਰਮੈਨ ਗੜ੍ਹੀ ਵੱਲੋਂ ਇਸ ਰਿਕਾਰਡ ਨੂੰ ਰੋਸਟਰ ਮਾਹਿਰਾਂ ਤੋਂ ਚੈੱਕ ਕਰਵਾਉਣ ਉਪਰੰਤ ਪਾਇਆ ਗਿਆ ਕਿ ਪੇਸ਼ ਰਿਕਾਰਡ ਵਿੱਚ 1 ਅੰਗਹੀਣ ਅਤੇ 8 ਆਮ ਵਰਗ ਦੇ ਕਰਮਚਾਰੀ ਕਰਮਚਾਰੀਆਂ ਨੂੰ ਅਨੁਸੂਚਿਤ ਜਾਤੀ ਕਰਮਚਾਰੀਆਂ ਦੇ ਤੌਰ 'ਤੇ ਦਰਸਾਇਆ ਗਿਆ ਹੈ। ਇਸ ਤੋਂ ਇਲਾਵਾ ਇਸ ਸਮੇਂ ਦੌਰਾਨ ਤਰੱਕੀ ਪ੍ਰਾਪਤ ਕਰਨ ਵਾਲੇ 19 ਆਮ ਵਰਗ ਦੇ ਕਰਮਚਾਰੀਆਂ ਨਾਲ ਸਬੰਧਤ ਵੇਰਵੇ ਵੀ ਰਿਕਾਰਡ ਵਿੱਚੋਂ ਗਾਇਬ ਹਨ।

ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਕਿ ਪੇਸ਼ ਰਿਕਾਰਡ ਵਿੱਚ ਕੁੱਲ 374 ਕਰਮਚਾਰੀਆਂ ਦੀਆਂ ਤਰੱਕੀਆਂ ਵਿੱਚ ਐਸ.ਸੀ. ਕਰਮਚਾਰੀਆਂ ਲਈ 20 ਫੀਸਦ ਰਾਖਵੇਂਕਰਨ ਤਹਿਤ 75 ਆਸਾਮੀਆਂ ਦਰਸਾਈਆਂ ਗਈਆਂ ਹਨ। ਪਰ ਇਨ੍ਹਾਂ ਵਿਚੋਂ 69 ਰਾਖਵੀਆਂ ਆਸਾਮੀਆਂ 'ਤੇ ਆਮ ਵਰਗ ਦੇ ਕਰਮਚਾਰੀ ਪਾਏ ਗਏ, ਜੋ ਨਿਯਮਾਂ ਨੂੰ ਛਿੱਕੇ ਟੰਗੇ ਜਾਣ ਦਾ ਪ੍ਰਤੱਖ ਪ੍ਰਮਾਣ ਹੈ।

ਚੇਅਰਮੈਨ ਗੜ੍ਹੀ ਨੇ ਸਬੰਧਤ ਵਿਭਾਗ ਦੇ ਰਿਕਾਰਡ ਦੀ ਜਾਂਚ ਕਰਦਿਆਂ ਪਾਇਆ ਕਿ ਐਸ.ਸੀ. ਵਰਗ ਦੇ ਕਰਮਚਾਰੀਆਂ ਲਈ ਤਰੱਕੀਆਂ ਵਿੱਚ 20 ਫੀਸਦ ਰਾਖਵੇਂਕਰਨ ਦੀ ਰਿਜ਼ਰਵੇਸ਼ਨ ਨੀਤੀ ਦੇ ਨਾਲ-ਨਾਲ ਸੀਨੀਆਰਤਾ-ਕਮ-ਮੈਰਿਟ ਵਿੱਚ ਵੀ ਘੋਰ ਉਲੰਘਣਾ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਸਮੇਂ-ਸਮੇਂ 'ਤੇ ਮਾਨਯੋਗ ਅਦਾਲਤਾਂ ਵੱਲੋਂ ਦਿੱਤੇ ਫ਼ੈਸਲਿਆਂ, ਭਲਾਈ ਵਿਭਾਗ ਦੇ ਜਾਰੀ ਪੱਤਰਾਂ ਅਤੇ ਰਿਜ਼ਰਵੇਸ਼ਨ ਐਕਟ 2006 ਤੇ 2018 ਨੂੰ ਵੀ ਦਰ-ਕਿਨਾਰ ਕੀਤਾ ਗਿਆ।

ਇਨ੍ਹਾਂ ਬੇਨਿਯਮੀਆਂ ਦਾ ਨੋਟਿਸ ਲੈਂਦਿਆਂ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ 29 ਅਪ੍ਰੈਲ ਨੂੰ ਰੋਸਟਰ ਚੈਕਿੰਗ ਟੀਮ ਨੰਬਰ -22 ਦੇ ਵਿਸ਼ਵਾ ਨਾਥ (ਸੁਪਰਡੈਂਟ), ਰੇਸ਼ਮ ਸਿੰਘ (ਸੁਪਰਡੈਂਟ), ਗਗਨਦੀਪ ਕੌਰ ਸੰਧੂ (ਸੀਨੀਅਰ ਸਹਾਇਕ) ਅਤੇ ਸਿਹਤ ਵਿਭਾਗ ਦੇ ਤੇਜ਼ਪਿੰਦਰ ਸਿੰਘ (ਸੁਪਰਡੈਂਟ) ਨੂੰ ਨਿੱਜੀ ਤੌਰ 'ਤੇ ਕਮਿਸ਼ਨ ਅੱਗੇ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਹੀ ਸਿਹਤ ਵਿਭਾਗ ਦੇ ਡਾਇਰੈਕਟਰ ਨੂੰ ਵੀ ਮੌਜੂਦ ਰਹਿਣ ਦੇ ਹੁਕਮ ਦਿੱਤੇ ਗਏ ਹਨ।

ਐਸ.ਸੀ. ਕਮਿਸ਼ਨ, ਪੰਜਾਬ ਦੇ ਚੇਅਰਮੈਨ ਗੜ੍ਹੀ ਸਾਹਿਬ ਨੇ ਸਖ਼ਤ ਤਾੜਨਾ ਕਰਦਿਆਂ ਕਿਹਾ ,"ਪੰਜਾਬ ਦੇ ਵਿਭਾਗਾਂ ਵਿੱਚ ਸੰਵਿਧਾਨਿਕ ਹੱਕਾਂ ਨਾਲ ਕਿਸੇ ਤਰ੍ਹਾਂ ਦੀਆਂ ਵੀ ਬੇਨਿਯਮੀਆਂ ਜਾਂ ਧੱਕੇਸ਼ਾਹੀਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਐਸ.ਸੀ. ਵਰਗ ਦੇ ਕਰਮਚਾਰੀਆਂ ਦੇ ਸੰਵਿਧਾਨਿਕ ਹੱਕਾਂ ਨੂੰ ਢਾਹ ਲਾਉਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਤਰ੍ਹਾਂ ਦੀਆਂ ਕੁਤਾਹੀਆਂ ਕਰਨ ਵਾਲੇ ਅਧਿਕਾਰੀਆਂ / ਕਰਮਚਾਰੀਆਂ ਖਿਲਾਫ ਐਸ.ਸੀ./ ਐਸ.ਟੀ. ਅੱਤਿਆਚਾਰ ਰੋਕੂ ਐਕਟ 1989 ਅਤੇ ਪ੍ਰਮੁੱਖ ਸਕੱਤਰ ਪੰਜਾਬ ਜੀ ਦੇ 9 ਜੁਲਾਈ, 2009 ਦੇ ਪੱਤਰ ਅਨੁਸਾਰ ਕਾਰਵਾਈ ਕੀਤੀ ਜਾਵੇਗੀ।"

# ਸਿਹਤ ਹੈ ਅਸਲੀ ਖ਼ਜ਼ਾਨਾ...

# ਸਮਾਰਟਫ਼ੋਨ ਆਦਤ ਬਣ ਰਹੀ ਹੈ ਰੋਗ

ਅਜੋਕੀ ਜੀਵਨਸ਼ੈਲੀ ਦੀ ਸਭ ਤੋਂ ਆਮ ਤੇ ਤਾਜ਼ਾ ਤਸਵੀਰ ਇਹ ਹੈ ਕਿ ਅੱਜ ਦੇ ਬੱਚੇ ਟੀਵੀ ਜਾਂ ਸਮਾਰਟਫੋਨ ਤੋਂ ਬਿਨਾ ਨਹੀਂ ਰਹਿ ਸਕਦੇ। ਦੁਨੀਆ ਵਿਚ ਤਕਨੀਕ ਦੀ ਆਦਤ ਇਸ ਹੱਦ ਤਕ ਵਧਦੀ ਜਾ ਰਹੀ ਹੈ ਕਿ ਹੁਣ 13 ਸਾਲ ਤਕ ਦੇ ਬੱਚਿਆਂ ਨੂੰ ਇਸ ਆਦਤ ਤੋਂ ਛੁਟਕਾਰਾ ਦਿਵਾਉਣ ਲਈ ਬਾਕਾਇਦਾ ਇਲਾਜ ਕਰਾਉਣਾ ਪੈ ਰਿਹਾ ਹੈ। ਅਮਰੀਕਾ ਵਿਚ ਇਕ ਅਜਿਹਾ ਇਲਾਜ ਕੇਂਦਰ ਸ਼ੁਰੂ ਵੀ ਹੋ ਗਿਆ ਹੈ ਕਿ ਜਿਸ ਵਿਚ ਸਮਾਰਟਫੋਨ ਅਤੇ ਵੀਡੀਓ ਗੇਮ ਦੀ ਹੱਦੋਂ ਵੱਧ ਵਰਤੋਂ ਕਰਨ ਵਾਲੇ ਬੱਚਿਆਂ ਦਾ ਇਲਾਜ ਕੀਤਾ ਜਾ ਰਿਹਾ ਹੈ। ਸਿਆਟਲ ਨੇੜੇ ਸਥਾਪਿਤ ਕੀਤਾ ਗਿਆ ਇਹ ਕੇਂਦਰ ਬੱਚਿਆਂ ਦੀ ਤਕਨੀਕੀ ਆਦਤ ਛੁਡਵਾਉਣ ਦਾ ਪਹਿਲਾ ਕੇਂਦਰ ਹੈ। ਇਸ ਸਬੰਧੀ ਕੀਤੇ ਗਏ ਅਧਿਐਨ ਵਿਚ ਪਾਇਆ ਗਿਆ ਹੈ ਕਿ ਤਕਨੀਕ ਦੀ ਅੰਤਹੀਣ ਕਾਲਪਨਿਕ ਦੁਨੀਆ ਦੇ ਰੋਮਾਂਚ ਵਿਚ ਸਾਡੇ ਨਿੱਜੀ ਅਤੇ ਪਰਿਵਾਰਕ ਰਿਸ਼ਤੇ ਵਿਗੜ ਰਹੇ ਹਨ।

ਕੇਂਦਰ ਦੇ ਸੰਸਥਾਪਕ ਡਾ. ਹਿਲਾਰੀ ਕੈਸ਼ ਮੁਤਾਬਕ 'ਜਦੋਂ ਅਸੀਂ ਅਜਿਹੇ ਡਿਵਾਈਸ ਬੱਚਿਆਂ ਨੂੰ ਦਿੰਦੇ ਹਾਂ ਤਾਂ ਉਹ ਡਿਵਾਈਸ ਤੋਂ ਨਿਕਲਣ ਵਾਲੀਆਂ ਆਵਾਜ਼ਾਂ ਅਤੇ ਰੋਸ਼ਨੀ ਪ੍ਰਤੀ ਕੁਦਰਤੀ ਆਵਾਜ਼ ਅਤੇ ਰੋਸ਼ਨੀ ਦੇ ਮੁਕਾਬਲੇ ਕਿਤੇ ਵੱਧ ਆਕਰਸ਼ਿਤ ਹੁੰਦੇ ਹਨ। ਇਸ ਕਾਰਨ ਬੱਚਿਆਂ ਵਿਚ ਕੁਦਰਤ ਅਤੇ ਸਮਾਜ ਨਾਲ ਜੁੜਨ ਦੀ ਸੁਭਾਵਿਕਤਾ ਖ਼ਤਮ ਹੋ ਜਾਂਦੀ ਹੈ।' ਤਕਨੀਕੀ ਆਦਤ ਦੇ ਸ਼ਿਕਾਰ ਹੋ ਚੁੱਕੇ ਬੱਚਿਆਂ ਦੇ ਇਲਾਜ ਵਿਚ ਇਕ ਸਾਲ ਤਕ ਦਾ ਸਮਾਂ ਲੱਗ ਰਿਹਾ ਹੈ।

ਭਾਰਤੀ ਬੱਚਿਆਂ ਵਿਚ ਵੀ ਵੱਧ ਰਹੀ ਤਕਨੀਕੀ ਆਦਤ ਨੂੰ ਦੇਖਦਿਆਂ ਲਗਦਾ ਹੈ ਕਿ ਇਥੇ ਵੀ ਅਜਿਹੇ ਕੇਂਦਰ ਸਥਾਪਿਤ ਕਰਨ ਦੀ ਲੋੜ ਜਲਦੀ ਹੀ ਪੈ ਜਾਵੇਗੀ।

### ਬਦਲ ਰਹੀ ਮਾਨਸਿਕਤਾ

ਪਿਛਲੇ ਕੁਝ ਸਾਲਾਂ ਵਿਚ ਬੱਚਿਆਂ ਦੀ ਪੂਰੀ ਮਾਨਸਿਕਤਾ ਬਦਲੀ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਹੈ ਬੱਚਿਆਂ ਦੇ ਹੱਥ ਵਿਚ ਆ ਚੁੱਕੇ ਸਮਾਰਟਫੋਨ। ਹੌਲੀ-ਹੌਲੀ ਉਨ੍ਹਾਂ ਦੀਆਂ ਆਦਤਾਂ ਬਦਲ ਰਹੀਆਂ ਹਨ। ਬੱਚੇ ਵੱਡਿਆਂ ਵਾਂਗ ਗੱਲਾਂ ਕਰਦੇ ਹਨ ਤੇ ਵਿਹਾਰ ਵੀ।

ਬ੍ਰਿਟੇਨ ਵਿਚ ਹੋਈ ਇਕ ਸਟੱਡੀ ਮੁਤਾਬਕ 11 ਤੋਂ 12 ਸਾਲ ਦੇ 70 ਫ਼ੀਸਦੀ ਬੱਚੇ ਸਮਾਰਟਫੋਨ ਦੀ ਵਰਤੋਂ ਕਰਦੇ ਹਨ ਅਤੇ ਇਹ ਫ਼ੀਸਦੀ 90 ਤਕ ਪਹੁੰਚ ਜਾਂਦੀ ਹੈ ਜਦੋਂ 14 ਸਾਲ ਦੇ ਬੱਚਿਆਂ ਨੂੰ ਵੀ ਇਸ ਅਧਿਐਨ ਵਿਚ ਸ਼ਾਮਿਲ ਕਰ ਲਿਆ ਜਾਂਦਾ ਹੈ। ਦੂਜੇ ਪਾਸੇ ਜ਼ਿਆਦਾਤਰ ਬੱਚੇ ਦਿਨ ਵਿਚ ਘੱਟੋ ਘੱਟ 150 ਵਾਰ ਸਕ੍ਰੀਨ ਦੇਖਦੇ ਹਨ। ਇਸ ਕਾਰਨ ਬੱਚਿਆਂ ਦਾ ਬਾਗ਼-ਬਗ਼ੀਚੀ, ਆਊਟਡੋਰ ਖੇਡਾਂ ਅਤੇ ਖਿਡੌਣਿਆਂ ਨਾਲੋਂ ਰਿਸ਼ਤਾ ਟੁੱਟ ਗਿਆ ਹੈ। ਹੁਣ ਬੱਚੇ ਸਵੇਰੇ ਉਠਣ ਤੋਂ ਬਾਅਦ ਸਕੂਲ ਦੇ ਬਸਤੇ ਵਿਚ ਕਿਤਾਬਾਂ ਚੈੱਕ ਕਰਨ ਦੀ ਥਾਂ ਸਮਾਰਟਫੋਨ ਚੈੱਕ ਕਰਦੇ ਹਨ।

### ਹਾਵੀ ਹੁੰਦੀ ਤਕਨੀਕ

ਇਨ੍ਹਾਂ ਅੰਕੜਿਆਂ ਤੋਂ ਸਾਫ ਪਤਾ ਲਗਦਾ ਹੈ ਕਿ ਬੱਚਿਆਂ ਦੀ ਤਕਨੀਕ 'ਤੇ ਨਿਰਭਰਤਾ ਵਧਦੀ ਜਾ ਰਹੀ ਹੈ। ਜਿਨ੍ਹਾਂ ਬੱਚਿਆਂ ਕੋਲ ਆਪਣੇ ਸਮਾਰਟਫੋਨ ਨਹੀਂ ਹਨ, ਉਹ ਆਪਣੇ ਦੋਸਤਾਂ ਦੀ ਦੇਖਾ-ਦੇਖੀ ਆਪਣਾ ਮਾਪਿਆਂ ਤੋਂ ਸਮਾਰਟਫੋਨ ਮੰਗ ਰਹੇ ਹਨ।

### ਕਮਜ਼ੋਰ ਰਿਹਾ ਪਰਿਵਾਰਕ ਪਿਆਰ

ਸਮਾਰਟਫੋਨ ਅਤੇ ਇੰਟਰਨੈਟ ਨੇ ਬੱਚਿਆਂ ਦੀ ਕਮਿਊਨੀਕੇਸ਼ਨ ਸਕਿੱਲ ਅਤੇ ਭਾਵਨਾਤਮਕ ਵਿਕਾਸ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਸਮਾਰਟਫੋਨ ਦੀ ਵਰਤੋਂ ਨਾਲ ਬੱਚੇ ਆਧੁਨਿਕ ਅਤੇ ਸਮਾਰਟ ਤਾਂ ਬਣ ਹੀ ਰਹੇ ਹਨ ਸਗੋਂ ਮਾਪਿਆਂ ਨਾਲ ਉਨ੍ਹਾਂ ਦਾ ਸਬੰਧ ਵੀ ਘੱਟ ਹੋ ਰਿਹਾ ਹੈ।

### ਰੇਡੀਏਸ਼ਨ ਦਾ ਦਿਮਾਗ਼ 'ਤੇ ਪ੍ਰਭਾਵ

ਸਮਾਰਟਫੋਨ 'ਚੋਂ ਨਿਕਲਣ ਵਾਲਾ ਰੇਡੀਏਸ਼ਨ ਸਰੀਰ ਲਈ ਬੇਹੱਦ ਨੁਕਸਾਨਦੇਹ ਹੈ। ਇਸ ਦਾ ਸਭ ਤੋਂ ਵੱਧ ਅਸਰ ਦਿਮਾਗ਼ 'ਤੇ ਪੈਂਦਾ ਹੈ ਪਰ ਮਾਪਿਆਂ ਦਾ ਮੰਨਣਾ ਹੈ ਕਿ ਇਸ ਤਕਨੀਕ ਜ਼ਰੀਏ ਉਨ੍ਹਾਂ ਨੂੰ ਬੱਚਿਆਂ ਦੀ ਸੁਰੱਖਿਆ ਪ੍ਰਤੀ ਕੁਝ ਤਸੱਲੀ ਮਿਲੀ ਹੈ ਪਰ ਕਿਤੇ ਇਹ ਤਸੱਲੀ ਉਨ੍ਹਾਂ ਨੂੰ ਬੱਚਿਆਂ ਤੋਂ ਦੂਰ ਲਿਜਾ ਰਹੀ ਹੈ।

### ਗੱਲਬਾਤ 'ਚ ਭਾਵਨਾਵਾਂ ਦੀ ਕਮੀ

ਅਧਿਐਨ ਮੁਤਾਬਕ ਬੱਚੇ ਸਭ ਤੋਂ ਜ਼ਿਆਦਾ ਸਿੱਧੀ ਵਾਰਤਾਲਾਪ ਤੋਂ ਸਿੱਖਦੇ ਹਨ। ਪਰ ਜਦੋਂ ਮਾਪਿਆਂ ਨਾਲ ਹੀ ਇਹ ਰਾਬਤਾ ਨਾ ਰਹੇ ਤਾਂ ਬੱਚੇ ਕਿਵੇਂ ਸਿੱਖ ਸਕਦੇ ਹਨ? ਜਿੱਥੇ ਬੱਚਿਆਂ ਦੀ ਸਿਹਤ ਪ੍ਰਭਾਵਿਤ ਹੋ ਰਹੀ ਹੈ, ਉਥੇ ਖ਼ੁਸ਼ਹਾਲ ਸਮਾਜ ਦੀ ਨੀਂਹ ਵੀ ਖੋਖਲੀ ਹੋ ਰਹੀ ਹੈ।

# ਸਮਾਰਟ ਲੈਂਜ਼

ਯੂਨੀਵਰਸਿਟੀ ਆਫ਼ ਓਟਾਹ ਇਕ ਖ਼ਾਸ ਕਿਸਮ ਦੇ ਗਲਾਸਿਸ 'ਤੇ ਕੰਮ ਕਰ ਰਹੀ ਹੈ, ਜਿਸ ਵਿਚ ਤਰਲ ਕਿਸਮ ਦੇ ਲੈਂਜ਼ਿਜ਼ ਦੀ ਵਰਤੋਂ ਕੀਤੀ ਗਈ ਹੈ। ਇਹ ਲੈਂਜ਼ ਆਪਣੇ ਆਪ ਤੁਹਾਡੇ ਵੱਲੋਂ ਦੇਖੀ ਜਾ ਰਹੀ ਚੀਜ਼ 'ਤੇ ਫੋਕਸ ਕਰ ਸਕਦੇ ਹਨ। ਭਾਵ ਤੁਸੀਂ ਦੂਰ ਤੋਂ ਦੇਖ ਰਹੇ ਹੋ ਜਾਂ ਨੇੜੇ ਤੋਂ, ਇਸ ਨਾਲ ਬਿਨਾਂ ਐਨਕ ਉਤਾਰੇ ਤੁਸੀ ਦੋਵੇਂ ਸਥਿਤੀਆਂ 'ਚ ਚੀਜ਼ 'ਤੇ ਫੋਕਸ ਕਰ ਸਕੋਗੇ ਤੇ ਆਸਾਨੀ ਨਾਲ ਦੇਖ ਸਕੋਗੇ। ਜ਼ਿਆਦਾਤਰ ਲੋਕਾਂ ਨੂੰ ਅੱਖਰ ਪੜ੍ਹਨ ਸਮੇਂ ਚਸ਼ਮੇ ਨੂੰ ਵਾਰ-ਵਾਰ ਲਾਹੁਣਾ ਤੇ ਲਗਾਉਣਾ ਪੈਂਦਾ ਹੈ। ਇਸ ਨਵੇਂ ਗਲਾਸ ਨਾਲ ਅਜਿਹਾ ਕਰਨ ਦੀ ਲੋੜ ਨਹੀਂ ਹੋਵੇਗੀ। ਇਹ ਚਸ਼ਮਾ ਇਕ ਵਾਰ ਲਗਾਉਣ 'ਤੇ ਇਹ ਤੁਹਾਡੀ ਨਜ਼ਰ ਮੁਤਾਬਿਕ ਅੱਖਰਾਂ 'ਤੇ ਆਪਣੇ ਆਪ ਫੋਕਸ ਕਰ ਕੇ ਸਪਸ਼ਟ ਰੂਪ ਨਾਲ ਦਿਖਾਏਗਾ। ਮਨੁੱਖੀ ਅੱਖ ਵਿਚ ਇਕ ਲੈਂਜ਼ ਹੁੰਦਾ ਹੈ ਜੋ ਤੁਹਾਡੇ ਵੱਲੋਂ ਦੇਖੀ ਜਾ ਰਹੀ ਚੀਜ਼ ਦੀ ਦੂਰੀ ਨੂੰ ਆਪਣੇ ਆਪ ਅਡਜਸਟ ਕਰ ਲੈਂਦਾ ਹੈ।

ਉਮਰ ਦੇ ਹਿਸਾਬ ਨਾਲ ਨਜ਼ਰ ਵਿਚ ਫਰਕ ਪੈਂਦਾ ਰਹਿੰਦਾ ਹੈ ਜਿਸ ਨਾਲ ਮਨੁੱਖ ਨੂੰ ਉਸੇ ਅਨੁਸਾਰ ਚਸ਼ਮੇ ਦੇ ਲੈਂਜ਼ ਬਦਲਣੇ ਪੈਂਦੇ ਹਨ। ਇਹ ਖ਼ਾਸ ਲੈਂਜ਼ ਗਲਿਸਰੀਨ ਨਾਲ ਬਣਾਇਆ ਗਿਆ ਹੈ ਜਿਸ ਨੂੰ ਦੋ ਲਚਕੀਲੀਆਂ ਝਿੱਲੀਆਂ ਵਿਚਕਾਰ ਇਕ ਸੈਂਡਵਿਚ ਵਾਂਗ ਰੱਖਿਆ ਜਾਂਦਾ ਹੈ ਤੇ ਫਿਰ ਇਸ ਸੈਂਡਵਿਚ ਨੂੰ ਇਲੈਕਟ੍ਰੋਮਕੈਨੀਕਲ ਫਰੇਮ 'ਤੇ ਲਗਾ ਜਾਂਦਾ ਹੈ। ਇਹ ਝਿੱਲੀਆਂ ਫੋਕਸ ਕਰਨ ਲਈ ਮੁੜ ਜਾਂਦੀਆਂ ਹਨ ਜਿਸ ਨਾਲ ਇਹ ਕਿਸੇ ਵੀ ਚੀਜ਼ 'ਤੇ ਆਪਣੇ ਆਪ ਫੋਕਸ ਕਰ ਸਕਦੀਆਂ ਹਨ।

• ਮਨਪ੍ਰੀਤ ਕੌਰ ਵਿਰਦੀ

# ਮੋਟਾਪਾ ਘਟਾਉਂਦਾ ਹੈ ਕਾਲਾ ਨਮਕ

ਸਿਹਤਮੰਦ ਜ਼ਿੰਦਗੀ ਦੇ ਰਾਜ਼ ਸਾਡੇ ਖਾਣ-ਪੀਣ 'ਚ ਲੁਕੇ ਹੁੰਦੇ ਹਨ। ਕਈ ਵਾਰ ਬਹੁਤ ਸਾਧਾਰਨ ਚੀਜ਼ਾਂ ਸਾਡੀ ਸਿਹਤ ਦੀਆਂ ਚੰਗੀਆਂ ਦੋਸਤ ਹੁੰਦੀਆਂ ਹਨ ਪਰ ਸਾਨੂੰ ਉਹਨਾਂ ਬਾਰੇ ਜ਼ਿਆਦਾ ਪਤਾ ਨਹੀਂ ਹੁੰਦਾ। ਅਜਿਹਾ ਹੀ ਇਕ ਦੋਸਤ ਹੈ ਕਾਲੇ ਨਮਕ ਦਾ ਪਾਣੀ। ਰੋਜ਼ਾਨਾ ਸਵੇਰੇ ਕਾਲੇ ਨਮਕ ਦਾ ਪਾਣੀ ਪੀਣ ਨਾਲ ਕਈ ਸਰੀਰਕ ਸਮੱਸਿਆਵਾਂ ਦੂਰ ਹੁੰਦੀਆਂ ਹਨ। ਸਭ ਤੋਂ ਵੱਡਾ ਲਾਭ ਇਹ ਹੈ ਕਿ ਰੋਜ਼ਾਨਾ ਸਵੇਰੇ ਇਹ ਪਾਣੀ ਪੀਣ ਨਾਲ ਤੇਜ਼ੀ ਨਾਲ ਮੋਟਾਪਾ ਘੱਟ ਹੁੰਦਾ ਹੈ। ਇਸ ਤੋਂ ਇਲਾਵਾ ਵੀ ਇਸ ਪਾਣੀ ਦੇ ਬਹੁਤ ਸਾਰੇ ਲਾਭ ਹਨ।

### ਐਂਟੀਬੈਕਟੀਰੀਅਲ

ਕਾਲੇ ਨਮਕ ਦੇ ਪਾਣੀ ਵਿਚ ਲਾਭਦਾਇਕ ਮਿਨਰਲ ਹੋਣ ਕਾਰਨ ਇਹ ਵਧੀਆ ਐਂਟੀਬੈਕਟੀਰੀਅਲ ਦਾ ਕੰਮ ਕਰਦਾ ਹੈ। ਇਹ ਪਾਣੀ ਸਰੀਰ ਨੂੰ ਕਈ ਰੋਗਾਂ ਤੋਂ ਸੁਰੱਖਿਅਤ ਰੱਖਦਾ ਹੈ।

### ਮੋਟਾਪਾ ਹੋਵੇ ਘੱਟ

ਕਾਲੇ ਨਮਕ ਦਾ ਪਾਣੀ ਹਾਜ਼ਮਾ ਠੀਕ ਕਰਕੇ ਵਾਧੂ ਚਰਬੀ ਘਟਾਉਂਦਾ ਹੈ ਜਿਸ ਨਾਲ ਮੋਟਾਪਾ ਤੇਜ਼ੀ ਨਾਲ ਘਟਦਾ ਹੈ। ਇਹ ਪਾਣੀ ਪੇਟ ਵਿਚਲੇ ਕੁਦਰਤੀ ਸਾਲਟ, ਹਾਈਡ੍ਰੋਕਲੋਰਿਕ, ਐਸਿਡ ਅਤੇ ਪ੍ਰੋਟੀਨ ਨੂੰ ਪਚਾਉਣ ਵਾਲੇ ਐਂਜ਼ਾਈਮ ਨੂੰ ਸਰਗਰਮ ਕਰ ਕੇ ਹਾਜ਼ਮਾ ਬਣਾਉਂਦਾ ਹੈ।

### ਨੀਂਦ

ਕਾਲ਼ੇ ਨਮਕ ਦੇ ਪਾਣੀ ਵਿਚ ਮਿਨਰਲ ਕਾਰਟੀਸੋਲ ਅਤੇ ਐਡ੍ਰਨਲਾਈਨ ਵਰਗੇ ਸਟ੍ਰੈਸ ਹਾਰਮੋਨ ਨੂੰ ਘੱਟ ਕਰਦੇ ਹਨ ਜਿਸ ਨਾਲ ਨੀਂਦ ਕਾਫੀ ਚੰਗੀ ਆਉਂਦੀ ਹੈ।

### ਚਮਕਦਾਰ ਚਮੜੀ

ਕਾਲ਼ੇ ਨਮਕ ਦੇ ਪਾਣੀ ਵਿਚ ਮੌਜੂਦ ਕ੍ਰੋਮੀਅਮ ਅਤੇ ਸਲਫਰ ਚਮੜੀ ਨੂੰ ਸਾਫ ਅਤੇ ਕੋਮਲ ਬਣਾਉਂਦੇ ਹਨ। ਇਸ ਨਾਲ ਮੁਹਾਸਿਆਂ ਤੇ ਧੱਬਿਆਂ ਦੀ ਸਮੱਸਿਆ ਦੂਰ ਹੁੰਦੀ ਹੈ।

### ਗਲੇ ਦੀ ਖ਼ਰਾਸ਼

ਨਮਕ ਦੇ ਪਾਣੀ ਵਿਚ ਮੌਜੂਦ ਮਿਨਰਲ ਗਲੇ ਦੀ ਖ਼ਰਾਸ਼ ਦੂਰ ਕਰਦਾ ਹੈ। ਇਹ ਮਿਨਰਲ ਸਰੀਰ ਦੇ ਹਾਨੀਕਾਰਕ ਬੈਕਟੀਰੀਆ ਨੂੰ ਮਾਰਨ ਦਾ ਕੰਮ ਵੀ ਕਰਦੇ ਹਨ।

# ਲੂ ਲੱਗਣ ਤੋਂ ਬਚਾਅ ਲਈ ਗਰਮੀਆਂ 'ਚ ਪੀਓ ਵੱਧ ਪਾਣੀ

ਸਖ਼ਤ ਗਰਮੀ ਸ਼ੁਰੂ ਹੋ ਚੁੱਕੀ ਹੈ। ਇਹਨਾਂ ਮਹੀਨਿਆਂ ਦੌਰਾਨ ਲੂਆਂ ਵੀ ਬਹੁਤ ਵਗਦੀਆਂ ਹਨ। ਸਖ਼ਤ ਗਰਮੀ ਦੇ ਇਨ੍ਹਾਂ ਦਿਨਾਂ ਵਿਚ ਜ਼ਿਆਦਾ ਮਿਹਨਤ ਮੁਸ਼ੱਕਤ ਕਰਨ ਜਾਂ ਸਾਡੀ ਥੋੜ੍ਹੀ ਜਿਹੀ ਲਾਪਰਵਾਹੀ ਨਾਲ ਹੀਟ ਰਿਲੇਟਿਡ ਇੱਲਨੈੱਸ ਭਾਵ ਗਰਮੀ ਦੀ ਥਕਾਵਟ ਜਾਂ ਲੂ ਦਾ ਸ਼ਿਕਾਰ (ਹੀਟ ਸਟ੍ਰੋਕ) ਹੋਣ ਦੀਆਂ ਘਟਨਾਵਾਂ ਅਕਸਰ ਹੀ ਵਾਪਰ ਜਾਂਦੀਆਂ ਹਨ। ਇਹਨਾਂ ਗੰਭੀਰ ਹਾਲਾਤਾਂ ਦੌਰਾਨ ਜੇਕਰ ਪੀੜਤਾਂ ਨੂੰ ਮੌਕੇ 'ਤੇ ਫਸਟ ਏਡ ਜਾਂ ਡਾਕਟਰੀ ਸਹਾਇਤਾ ਨਾ ਮਿਲੇ ਤਾਂ ਗਰਮੀ ਜਾਂ ਲੂ ਦਾ ਪ੍ਰਭਾਵ ਜਾਨਲੇਵਾ ਵੀ ਸਾਬਤ ਹੋ ਸਕਦਾ ਹੈ।

ਜ਼ਿਆਦਾ ਗਰਮੀ ਨਾਲ ਇਨਸਾਨੀ ਸਰੀਰ 'ਤੇ ਵੱਖ-ਵੱਖ ਪ੍ਰਤਿਕ੍ਰਿਆਵਾਂ ਹੁੰਦੀਆਂ ਹਨ। ਸਰੀਰਕ ਤਾਪਮਾਨ ਵੱਧਣ ਕਰਕੇ ਵਿਅਕਤੀ ਵਿਚ ਤਿੰਨ ਕਿਸਮਾਂ ਦੇ ਮੁੱਖ ਰੋਗ ਪੈਦਾ ਹੋ ਸਕਦੇ ਹਨ : ਗਰਮੀ ਦੀ ਥਕਾਵਟ (ਨਿਢਾਲ ਅਤੇ ਬੇਹੋਸ਼ ਹੋਣਾ), ਹੀਟ ਕੰਪਰੈਸ (ਪੱਠਿਆਂ ਵਿਚ ਕੁੜੱਲ ਪੈਣਾ) ਅਤੇ ਸਰੀਰ ਦਾ ਤਾਪਮਾਨ ਬਹੁਤ ਜ਼ਿਆਦਾ ਵੱਧ ਜਾਣਾ ਜਿਸ ਨੂੰ 'ਹੀਟ ਸਟ੍ਰੋਕ' ਵੀ ਕਿਹਾ ਜਾਂਦਾ ਹੈ। ਹੀਟ ਸਟ੍ਰੋਕ ਸਭ ਤੋਂ ਘਾਤਕ ਹੈ ਅਤੇ ਚਿੰਤਾਜਨਕ ਸਥਿਤੀ ਪੈਦਾ ਕਰ ਸਕਦਾ ਹੈ।

ਗਰਮੀ ਤੋਂ ਬਚਣ ਲਈ ਜੇਕਰ ਅਸੀਂ ਥੋੜ੍ਹੀ ਜਿਹੀ ਸਾਵਧਾਨੀ ਵਰਤੀਏ ਤਾਂ ਕਾਫੀ ਹੱਦ ਤਕ ਲੂ ਦੇ ਪ੍ਰਕੋਪ ਤੋਂ ਬਚਿਆ ਜਾ ਸਕਦਾ ਹੈ। ਗਰਮੀ ਵਿਚ ਦੱਬੇ-ਘੁੱਟੇ ਵਾਤਾਵਰਣ ਵਿਚ ਲਗਾਤਾਰ ਸਰੀਰਕ ਕੰਮ ਕਰਦੇ ਰਹਿਣ ਨਾਲ ਗਰਮੀ ਨਾਲ ਥਕੇਵਾਂ ਹੋ ਸਕਦਾ ਹੈ। ਜ਼ਿਆਦਾ ਪਸੀਨਾ ਆਉਣ ਕਾਰਨ ਸਰੀਰ 'ਚ ਲੂਣ, ਪਾਣੀ ਅਤੇ ਤੇਜ਼ਾਬ ਦੀ ਘਾਟ ਹੋ ਜਾਂਦੀ ਹੈ। ਵਿਅਕਤੀ ਬਹੁਤ ਥੱਕਿਆ-ਥੱਕਿਆ ਜਿਹਾ ਮਹਿਸੂਸ ਕਰਦਾ ਹੈ। ਪਿਆਸ ਲੱਗਣੀ, ਕਮਜ਼ੋਰੀ, ਅਤਿ ਦਾ ਥਕੇਵਾਂ, ਚੱਕਰ ਆਉਣੇ, ਪੱਠਿਆਂ ਵਿਚ ਕੜਵੱਲ, ਜੀਅ ਕੱਚਾ ਹੋਣਾ ਜਾਂ ਉਲਟੀ ਆਉਣੀ, ਬੇਚੈਨੀ, ਚਿੜਚਿੜਾਪਣ ਆਮ ਅਲਾਮਤਾਂ ਹਨ। ਰੋਗੀ ਦਾ ਸਰੀਰ ਠੰਡਾ, ਪੀਲਾ ਅਤੇ ਚਿਪਚਿਪਾ ਹੋ ਜਾਂਦਾ ਹੈ। ਕੁਝ ਲੋਕਾਂ ਨੂੰ ਥਕਾਵਟ ਨਾਲ ਬੇਹੋਸ਼ੀ ਵੀ ਛਾ ਜਾਂਦੀ ਹੈ। ਇਸ ਹਾਲਤ ਨੂੰ ਹੀਟ ਐਗਜ਼ਾਸ਼ਨ ਭਾਵ ਗਰਮੀ ਦੀ ਥਕਾਵਟ ਕਿਹਾ ਜਾਂਦਾ ਹੈ।

ਕੁਦਰਤੀ ਤੌਰ 'ਤੇ ਮਨੁੱਖੀ ਸਰੀਰ ਦਾ ਸਾਧਾਰਨ ਤਾਪਮਾਨ 37 ਡਿਗਰੀ ਸੈਂਟੀਗ੍ਰੇਡ ਜਾਂ 98.4 ਡਿਗਰੀ ਫਾਰਨਹੀਟ 'ਤੇ ਕਾਇਮ ਰਹਿੰਦਾ ਹੈ। ਹੀਟ ਸਟ੍ਰੋਕ ਦੀ ਹਾਲਤ ਵਿਚ ਵਿਅਕਤੀ ਦਾ ਸਰੀਰਕ ਤਾਪਮਾਨ ਵੱਧ ਕੇ 41 ਡਿਗਰੀ ਸੈਂਟੀਗ੍ਰੇਡ ਜਾਂ ਇੱਕਦਮ 106 ਡਿਗਰੀ ਫਾਰਨਹੀਟ ਤਕ ਹੋ ਸਕਦਾ ਹੈ। ਪਸੀਨਾ ਆਉਣਾ ਬੰਦ ਹੋ ਜਾਂਦਾ ਹੈ। ਸਿਰ ਦਰਦ, ਚੱਕਰ ਆਉਣੇ, ਬੇਚੈਨੀ, ਝੁੰਜਲਾਹਟ, ਗਸ਼ੀ ਪੈਣੀ, ਡੂੰਘੀ ਸਵਾਸ ਕਿਰਿਆ, ਪੀੜਤ ਦੀ ਚਮੜੀ ਗਰਮ ਅਤੇ ਖੁਸ਼ਕ ਹੋਣਾ, ਬੋਲਣ ਅਤੇ ਤੁਰਨ ਤੋਂ ਅਸਮਰੱਥ ਹੋ ਜਾਣਾ, ਚਿਹਰੇ ਦਾ ਰੰਗ ਲਾਲ ਹੋ ਜਾਣਾ, ਨਬਜ਼ ਅਤੇ ਸਾਹ ਬਹੁਤ ਤੇਜ਼ ਚੱਲਣ ਲੱਗ ਪੈਣੇ ਆਦਿ ਲੱਛਣ ਦਿਖਾਈ ਦਿੰਦੇ ਹਨ। ਜੇ ਵੇਲੇ ਸਿਰ ਇਲਾਜ ਨਾ ਹੋ ਸਕੇ ਤਾਂ ਵਿਅਕਤੀ ਕੌਮਾ ਵਿਚ ਜਾ ਸਕਦਾ ਹੈ ਜਾਂ ਬ੍ਰੇਨ ਹੈਮਰੇਜ ਵਰਗੀ ਗੰਭੀਰ ਸਥਿਤੀ ਉਪਰੰਤ ਮੌਤ ਵੀ ਹੋ ਸਕਦੀ ਹੈ। ਹੀਟ ਸਟ੍ਰੋਕ ਬਹੁਤੀ ਗਰਮੀ ਵਿਚ ਧੁੱਪੇ ਫਿਰਨ ਜਾਂ ਜ਼ਿਆਦਾ ਸਰੀਰਕ ਕੰਮ ਕਰਨ, ਬੁਢਾਪਾ, ਸ਼ਰਾਬੀ ਹਾਲਤ, ਦਿਲ ਅਤੇ ਫੇਫੜਿਆਂ ਦੇ ਰੋਗੀਆਂ ਵਿਚ ਜ਼ਿਆਦਾ ਹੁੰਦਾ ਹੈ। ਗਰਮ ਵਾਤਾਵਰਣ ਵਿਚ ਭਾਰੀ ਕਸਰਤ ਜਾਂ ਸਰੀਰਕ ਕੰਮ ਕਰਨ ਨਾਲ ਪਸੀਨੇ ਰਾਹੀਂ ਬਹੁਤੀ ਮਾਤਰਾ ਵਿਚ ਲੂਣ ਨਿਕਲ ਜਾਣ ਕਰਕੇ ਪੱਠਿਆਂ ਖ਼ਾਸਕਰ ਲੱਤਾਂ ਅਤੇ ਪੇਟ ਦੇ ਪੱਠਿਆਂ ਵਿਚ ਦੁੱਖਦਾਈ ਕੁੜੱਲ ਵੀ ਪੈਂਦੇ ਹਨ। ਸਰੀਰ ਵਿਚ ਲੂਣ ਦੀ ਪੂਰਤੀ ਹੋਣ ਨਾਲ ਇਹ ਸਮੱਸਿਆ ਠੀਕ ਹੁੰਦੀ ਹੈ।

> *ਗਰਮੀਆਂ ਵਿਚ ਸਭ ਤੋਂ ਵੱਡੀ ਸਮੱਸਿਆ ਹੁੰਦੀ ਹੈ ਲੂ ਲੱਗਣਾ। ਗਰਮੀ ਵਿਚ ਜ਼ਿਆਦਾ ਸਰੀਰਕ ਮਸ਼ੱਕਤ, ਪਾਣੀ ਘੱਟ ਪੀਣ ਅਤੇ ਸਰੀਰਕ ਕਮਜ਼ੋਰੀ ਕਾਰਨ ਲੂ ਲੱਗਣ ਦੀ ਸੰਭਾਵਨਾ ਵੱਧ ਹੁੰਦੀ ਹੈ।*

### ਥਕਾਵਟ ਲਈ ਮੁੱਢਲੀ ਮਦਦ

ਗਰਮੀ ਦੀ ਥਕਾਵਟ ਨਾਲ ਹੋਈ ਬੇਹੋਸ਼ੀ ਵਾਲੇ ਪੀੜਤਾਂ ਨੂੰ ਕਿਸੇ ਠੰਢੀ, ਹਵਾਦਾਰ ਅਤੇ ਛਾਂ-ਦਾਰ ਥਾਂ 'ਤੇ ਇਸ ਤਰ੍ਹਾਂ ਲਿਟਾਉਣਾ ਚਾਹੀਦਾ ਹੈ ਕਿ ਉਸ ਦੇ ਪੈਰ ਬਾਕੀ ਸਰੀਰ ਨਾਲੋਂ ਉੱਚੇ ਹੋਣ। ਤੰਗ ਕੱਪੜੇ ਢਿੱਲੇ ਕਰੋ ਅਤੇ ਪਸੀਨਾ ਪੂੰਝ ਦਿਓ। ਬੇਹੋਸ਼ੀ ਦੀ ਹਾਲਤ ਵਿਚ ਮੂੰਹ ਰਾਹੀਂ ਕੋਈ ਵੀ ਤਰਲ ਪਦਾਰਥ ਨਾ ਦਿਓ। ਹੋਸ਼ ਵਿਚ ਆਉਣ 'ਤੇ ਸ਼ਿਕੰਜਵੀ, ਜੂਸ ਜਾਂ ਲੱਸੀ ਵਗੈਰਾ ਦਿੱਤੀ ਜਾ ਸਕਦੀ ਹੈ।

### ਸਾਵਧਾਨੀਆਂ

ਕੜਾਕੇ ਦੀ ਧੁੱਪ 'ਚ ਬਾਹਰ ਨਹੀਂ ਨਿਕਲਣਾ ਚਾਹੀਦਾ। ਨਿਰਜਲੀਕਰਨ ਤੋਂ ਬਚਣ ਲਈ ਤੇਜ਼ ਧੁੱਪ ਵਿਚ ਬਾਹਰ ਨਿਕਲੋ ਤਾਂ ਤਰਲ ਪਦਾਰਥ ਪੀ ਕੇ ਬਾਹਰ ਨਿਕਲੋ। ਪੇਟ ਵਿਚ ਪਾਣੀ ਨਾ ਘਟਣ ਦਿਓ ਕਿਉਂਕਿ ਪਸੀਨੇ ਰਾਹੀਂ ਕਾਫੀ ਮਾਤਰਾ 'ਚ ਪਾਣੀ ਅਤੇ ਨਮਕ ਬਾਹਰ ਆਉਂਦਾ ਹੈ। ਬਹੁਤੀ ਮਾਤਰਾ ਵਿੱਚ ਪਾਣੀ ਪੀਓ। ਹਰ 20 ਮਿੰਟ ਪਿੱਛੋਂ ਇਕ ਗਲਾਸ ਪਾਣੀ ਪੀਓ। ਗਰਮੀਆਂ ਵਿੱਚ ਚਾਹ, ਕਾਫ਼ੀ ਦੀ ਵਰਤੋਂ ਘੱਟ ਜਾਂ ਬੰਦ ਕਰ ਦੇਣਾ ਹੀ ਬਿਹਤਰ ਹੈ। ਇਨ੍ਹੀਂ ਦਿਨੀਂ ਸਾਫ਼ ਪਾਣੀ ਅਤੇ ਹੋਰ ਤਰਲ ਪਦਾਰਥਾਂ ਦੀ ਵਰਤੋਂ ਵੱਧ ਕਰੋ। ਧੁੱਪ 'ਚ ਬਾਹਰ ਜਾਣ ਵੇਲੇ ਚੰਗੀ ਕਿਸਮ ਦੀਆਂ ਐਨਕਾਂ ਦੀ ਵਰਤੋਂ ਕਰੋ। ਸਿਰ ਉੱਪਰ ਤੌਲੀਆ ਜ਼ਰੂਰ ਰੱਖੋ। ਚਮੜੀ 'ਤੇ ਸਨਸਕ੍ਰੀਨ ਕਰੀਮ ਦੀ ਵਰਤੋਂ ਚਮੜੀ ਨੂੰ ਝੁਲਸਣ ਤੋਂ ਬਚਾਉਂਦੀ ਹੈ। ਸਨਬਰਨਜ਼ ਤੋਂ ਬਚਣ ਲਈ ਸਰੀਰ ਦੇ ਜ਼ਿਆਦਾਤਰ ਹਿੱਸੇ ਨੂੰ ਢੱਕ ਕੇ ਰੱਖੋ। ਮੌਸਮ ਦੀ ਤਬਦੀਲੀ ਨਾਲ ਆਪਣੇ ਖਾਣ-ਪੀਣ 'ਚ ਤਬਦੀਲੀ ਕਰੋ। ਜਲਦੀ ਪਚਣ ਵਾਲੇ ਠੰਢੇ ਤਰਲ, ਦਹੀਂ, ਲੱਸੀ, ਸਲਾਦ ਆਦਿ ਦੀ ਵਰਤੋਂ ਕਰੋ। ਤੇਜ਼ ਮਸਾਲੇਦਾਰ, ਗਰਮੀ ਵਾਲੇ ਭੋਜਨ ਨਾ ਖਾਓ। ਬਾਜ਼ਾਰੂ ਗੰਦੇ ਜੂਸ, ਕੁਲਫੀਆਂ, ਫਲਾਂ ਦੀ ਚਾਟ, ਬਾਜ਼ਾਰੂ ਗੰਦੀ ਬਰਫ, ਛਬੀਲਾਂ ਦਾ ਪਾਣੀ ਘੱਟ ਵਰਤੋ, ਕੱਟ ਕੇ ਰੱਖੇ ਨੰਗੇ ਫਲ, ਬੇਹੀਆਂ ਸਬਜ਼ੀਆਂ, ਬੇਹੇ ਬਰੈੱਡ, ਬਿਸਕੁਟ ਕੇਕ ਆਦਿ ਨਾ ਵਰਤੋ। ਸਾਫ਼-ਸੁਥਰੇ, ਹਲਕੇ ਰੰਗ ਦੇ ਖੁੱਲ੍ਹੇ ਅਤੇ ਹਵਾਦਾਰ ਸੂਤੀ ਕੱਪੜੇ ਪਹਿਨਣੇ ਚਾਹੀਦੇ ਹਨ। ਧੁੱਪ 'ਚ ਜਾਣ ਲਈ ਛਤਰੀ ਦੀ ਵਰਤੋਂ ਕਰੋ। ਵਧੇਰੇ ਸਖ਼ਤ ਸਰੀਰਕ ਮੁਸ਼ੱਕਤ ਵਾਲਾ ਕੰਮ ਦਿਨ ਦੇ ਠੰਢੇ ਹਿੱਸੇ ਵਿਚ ਕਰੋ। ਗਰਮੀ ਦੇ ਬਚਾਓ ਬਾਰੇ ਜੇਕਰ ਇਹਨਾਂ ਸੁਝਾਵਾਂ 'ਤੇ ਅਮਲ ਕੀਤਾ ਜਾਵੇ ਤਾਂ ਕਾਫੀ ਹੱਦ ਤਕ ਇਸ ਦੇ ਭੈੜੇ ਅਸਰਾਂ ਤੋਂ ਬਚਿਆ ਜਾ ਸਕਦਾ ਹੈ।

• ਨਰੇਸ਼ ਪਠਾਣੀਆ
98557-00157

### ਲੂ ਲੱਗਣ 'ਤੇ ਫਸਟ ਏਡ

ਲੂ ਲੱਗਣ ਦੀ ਹਾਲਤ 'ਚ ਮਰੀਜ਼ ਠੰਢੇ ਵਾਤਾਵਰਣ ਵਿੱਚ ਲੈ ਜਾਓ ਅਤੇ ਲਿਟਾਓ। ਧਿਆਨ ਰੱਖੋ ਕਿ ਸਿਰ ਵਾਲਾ ਪਾਸਾ ਸਰੀਰ ਨਾਲੋਂ ਉੱਚਾ ਰਹੇ। ਜੇਕਰ ਪੀੜਤ ਉਛਾਲੀਆਂ ਨਹੀਂ ਕਰ ਰਿਹਾ ਤਾਂ ਉਸਨੂੰ ਪਿੱਠ ਪਰਨੇ ਲਿਟਾ ਦਿਓ। ਜੇ ਉਛਾਲੀਆਂ ਜਾਂ ਦੌਰੇ ਦੀ ਸਥਿੱਤੀ ਹੈ ਤਾਂ ਉਸਨੂੰ ਵੱਖੀ ਪਰਨੇ ਭਾਵ ਰਿਕਵਰੀ ਪੁਜ਼ੀਸ਼ਨ ਵਿੱਚ ਲਿਟਾ ਦਿਓ। ਰੋਗੀ ਦੇ ਤੰਗ ਕੱਪੜੇ ਢਿੱਲੇ ਕਰ ਦਿਓ ਜਾਂ ਉਤਾਰ ਦਿਓ। ਸਿਰ ਅਤੇ ਮੱਥੇ 'ਤੇ ਠੰਢੇ ਪਾਣੀ ਦੇ ਤੌਲੀਏ ਰੱਖੋ। ਪੱਖੇ ਅਤੇ ਕੂਲਰ ਚਲਾ ਦਿਓ ਠੰਢੇ ਪਾਣੀ ਦੀਆਂ ਪੱਟੀਆਂ ਨਾਲ ਸਰੀਰ ਸਪੌਂਜ ਕਰੋ। ਸਰੀਰ 'ਤੇ ਗਿੱਲਾ ਪਤਲਾ ਕੱਪੜਾ ਵੀ ਦਿੱਤਾ ਜਾ ਸਕਦਾ ਹੈ। ਇਹ ਧਿਆਨ ਰੱਖੋ ਕਿ ਪੀੜਤ ਨੂੰ ਬਹੁਤੀ ਠੰਢ ਨਾ ਲੱਗੇ। ਸਰੀਰ ਦਾ ਤਾਪਮਾਨ ਹਰ ਦਸ ਮਿੰਟ ਬਾਅਦ ਜਾਂਚ ਕਰੋ ਅਤੇ ਜਦੋਂ ਇਹ ਤਾਪਮਾਨ 38 ਡਿਗਰੀ ਸੈਂਟੀਗਰੇਡ ਜਾਂ 101 ਡਿਗਰੀ ਫਾਰਨਹੀਟ ਤਕ ਪੁੱਜ ਜਾਵੇ ਤਾਂ ਇਹ ਤਰੀਕਾ ਬੰਦ ਕਰ ਦਿਓ। ਪੀੜਤ ਨੂੰ ਠੰਢੇ ਪਾਣੀ 'ਚ ਥੋੜ੍ਹਾ ਜਿਹਾ ਨਮਕ, ਚੀਨੀ ਅਤੇ ਨਿੰਬੂ ਪਾਕੇ ਸ਼ਿਕੰਜਵੀ ਦਿਓ। ਜੂਸ, ਲੱਸੀ ਵਗੈਰਾ ਵੀ ਦਿੱਤੀ ਜਾ ਸਕਦੀ ਹੈ।

# ਸਿਹਤਮੰਦ ਨਹੀਂ ਫ੍ਰਿਜ ਦਾ ਪਾਣੀ

ਗਰਮੀਆਂ ਦੇ ਦਿਨਾਂ ਵਿਚ ਠੰਢਾ ਪਾਣੀ ਹੀ ਰਾਹਤ ਦਾ ਸਭ ਤੋਂ ਵੱਡਾ ਜ਼ਰੀਆ ਹੈ। ਕਈ ਲੋਕ ਤਾਂ ਫ੍ਰਿਜ ਦਾ ਇਕਦਮ ਠੰਢਾ ਜਾਂ ਚਿਲਡ ਵਾਟਰ ਪੀਣਾ ਪਸੰਦ ਕਰਦੇ ਹਨ ਪਰ ਤੁਹਾਨੂੰ ਦੱਸ ਦੇਈਏ ਕਿ ਫ੍ਰਿਜ ਦਾ ਪਾਣੀ ਪੀਣ ਨਾਲ ਹੇਠ ਲਿਖੇ 5 ਨੁਕਸਾਨ ਵੀ ਹੋ ਸਕਦੇ ਹਨ :

- ਫ੍ਰਿਜ ਵਿਚ ਪਾਣੀ ਬਣਾਉਟੀ ਤਰੀਕੇ ਨਾਲ ਬੇਹੱਦ ਘੱਟ ਤਾਪਮਾਨ 'ਤੇ ਠੰਢਾ ਹੁੰਦਾ ਹੈ, ਜੋ ਨੁਕਸਾਨਦਾਇਕ ਹੈ।
- ਫ੍ਰਿਜ ਦਾ ਇਕਦਮ ਠੰਢਾ ਪਾਣੀ ਪੀਣ ਨਾਲ ਅੰਤੜੀਆਂ ਸੁੰਗੜ ਜਾਂਦੀਆਂ ਹਨ ਜਿਸ ਨਾਲ ਉਹ ਆਪਣਾ ਕੰਮ ਠੀਕ ਢੰਗ ਨਾਲ ਨਹੀਂ ਕਰ ਪਾਉਂਦੀਆਂ। ਨਤੀਜੇ ਵੱਸ ਸਵੇਰੇ ਠੀਕ ਨਾਲ ਪੇਟ ਸਾਫ ਨਹੀਂ ਹੋ ਪਾਉਂਦਾ
- ਇਹ ਪਾਣੀ ਪੀਣ ਨਾਲ ਲੰਬੇ ਸਮੇਂ ਦਾ ਕਬਜ਼ ਹੋ ਸਕਦੀ ਹੈ ਜਿਸ ਨਾਲ ਪੂਰੀ ਸਰੀਰ ਪ੍ਰਣਾਲੀ ਗੜਬੜਾ ਜਾਂਦੀ ਹੈ ਅਤੇ ਕਈ ਤਰ੍ਹਾਂ ਦੀਆਂ ਹੋਰ ਬਿਮਾਰੀਆਂ ਜਨਮ ਲੈਂਦੀਆਂ ਹਨ।
- ਜ਼ਿਆਦਾ ਠੰਢਾ ਪਾਣੀ ਪੀਣ ਨਾਲ ਸਰੀਰ ਦੀਆਂ ਕੋਸ਼ਿਕਾਵਾਂ ਸੁੰਗੜ ਜਾਂਦੀਆਂ ਹਨ ਅਤੇ ਠੀਕ ਢੰਗ ਨਾਲ ਕੰਮ ਨਹੀਂ ਕਰ ਪਾਉਂਦੀਆਂ। ਸਰੀਰ ਦਾ ਮੇਟਾਬਾਲਿਜ਼ਮ ਪ੍ਰਭਾਵਿਤ ਹੁੰਦਾ ਹੈ। ਇਹ ਤੁਹਾਡੀ ਧੜਕਣ ਨੂੰ ਵੀ ਘੱਟ ਕਰ ਸਕਦਾ ਹੈ।
- ਫ੍ਰਿਜ ਦਾ ਪਾਣੀ ਪੀਣ ਨਾਲ ਗਲਾ ਖ਼ਰਾਬ ਹੋਣ ਦੀ ਸੰਭਾਵਨਾ ਰਹਿੰਦੀ ਹੈ। ਇਸ ਨਾਲ ਟਾਂਸਿਲ, ਗਲੇ, ਫੇਫੜੇ ਅਤੇ ਹਾਜ਼ਮੇ ਨਾਲ ਸਬੰਧਿਤ ਰੋਗ ਪਰੇਸ਼ਾਨ ਕਰ ਸਕਦੇ ਹਨ।

# ਡੇਂਗੂ – ਮਲੇਰੀਆ ਲੱਛਣ, ਸਾਵਧਾਨੀ ਤੇ ਇਲਾਜ

> *ਸਫ਼ਾਈ ਦੀ ਘਾਟ ਕਾਰਨ ਭਾਰਤ ਵਿਚ ਹਰ ਸਾਲ ਡੇਂਗੂ ਅਤੇ ਮਲੇਰੀਆ ਕਾਰਨ ਬੇਸ਼ੁਮਾਰ ਮੌਤਾਂ ਹੁੰਦੀਆਂ ਹਨ। ਮੱਛਰਾਂ ਤੋਂ ਬਚਾਅ ਕਰ ਕੇ ਇਸ ਹਮਲੇ ਤੋਂ ਬਚਿਆ ਜਾ ਸਕਦਾ ਹੈ...*

ਸਾਡੇ 100 ਕਰੋੜ ਤੋਂ ਵੱਧ ਆਬਾਦੀ ਵਾਲੇ ਭਾਰਤ ਦੇਸ਼ ਵਿੱਚ ਆਮ ਲੋਕਾਂ ਦੀ ਸਿਹਤ ਭਾਵ ਤੰਦਰੁਸਤੀ ਦੇ ਪੱਧਰ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਾਡੇ ਦੇਸ਼ 'ਚ ਸਾਫ਼ ਸਫ਼ਾਈ ਦਾ ਮੰਦਾ ਹਾਲ ਹੈ। ਇਸੇ ਕਾਰਨ ਭਾਰਤ ਨੂੰ ਡੇਂਗੂ ਸਮੇਤ ਹੋਰ ਕਈ ਬਿਮਾਰੀਆਂ ਦੀ ਰਾਜਧਾਨੀ ਮੰਨਿਆ ਜਾਂਦਾ ਹੈ।

ਅਸਲ ਸੱਚ ਤਾਂ ਇਹ ਹੈ ਕਿ ਅਸੀਂ ਕਈ ਭਿਆਨਕ ਬਿਮਾਰੀਆਂ ਦੀ ਮਾਰ ਝੱਲਦੇ ਰਹਿੰਦੇ ਹਾਂ। ਇਹ ਮਾਰ ਬੱਚਿਆ ਨੂੰ ਲੱਗਣ ਵਾਲੇ ਛੂਤ-ਰੋਗ, ਸੋਕੜਾ, ਕੁਪੋਸ਼ਣ, ਟੀ.ਬੀ., ਖ਼ੂਨ ਦੀ ਘਾਟ, ਮਲੇਰੀਆ, ਡੇਂਗੂ, ਹੈਜਾ, ਪੇਚਿਸ਼, ਉਲਟੀਆਂ - ਦਸਤ, ਟਾਈਫਾਈਡ, ਪੋਲੀਓ, ਸਵਾਈਨ ਫਲੂਅ, ਸਾਰਸ ਤਕ ਹੁੰਦੀ ਹੋਈ ਗੰਦੀਆਂ ਬਸਤੀਆਂ 'ਚੋਂ ਤੁਰ ਕੇ ਸਾਰੇ ਦੇਸ਼ ਨੂੰ ਆਪਣੀ ਗ੍ਰਿਫਤ 'ਚ ਲੈਣ ਨੂੰ ਅਹੁਲਦੀ ਪਲੇਗ ਵਰਗੀ ਨਾਮੁਰਾਦ ਬਿਮਾਰੀ ਤਕ ਜਾ ਅੱਪੜਦੀ ਹੈ। ਇੱਥੇ ਇਹ ਜਿਕਰਯੋਗ ਹੈ ਕਿ ਦਿੱਲੀ ਸਮੇਤ ਦੇਸ਼ ਦੇ ਕਈ ਸੂਬਿਆਂ ਵਿੱਚ ਡੇਂਗੂ ਬੁਖ਼ਾਰ ਨੇ ਅੱਜਕੱਲ੍ਹ ਤਾਂਡਵ ਨਾਚ ਸ਼ੁਰੂ ਕੀਤਾ ਹੋਇਆ ਹੈ ਜਿਸ ਕਾਰਨ ਕੀਮਤੀ ਮਨੁੱਖੀ ਜਾਨਾਂ ਅਣਆਈ ਮੌਤ ਦਾ ਸ਼ਿਕਾਰ ਹੋ ਗਈਆਂ ਹਨ। ਪੰਜਾਬ ਸੂਬੇ 'ਚ ਵੀ ਡੇਂਗੂ ਬੁਖ਼ਾਰ ਨੇ ਦਸਤਕ ਦਿੱਤੀ ਹੋਈ ਹੈ, ਜਿਸ ਦੇ ਬਚਾਅ ਲਈ ਹੋਰ ਸਭ ਤਰ੍ਹਾਂ ਦੀਆਂ ਸਾਵਧਾਨੀਆਂ ਆਪਣਾਉਣ ਤੋਂ ਪਹਿਲਾਂ ਮੱਛਰਾਂ ਅਤੇ ਮੱਛਰ ਪੈਦਾ ਹੋਣ ਦੇ ਸਭ ਸਾਧਨਾਂ ਅਤੇ ਸ੍ਰੋਤਾਂ ਦਾ ਖ਼ਾਤਮਾ ਬੇਹੱਦ ਜ਼ਰੂਰੀ ਹੈ ਤਾਂ ਜੋ ਡੇਂਗੂ ਦੇ ਪ੍ਰਕੋਪ ਤੋਂ ਸਹੀ ਅਰਥਾਂ ਵਿਚ ਬਚਿਆ ਜਾ ਸਕੇ। ਇਹ ਸਮੇਂ ਦੀ ਵੱਡੀ ਲੋੜ ਹੈ।

### ਕਾਰਨ

ਮਲੇਰੀਆ ਐਨੋਫਲੀਜ਼ ਨਾਂ ਦੇ ਮਾਦਾ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਭਾਵ ਮਲੇਰੀਆ ਪਲਾਜ਼ਮੋਡੀਅਮ ਨਾਂ ਦੇ ਪ੍ਰਜੀਵੀ ਕਾਰਣ ਹੋਣ ਵਾਲਾ ਬੁਖ਼ਾਰ ਹੈ, ਜਿਸ ਦੀਆਂ 125 ਤੋਂ ਵੀ ਵੱਧ ਕਿਸਮਾਂ ਹਨ। ਇਹ ਪਸ਼ੂ-ਪੰਛੀਆਂ ਸਮੇਤ ਹੋਰ ਜਾਨਵਰਾਂ ਅਤੇ ਜੀਵ-ਜੰਤੂਆਂ ਨੂੰ ਆਪਣਾ ਸ਼ਿਕਾਰ ਬਣਾਉਂਦੀਆਂ ਹਨ। ਮਨੁੱਖਾਂ ਵਿਚ ਮਲੇਰੀਆ ਪੈਦਾ ਕਰਨ ਵਾਲੀਆਂ ਸਿਰਫ਼ ਚਾਰ ਕਿਸਮਾਂ ਹਨ- ਪਲਾਜ਼ਮੋਡੀਅਮ ਵਾਈਵੈਕਸ, ਪਲਾਜ਼ਮੋਡੀਅਮ ਫੈਲਸੀਪੇਰਮ, ਪਲਾਜ਼ਮੋਡੀਅਮ ਮਲੇਰੀ ਅਤੇ ਪਲਾਜ਼ਮੋਡੀਅਮ ਓਵੇਲ।

ਡੇਂਗੂ ਇੱਕ ਅਜਿਹਾ ਵਾਇਰਲ ਬੁਖ਼ਾਰ ਹੈ ਜੋ ਐਡੀਜ਼, ਨਾਂ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਬੁਖ਼ਾਰ ਇਕ ਬਿਮਾਰ ਵਿਅਕਤੀ ਤੋਂ ਦੂਸਰੇ ਤੰਦਰੁਸਤ ਵਿਅਕਤੀਆਂ ਵਿਚ ਮੱਛਰ ਦੇ ਕੱਟਣ ਨਾਲ ਪਹੁੰਚ ਜਾਂਦਾ ਹੈ।

### ਲੱਛਣ

ਆਮ ਡੇਂਗੂ ਬੁਖ਼ਾਰ 'ਚ ਖ਼ੂਨ ਵਿਚਲੇ ਪਲੇਟਲੈੱਟ ਸੈੱਲ ਘਟ ਜਾਂਦੇ ਹਨ ਜੋ ਕਿ ਖ਼ੂਨ ਵਗਣ ਤੋਂ ਰੋਕਦੇ ਹਨ। ਡੇਂਗੂ ਦੀ ਹੈਮੋਰੇਜਿਕ ਕਿਸਮ ਹੋ ਜਾਣ ਕਰਕੇ ਚਮੜੀ ਉੱਪਰ ਧੱਬੇ ਪੈਣ ਤੋਂ ਇਲਾਵਾ, ਤੇਜ਼ ਥਕਾਵਟ ਅਤੇ ਜੋੜਾਂ ਸਮੇਤ ਮਾਸ-ਪੇਸ਼ੀਆਂ ਵਿੱਚ ਬਹੁਤ ਜ਼ਿਆਦਾ ਦਰਦ ਹੁੰਦਾ ਹੈ। ਨੱਕ ਵਿਚੋਂ ਖ਼ੂਨ ਵਗਣ ਲਗਦਾ ਹੈ। ਸਿਰਫ਼ ਇਹੀ ਨਹੀਂ, ਪੇਸ਼ਾਬ ਅਤੇ ਪਾਖ਼ਾਨਾ ਰਸਤੇ ਵੀ ਲਹੂ ਵਗਣ ਲਗਦਾ ਹੈ। ਡੇਂਗੂ ਬੁਖ਼ਾਰ ਦੀ ਤੀਜੀ ਕਿਸਮ ਸ਼ੌਕ ਸਿੰਡ੍ਰੋਮ ਹੈ, ਜਿਸ ਕਾਰਣ ਮਰੀਜ਼ ਦੇ ਖ਼ੂਨ ਦਾ ਦਬਾਅ ਲਗਾਤਾਰ ਘਟਦਾ ਜਾਂਦਾ ਹੈ ਖ਼ੂਨ 'ਚੋਂ ਪਲਾਜ਼ਮਾ ਅੱਡ ਹੋ ਜਾਂਦਾ ਹੈ। ਫੇਫੜਿਆਂ ਅਤੇ ਦਿਲ ਦੀ ਕਿਰਿਆਵਾਂ 'ਤੇ ਬਹੁਤ ਹੀ ਬੁਰਾ ਅਸਰ ਪੈ ਜਾਂਦਾ ਹੈ। ਪੇਟ ਅੰਦਰ ਪਾਣੀ ਭਰ ਜਾਂਦਾ ਹੈ।

ਜਿਗਰ ਵੱਧ ਜਾਂਦਾ ਹੈ ਸਰੀਰ ਦੇ ਅੰਗਾਂ ਨੂੰ ਖ਼ੂਨ ਦੀ ਸਪਲਾਈ ਨਾ ਮਿਲਣ ਕਰਕੇ ਸਭ ਅੰਗਾਂ ਦਾ ਆਪਸੀ ਸੰਤੁਲਨ ਬੁਰੀ ਤਰ੍ਹਾਂ ਵਿਗੜ ਜਾਂਦਾ ਹੈ। ਅਖ਼ੀਰ ਵਿਚ ਰੋਗੀ ਮੌਤ ਦੇ ਮੂੰਹ ਵੱਲ ਧੱਕਿਆ ਤੁਰਿਆ ਜਾਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਅਜਿਹੀ ਸਥਿਤੀ ਵਿਚ ਮਰੀਜ਼ ਨੂੰ ਹਸਪਤਾਲ ਲਿਜਾਇਆ ਜਾਵੇ ਤਾਂ ਜੋ ਸਮੇਂ ਸਿਰ ਇਲਾਜ ਹੋ ਸਕੇ।

- ਮਲੇਰੀਆ ਅਤੇ ਡੇਂਗੂ ਵਰਗੇ ਲੱਛਣ ਦਿਖਾਈ ਦੇਣ ਤਾਂ ਤੁਰੰਤ ਨੇੜੇ ਦੇ ਸਰਕਾਰੀ ਹਸਪਤਾਲ ਵਿਚ ਜਾ ਕੇ ਕਿਸੇ ਯੋਗ ਤਜਰਬੇਕਾਰ ਡਾਕਟਰ ਤੋਂ ਇਲਾਜ ਕਰਾਓ।
- ਕੋਈ ਵੀ ਬੁਖ਼ਾਰ ਮਲੇਰੀਆ ਜਾਂ ਡੇਂਗੂ ਹੋ ਸਕਦਾ ਹੈ। ਸੋ ਬੁਖ਼ਾਰ ਹੋ ਜਾਣ ਦੀ ਸੂਰਤ ਵਿਚ ਖ਼ੂਨ ਦੀ ਜਾਂਚ ਜ਼ਰੂਰ ਕਰਾਉਣੀ ਚਾਹੀਦੀ ਹੈ।

### ਇਹਤਿਆਤ

ਸਭ ਤੋਂ ਜ਼ਰੂਰੀ ਇਹ ਕਿ ਡੇਂਗੂ ਹੋ ਜਾਣ ਦੀ ਸੂਰਤ ਵਿਚ ਮਰੀਜ਼ ਦਾ ਖਾਣਾ-ਪੀਣਾ ਬੰਦ ਨਾ ਕੀਤਾ ਜਾਵੇ, ਸਗੋਂ ਉਸ ਨੂੰ ਓ.ਆਰ.ਐੱਸ. ਦਾ ਘੋਲ, ਸ਼ਕੰਜਵੀ, ਦੁੱਧ, ਲੱਸੀ ਅਤੇ ਹੋਰ ਤਰਲ ਪਦਾਰਥ ਵੱਧ ਮਾਤਰਾ ਵਿਚ ਦਿੱਤੇ ਜਾਣ। ਇਸ ਬਿਮਾਰੀ ਤੋਂ ਡਰਨ ਜਾਂ ਕਿਸੇ ਵਹਿਮ-ਭਰਮ 'ਚ ਪੈਣ ਦੀ ਬਜਾਏ ਮਾਹਿਰ ਡਾਕਟਰ ਤੋਂ ਇਲਾਜ ਕਰਵਾਓ।

ਮਲੇਰੀਏ ਅਤੇ ਡੇਂਗੂ ਬਾਰੇ ਆਮ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨੀ ਭਾਵੇਂ ਸਿਹਤ ਵਿਭਾਗ ਦੇ ਹਿੱਸੇ ਆਉਂਦਾ ਕੰਮ ਹੈ। ਪਰ ਵੱਖ-ਵੱਖ ਸੰਚਾਰ ਮਾਧਿਅਮਾਂ ਸਮੇਤ ਪੰਚਾਇਤਾਂ ਨਗਰ ਪਾਲਿਕਾਵਾਂ, ਸਵੈ-ਸੇਵੀ ਸੰਸਥਾਵਾਂ, ਕੱਲਬਾਂ, ਸਿੱਖਿਆ ਵਿਭਾਗ ਸਮੇਤ ਰਾਜਸੀ ਤੇ ਧਾਰਮਿਕ ਸੰਸਥਾਵਾਂ ਦਾ ਵੀ ਫ਼ਰਜ਼ ਬਣਦਾ ਹੈ ਕਿ ਮਲੇਰੀਆ ਤੇ ਡੇਂਗੂ ਬੁਖ਼ਾਰ ਬਾਰੇ, ਇਸ ਦੇ ਫੈਲਾਅ, ਕਾਰਨਾਂ, ਇਲਾਜ ਅਤੇ ਬਚਾਅ ਬਾਰੇ ਸਮਾਜ ਵਿਚ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾਵੇ। ਸਮੂਹਕ ਹੀਲਿਆਂ ਰਾਹੀਂ ਹੀ ਅਸੀਂ ਇਨ੍ਹਾਂ ਰੋਗਾਂ ਤੋਂ ਮਨੁੱਖਤਾ ਦਾ ਬਚਾਅ ਕਰ ਸਕਦੇ ਹਾਂ।

• ਲਾਲ ਚੰਦ ਸਿੰਘ
75894-27462

### ਵਰਤੋ ਸਾਵਧਾਨੀ

ਐਡੀਸ ਮੱਛਰ ਘਰਾਂ, 'ਚ ਅਤੇ ਆਸੇ ਪਾਸੇ ਸਾਫ ਪਾਣੀ 'ਚ ਪਲਪਦੇ ਹਨ। ਇਹ ਮੱਛਰ ਸਿਰਫ਼ ਦਿਨ ਵੇਲੇ ਹਮਲਾ ਕਰਦੇ ਹਨ। ਮਲੇਰੀਆ ਅਤੇ ਡੇਂਗੂ ਦੇ ਪ੍ਰਕੋਪ ਤੋ ਬਚਾਅ ਲਈ ਜ਼ਰੂਰੀ ਹੈ ਕਿ ਘਰਾਂ 'ਚ ਅਤੇ ਆਸੇ-ਪਾਸੇ ਕਿਤੇ ਵੀ ਕਿਸੇ ਵੀ ਜਗ੍ਹਾ ਜਾਂ ਬਰਤਨਾਂ ਆਦਿ ਵਿਚ ਫਾਲਤੂ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਪਾਣੀ ਦੇ ਸਭ ਸਾਧਨ ਢੱਕ ਕੇ ਰੱਖਣੇ ਚਾਹੀਦੇ ਹਨ।
ਹਮੇਸ਼ਾ ਪੂਰਾ ਸਰੀਰ ਢਕਣ ਵਾਲੇ ਕੱਪੜੇ ਪਹਿਨਣੇ ਚਾਹੀਦੇ ਹਨ ਅਤੇ ਸੌਣ ਵੇਲੇ ਮੱਛਰਦਾਨੀਆਂ ਦਾ ਪ੍ਰਯੋਗ ਕਰਨ ਤੋਂ ਇਲਾਵਾ ਮੱਛਰ-ਭਜਾਊ ਕ੍ਰੀਮਾਂ ਅਤੇ ਛਿੜਕਾਅ ਲਈ ਕੀਟਨਾਸ਼ਕ ਆਦਿ ਵੀ ਵਰਤੋਂ ਕੀਤੀ ਜਾ ਸਕਦੀ ਹੈ। ਹਰ ਹੀਲੇ ਮੱਛਰਾਂ ਦੇ ਡੰਗਾਂ ਤੋਂ ਬਚਿਆ ਜਾਵੇ। ਸੌਣ ਵੇਲੇ ਮੱਛਰਦਾਨੀਆਂ ਦੀ ਵਰਤੋਂ ਕਰਨੀ ਛੋਟੇ ਬੱਚਿਆਂ ਲਈ ਅਤੇ ਗਰਭਵਤੀ ਔਰਤਾਂ ਲਈ ਬੇਹੱਦ ਜ਼ਰੂਰੀ ਹੈ।

### ਜਾਗਰੂਕਤਾ

ਡੇਂਗੂ ਦੇ ਜਿਆਦਾਤਰ ਮਾਮਲਿਆਂ 'ਚ ਪਲੇਟਲੈਟੱਸ ਭਾਵ ਸੈੱਲ ਘਟ ਜਾਣੇ ਆਮ ਗੱਲ ਹੈ, ਜੋ ਕਿ ਆਮ ਤੌਰ ਤੇ ਡਾਕਟਰੀ ਇਲਾਜ ਦੌਰਾਨ ਭਾਵ ਦਵਾਈਆਂ ਦੇ ਅਸਰ ਨਾਲ 8 ਤੋਂ 10 ਦਿਨਾਂ ਦੇ ਵਿੱਚ ਮਰੀਜ਼ ਦੇ ਠੀਕ ਹੋਣ ਨਾਲ ਆਪਣੇ ਆਪ ਪੂਰੇ ਹੋ ਜਾਂਦੇ ਹਨ।
ਭਾਵੇਂ ਡੇਂਗੂ ਦਾ ਪੱਕਾ ਇਲਾਜ ਨਹੀਂ ਸਗੋਂ ਲੱਛਣਾਂ ਦੇ ਅਧਾਰ 'ਤੇ ਹੀ ਇਸ ਬਿਮਾਰੀ ਦਾ ਇਲਾਜ ਕੀਤਾ ਜਾਂਦਾ ਹੈ।

## ਸੰਪਾਦਕੀ

# ਭਾਰਤ ਵਿਚ ਸਿਹਤ ਸੰਭਾਲ ਇਕ ਵੱਡੀ ਸਮੱਸਿਆ

ਭਾਰਤ ਵਿੱਚ ਸਿਹਤ ਸੰਭਾਲ ਦਾ ਖੇਤਰ ਇੱਕ ਵੱਡੀ ਸਮੱਸਿਆ ਨਾਲ ਜੂਝ ਰਿਹਾ ਹੈ। ਅੰਕੜਾ ਅਤੇ ਪ੍ਰੋਗਰਾਮ ਲਾਗੂ ਕਰਨ ਵਾਲੇ ਮੰਤਰਾਲੇ ਦੇ ਇੱਕ ਨਵੇਂ ਸਰਵੇਖਣ ਮੁਤਾਬਿਕ ਦੇਸ਼ ਦੀ ਲਗਭਗ ਅੱਧੀ ਆਬਾਦੀ ਕੋਲ ਕਿਸੇ ਨਾ ਕਿਸੇ ਤਰ੍ਹਾਂ ਦਾ ਸਿਹਤ ਬੀਮਾ ਕਵਰ ਹੈ, ਪਰ ਫਿਰ ਵੀ ਆਪਣੀ ਜੇਬ 'ਚੋਂ ਡਾਕਟਰੀ ਖਰਚਾ ਕਰਨਾ ਹਰ ਕਿਸੇ ਦੇ ਵੱਸ ਵਿੱਚ ਨਹੀਂ। ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਯੋਜਨਾਵਾਂ ਸਦਕਾ ਬੀਮਾ ਕਵਰੇਜ ਦਾ ਵਿਸਥਾਰ ਹੋਇਆ ਹੈ ਅਤੇ ਪਿੰਡਾਂ ਵਿੱਚ ਇਹ ਹੁਣ ਸ਼ਹਿਰੀ ਖੇਤਰਾਂ ਨਾਲੋਂ ਵੱਧ ਹੈ। ਹਾਲਾਂਕਿ ਕਰੋੜਾਂ ਪਰਿਵਾਰਾਂ ਲਈ ਬਿਮਾਰ ਹੋਣ ਦਾ ਮਤਲਬ ਅਜੇ ਵੀ ਗੰਭੀਰ ਵਿੱਤੀ ਸੰਕਟ ਹੁੰਦਾ ਹੈ। ਸਰਵੇਖਣ ਨੇ ਇੱਕ ਸਪੱਸ਼ਟ ਖ਼ਾਮੀ ਦਾ ਪਰਦਾਫਾਸ਼ ਕੀਤਾ ਹੈ ਕਿ ਹਸਪਤਾਲ ਵਿੱਚ ਭਰਤੀ ਹੋਣ ਦੇ ਮਾਮਲਿਆਂ ਵਿੱਚ ਜੇਬ 'ਚੋਂ ਦਿੱਤਾ ਜਾਣ ਵਾਲਾ ਬਿੱਲ ਔਸਤਨ 34,000 ਰੁਪਏ ਤੋਂ ਵੱਧ ਹੈ, ਜਿਸ ਖ਼ਰਚ ਨੂੰ ਭਾਰਤ ਦੇ ਜ਼ਿਆਦਾਤਰ ਪਰਿਵਾਰ ਸਹਿਣ ਦੇ ਸਮਰੱਥ ਨਹੀਂ ਹਨ। ਬੀਮਾ ਛੱਤਰੀ ਵੱਡੀ ਹੁੰਦੀ ਜਾਣ ਦੇ ਨਾਲ-ਨਾਲ ਡਾਕਟਰੀ ਇਲਾਜ ਦਾ ਆਰਥਿਕ ਬੋਝ ਵੀ ਵਧਦਾ ਰਹਿੰਦਾ ਹੈ ਕਿਉਂਕਿ ਇਲਾਜ ਦੇ ਖ਼ਰਚੇ ਮਹਿੰਗਾਈ ਦਰ ਤੋਂ ਵੀ ਤੇਜ਼ੀ ਨਾਲ ਵਧਦੇ ਹਨ।

ਇਸ ਦਾ ਇੱਕ ਮੁੱਖ ਕਾਰਨ ਨਿੱਜੀ ਸਿਹਤ ਸੰਭਾਲ ਖੇਤਰ ਦਾ ਵਧਦਾ ਦਬਦਬਾ ਹੈ। ਵਧੇਰੇ ਭਾਰਤੀ ਨਿੱਜੀ ਹਸਪਤਾਲਾਂ ਨੂੰ ਤਰਜੀਹ ਦਿੰਦੇ ਹਨ, ਜਿੱਥੇ ਖ਼ਰਚੇ ਸਰਕਾਰੀ ਸੰਸਥਾਵਾਂ ਨਾਲੋਂ ਕਿਤੇ ਵੱਧ ਹਨ। ਜਨਤਕ ਸਿਹਤ ਸੰਭਾਲ ਸੰਸਥਾਵਾਂ ਵਿੱਚ ਸਰਕਾਰ ਦੀ ਭਾਗੀਦਾਰੀ ਘਟਣ ਨਾਲ ਮਰੀਜ਼ਾਂ ਨੂੰ ਮਜਬੂਰੀ ਵਿੱਚ ਵਧੇਰੇ ਮਹਿੰਗੇ ਵਿਕਲਪਾਂ ਵੱਲ ਮੁੜਨਾ ਪੈਂਦਾ ਹੈ, ਜਿਸ ਨਾਲ ਬੀਮਾ ਸੁਰੱਖਿਆ ਜਾਲ ਦੇ ਲਾਭ ਘੱਟ ਹੋ ਰਹੇ ਹਨ। 'ਆਯੁਸ਼ਮਾਨ ਭਾਰਤ ਯੋਜਨਾ' ਵਰਗੀਆਂ ਪ੍ਰਮੁੱਖ ਯੋਜਨਾਵਾਂ ਨੂੰ ਨਾਕਸ ਢੰਗ ਨਾਲ ਲਾਗੂ ਕਰਨਾ ਵੀ ਇੱਕ ਹੋਰ ਰੁਕਾਵਟ ਹੈ। ਇਲਾਜ 'ਤੇ ਹੋਣ ਵਾਲੇ ਖ਼ਰਚ ਦੀ ਬੀਮਾ ਕੰਪਨੀ ਜਾਂ ਸਰਕਾਰ ਵੱਲੋਂ ਅਦਾਇਗੀ 'ਚ ਦੇਰੀ ਹੋਣ ਨਾਲ ਸਾਰਾ ਬੋਝ ਮਰੀਜ਼ ਅਤੇ ਉਸ ਦੇ ਪਰਿਵਾਰ ਉੱਤੇ ਪੈਂਦਾ ਹੈ, ਜਿਸ ਨਾਲ ਇੱਕ ਤਰ੍ਹਾਂ ਯੋਜਨਾਵਾਂ ਅਧੀਨ ਸਸਤੀਆਂ ਮਿਲਣ ਵਾਲੀਆਂ ਸਿਹਤ ਸੇਵਾਵਾਂ ਵਿੱਚ ਵਿਘਨ ਪੈਣ ਦਾ ਖ਼ਤਰਾ ਹੈ। ਜੇਕਰ ਸਰਕਾਰ ਵੱਲੋਂ ਯੋਜਨਾਵਾਂ ਤਹਿਤ ਸੂਚੀਬੱਧ ਹਸਪਤਾਲ ਪੈਰ ਪਿਛਾਂਹ ਖਿੱਚ ਲੈਂਦੇ ਹਨ ਤਾਂ ਇਹ ਯੋਜਨਾਵਾਂ ਕਾਰਗਰ ਨਹੀਂ ਰਹਿੰਦੀਆਂ, ਜਿਸ ਨਾਲ ਗ਼ਰੀਬ ਨਾਗਰਿਕ ਇਲਾਜ ਤੋਂ ਵਾਂਝੇ ਰਹਿ ਸਕਦੇ ਹਨ।

ਇਸ ਦਾ ਸਿੱਟਾ ਸਪੱਸ਼ਟ ਹੈ ਕਿ ਸਿਰਫ਼ ਬੀਮਾ ਕਵਰੇਜ ਹੀ ਕਾਫ਼ੀ ਨਹੀਂ ਹੈ। ਭਾਰਤ ਨੂੰ ਆਪਣੇ ਜਨਤਕ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ??ਤੇ ਨਿੱਜੀ ਖੇਤਰ ਵਿੱਚ ਖ਼ਰਚਿਆਂ ਨੂੰ ਨਿਯਮਿਤ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਸਰਕਾਰੀ ਯੋਜਨਾਵਾਂ ਤਹਿਤ ਸਮੇਂ ਸਿਰ ਭੁਗਤਾਨ ਯਕੀਨੀ ਬਣਾਉਣਾ ਚਾਹੀਦਾ ਹੈ। ਇਨ੍ਹਾਂ ਸੁਧਾਰਾਂ ਦੀ ਅਣਹੋਂਦ ਵਿੱਚ ਬੀਮੇ ਦਾ ਵਿਸਥਾਰ ਮਹਿਜ਼ ਅੰਕੜਿਆਂ ਦੀ ਖੇਡ ਹੀ ਸਾਬਿਤ ਹੋਵੇਗਾ। ਸਿਹਤ ਸੰਭਾਲ ਯੋਜਨਾਵਾਂ ਸਬੰਧੀ ਕਾਰਡ ਆਦਿ ਬਣਾਉਣ ਨਾਲ ਹੀ ਸਿਹਤ ਸੰਭਾਲ ਸਹੂਲਤਾਂ ਦੀ ਗਾਰੰਟੀ ਨਹੀਂ ਹੋ ਸਕਦੀ। ਇਸ ਖੱਪੇ ਨੂੰ ਪੂਰਨ ਦੀ ਜ਼ਰੂਰਤ ਹੈ, ਜਿਸ ਵਿੱਚ ਨਾਕਾਮ ਰਹਿਣ 'ਤੇ ਹਸਪਤਾਲ ਦੇ ਬਿੱਲਾਂ ਦੀ ਅਦਾਇਗੀ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਸਿਰ ਹੀ ਪੈਂਦੀ ਰਹੇਗੀ।

# ਪੰਜਾਬ ਸਰਕਾਰ ਕਣਕ ਦੀ ਖਰੀਦ ਨੂੰ ਬਣਾਵੇ ਯਕੀਨੀ: ਰੱਖੜਾ

ਪਟਿਆਲਾ, 25 ਅਪ੍ਰੈਲ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤੀ ਦੇ ਸੀਨੀਅਰ ਆਗੂ ਅਤੇ ਪੰਥਕ ਸ਼ਖ਼ਸ਼ੀਅਤ ਸਨੀ ਢਿੱਲੋਂ ਨੇ ਪੁਨਰ ਸਰਜੀਤੀ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨਾਲ ਮੁਲਾਕਾਤ ਕਰਨ ਉਪਰੰਤ ਕਰਤਾਰ ਵਿਲਾ ਰੱਖੜਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਅਤੇ ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਇਸ ਵਾਰ ਜਰੂਰੀ ਹੈ ਸੂਬੇ ਵਿੱਚ ਪੁਨਰ ਸੁਰਜੀਤੀ ਅਕਾਲੀ ਦਲ ਦੀ ਸਰਕਾਰ ਬਣਾਈ ਜਾਵੇ ਉਨ੍ਹਾਂ ਕਿਹਾ ਕਿ ਬਾਦਲ ਸਰਕਾਰ, ਕਾਂਗਰਸ ਸਰਕਾਰ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬੀਆਂ ਨੂੰ ਗੁਮਰਾਹ ਕੀਤਾ ਪੰਜਾਬ ਨੇ ਲੁੱਟਿਆ ਅਤੇ ਕੁੱਟਿਆ ਅਤੇ ਪੰਜਾਬ ਦੇ ਅਸਲ ਮੁੱਦਿਆਂ ਤੋਂ ਜਨਤਾ ਦਾ ਧਿਆਨ ਭਟਕਾਇਆ ਹੁਣ ਜਰੂਰੀ ਹੈ ਕੀ ਇਸ ਪੰਥਕ ਸੂਬਿਆਂ ਨੂੰ ਬਚਾਉਣ ਲਈ ਅਤੇ ਪੰਜਾਬ ਨੂੰ ਫਿਰ ਤੋਂ ਉਸਦਾ ਪੁਰਾਣਾ ਰੁਤਬਾ ਬਹਾਲ ਕਰਵਾਉਣ ਲਈ 2027 ਦੀਆਂ ਵਿਧਾਨ ਸਭਾ ਚੋਣਾਂ ਚ ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤੀ ਨੂੰ ਮੌਕਾ ਦਿੱਤਾ ਜਾਵੇ ਤਾਂ ਜੋ ਪੰਜਾਬ ਦੀਆਂ ਸਮੱਸਿਆਵਾਂ ਦਾ ਖਤਮ ਕਰਕੇ ਪੰਜਾਬ ਦੇ ਲੋਕਾਂ ਵੱਲੋਂ ਬਣਾਈ ਗਈ ਸਰਕਾਰ ਪੰਜਾਬ ਦੇ ਮਸਲੇ ਹੱਲ ਕਰ ਸਕੇ ਇਸ ਮੌਕੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਕਾਨੂੰਨ ਬਣਾ ਕੇ ਜਿੱਥੇ ਆਪ ਸਰਕਾਰ ਨੇ ਸਲਾਘਾਯੋਗ ਕੰਮ ਕੀਤਾ ਹੈ ਉੱਥੇ ਹੀ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਕਣਕ ਦੀ ਖਰੀਦ ਨੂੰ ਯਕੀਨੀ ਬਣਾਉਣ ਦੀ ਲੋੜ ਹੈ ਕਿਉਂਕਿ ਪੰਜਾਬ ਦਾ ਕਿਸਾਨ ਪਿਛਲੇ ਕਈ ਦਿਨਾਂ ਤੋਂ ਮੰਡੀਆਂ ਵਿੱਚ ਰੁਲਣ ਲਈ ਮਜਬੂਰ ਹੈ ਜਿੱਥੇ ਮੰਡੀਆਂ ਵਿੱਚ ਵਾਰਦਾਨਾ ਅਤੇ ਲਿਫਟਿੰਗ ਨਾ ਹੋਣ ਕਰਕੇ ਕਣਕ ਦੇ ਢੇਰ ਲੱਗੇ ਹੋਏ ਹਨ ਜਿਸ ਕਰਕੇ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਸਿਉਨੇ ਵਰਗੀ ਕਣਕ ਦੀ ਫਸਲ ਖੁੱਲ੍ਹੇ ਅਸਮਾਨ ਹੇਠਾਂ ਪਈ ਹੈ ਰੱਖੜਾ ਨੇ ਕਿਹਾ ਕਿ ਆਪ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਬਚਾਉਣ ਲਈ ਫਸਲੀ ਬੀਮਾ ਯੋਜਨਾ ਲਾਗੂ ਕਰੇ ਤਾਂ ਜੋ ਕੁਦਰਤੀ ਮਾਰ ਚੱਲ ਰਿਹਾ ਕਿਸਾਨ ਆਰਥਿਕ ਬੋਝ ਪੈਣ ਕਾਰਨ ਖੁਦਕੁਸ਼ੀਆਂ ਦੇ ਰਸਤੇ ਤੇ ਜਾਣ ਤੋਂ ਰੁਕ ਸਕੇ ਉਨ੍ਹਾਂ ਕਿਹਾ ਕਿ ਹਾਲੇ ਵੀ ਸੂਬੇ ਅੰਦਰ ਬਹੁਤ ਸਾਰੇ ਮੰਡੀਆਂ ਦੇ ਫੜ ਕੱਚੇ ਹਨ ਜਿਨ੍ਹਾਂ ਨੂੰ ਪੱਕੇ ਕਰਨਾ ਸਮੇਂ ਦੀ ਮੁੱਖ ਲੋੜ ਹੈ।

# ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸਰਕਾਰੀ ਐਲੀਮੈਂਟਰੀ ਸਕੂਲ ਬਜਵਾੜਾ 'ਚ ਨਵੇਂ ਕਲਾਸਰੂਮਾਂ ਦਾ ਕੀਤਾ ਉਦਘਾਟਨ

ਹੁਸ਼ਿਆਰਪੁਰ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਅੱਜ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸਰਕਾਰੀ ਐਲੀਮੈਂਟਰੀ ਸਕੂਲ ਬਜਵਾੜਾ ਵਿੱਚ 7.50 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਨਵੇਂ ਕਲਾਸਰੂਮਾਂ ਦਾ ਉਦਘਾਟਨ ਕੀਤਾ।

ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰਨ ਅਤੇ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਸਹੂਲਤਾਂ ਪ੍ਰਦਾਨ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ।

ਵਿਧਾਇਕ ਜਿੰਪਾ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣਾ ਪੰਜਾਬ ਸਰਕਾਰ ਦੀਆਂ ਤਰਜੀਹਾਂ ਵਿੱਚ ਸ਼ਾਮਲ ਹੈ। ਇਸੇ ਮਕਸਦ ਨਾਲ ਸਕੂਲਾਂ ਵਿੱਚ ਨਵੇਂ ਕਮਰੇ, ਆਧੁਨਿਕ ਸਹੂਲਤਾਂ, ਸਾਫ-ਸੁਥਰਾ ਵਾਤਾਵਰਣ ਅਤੇ ਗੁਣਵੱਤਾਪੂਰਨ ਸਿੱਖਿਆ ਯਕੀਨੀ ਬਣਾਈ ਜਾ ਰਹੀ ਹੈ, ਤਾਂ ਜੋ ਪਿੰਡਾਂ ਅਤੇ ਸ਼ਹਿਰੀ ਇਲਾਕਿਆਂ ਦੇ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਮਿਲ ਸਕੇ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਇਹ ਸੁਧਾਰ ਆਉਣ ਵਾਲੇ ਸਮੇਂ ਵਿੱਚ ਰਾਜ ਦੇ ਬੱਚਿਆਂ ਦੇ ਚਮਕਦਾਰ ਭਵਿੱਖ ਦੀ ਨੀਂਹ ਸਾਬਤ ਹੋਣਗੇ।

ਉਨ੍ਹਾਂ ਕਿਹਾ ਕਿ ਪਹਿਲਾਂ ਸਰਕਾਰੀ ਸਕੂਲਾਂ ਵਿੱਚ ਸਹੂਲਤਾਂ ਦੀ ਘਾਟ ਕਾਰਨ ਮਾਪੇ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ ਵਿੱਚ ਭੇਜਣ ਲਈ ਮਜਬੂਰ ਹੁੰਦੇ ਸਨ, ਪਰ ਹੁਣ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਨੂੰ ਆਧੁਨਿਕ ਅਤੇ ਸਹੂਲਤਯੁਕਤ ਬਣਾ ਰਹੀ ਹੈ, ਜਿਸ ਨਾਲ ਲੋਕਾਂ ਦਾ ਭਰੋਸਾ ਸਰਕਾਰੀ ਸਿੱਖਿਆ ਪ੍ਰਣਾਲੀ 'ਤੇ ਲਗਾਤਾਰ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਵਿੱਚ ਨਿਵੇਸ਼ ਕਰਨਾ ਭਵਿੱਖ ਵਿੱਚ ਨਿਵੇਸ਼ ਕਰਨ ਦੇ ਬਰਾਬਰ ਹੈ ਅਤੇ ਰਾਜ ਸਰਕਾਰ ਇਸ ਦਿਸ਼ਾ ਵਿੱਚ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ।

ਇਸ ਮੌਕੇ ਸਕੂਲ ਸਟਾਫ ਅਤੇ ਸਥਾਨਕ ਨਿਵਾਸੀਆਂ ਨੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਨਵੇਂ ਕਲਾਸਰੂਮ ਬਣਨ ਨਾਲ ਵਿਦਿਆਰਥੀਆਂ ਨੂੰ ਬਿਹਤਰ ਵਾਤਾਵਰਣ ਵਿੱਚ ਪੜ੍ਹਾਈ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਵੀ ਸਰਾਹਨਾ ਕੀਤੀ।

ਪ੍ਰੋਗਰਾਮ ਦੌਰਾਨ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਅਮਨਦੀਪ ਸ਼ਰਮਾ, ਸਰਪੰਚ ਰਾਜੇਸ਼ ਕੁਮਾਰ ਬੱਬੂ ਤੋਂ ਇਲਾਵਾ ਵਿਭਾਗ ਦੇ ਅਧਿਕਾਰੀ, ਐਸਐਮਸੀ ਮੈਂਬਰ, ਅਧਿਆਪਕ ਵਰਗ, ਵਿਦਿਆਰਥੀ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀ ਮੌਜੂਦ ਸਨ।

# ਨਵੀਂ ਖੇਤੀ ਮਸ਼ੀਨਰੀ ਲਈ ਅਰਜ਼ੀਆਂ ਦੀ ਮੰਗ : ਮੁੱਖ ਖੇਤੀਬਾੜੀ ਅ.ਫਸਰ

ਬਠਿੰਡਾ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵੱਲੋ ਫ਼ਸਲੀ ਵਿਭਿੰਨਤਾ ਅਤੇ ਨਵੀਂ ਖੇਤੀ ਮਸ਼ੀਨਰੀ ਨੂੰ ਉਤਸ਼ਾਹਿਤ ਕਰਨ ਲਈ ਸੀ.ਡੀ.ਪੀ. ਅਤੇ ਸਮੈਮ ਸਕੀਮ ਸਾਲ 2026-27 ਦੌਰਾਨ ਖੇਤੀ ਮਸ਼ੀਨਰੀ ਸਬਸਿਡੀ 'ਤੇ ਦੇਣ ਲਈ ਆਨਲਾਈਨ ਅਰਜ਼ੀਆਂ ਦੀ ਮੰਗ ਕੀਤੀ ਹੈ।ਇਸ ਸਕੀਮ ਤਹਿਤ ਵਿਅਕਤੀਗਤ ਕਿਸਾਨ ਕਸਟਮ ਹਾਈਰਿੰਗ ਸੈਂਟਰ ਵਿਖੇ ਸੀ.ਡੀ.ਪੀ ਸਕੀਮ ਹੇਠ ਫ਼ਸਲੀ ਵਿਭਿੰਨਤਾ ਲਈ ਮਸ਼ੀਨਾਂ ਨੁਮੈਟਿਕ ਪਲਾਂਟਰ, ਸੂਗਰਕੇਨ ਹਰਵੇਸਟਰ, ਮੇਜ਼ ਸ਼ੈਲਰ, ਹਾਈ ਕਲੀਰੈਂਸ ਬੂਮ ਸਪਰੇਅਰ, ਮੈਨੂਅਲਪਾਵਰ ਸਪਰੇਅਰ, ਸ਼ੂਗਰਕੇਨ ਪਲਾਂਟਰ, ਇੰਨਫੀਲਡਰ, ਗਰਾਊਂਡਨਟ ਡਿੱਗਰ, ਕਾਟਨ ਪਲਾਂਟਰ ਅਤੇ ਮਲਟੀ ਕਰਾਪ ਥਰੈਸ਼ਰ ਅਤੇ ਪੋਰਟਲ ਦੀ ਸੂਚੀ 'ਚ ਦਰਜ ਮਸ਼ੀਨਾਂ ਲਈ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਸਕੀਮਾਂ ਦਾ ਲਾਭ ਲੈਣ ਆਪਣੀ ਅਰਜੀ agrimachinerypb.com ਪੋਰਟਲ 'ਤੇ ਆਨਲਾਈਨ 20 ਅਪ੍ਰੈਲ 2026 ਤੋਂ 12 ਮਈ 2026 ਤੱਕ ਦੇ ਸਕਦੇ ਹਨ। ਜੇਕਰ ਫਾਈਲ ਅਪਲਾਈ ਸਬੰਧੀ ਕੋਈ ਸਮੱਸਿਆਂ ਆਉਦੀ ਹੈ ਤਾਂ ਕਿਸਾਨ ਆਪਣੇ ਸਬੰਧਤ ਬਲਾਕ ਖੇਤੀਬਾੜੀ ਦਫ਼ਤਰ ਅਤੇ ਵਧੇਰੇ ਜਾਣਕਾਰੀ ਲਈ ਦਫ਼ਤਰ ਸਹਾਇਕ ਖੇਤੀਬਾੜੀ ਇੰਜੀਨੀਅਰ, ਬਠਿੰਡਾ ਬਰਾਂਚ ਵਿਖੇ ਸੰਪਰਕ ਕਰਨ।

ਇਸ ਤੋਂ ਇਲਾਵਾ ਸਮੈਮ ਸਕੀਮ ਅਧੀਨ ਵਿਅਕਤੀਗਤ ਕਿਸਾਨ ਅਤੇ ਕਸਟਮ ਹਾਈਰਿੰਗ ਸੈਂਟਰਾਂ ਲਈ ਡੀ.ਐਸ.ਆਰ, ਪੀ.ਟੀ.ਓ ਉਪਰੇਟਿਡ ਬੰਡ ਫਾਰਮਰ, ਹਾਈ ਕਲੀਰੈਂਸ ਬੂਮ ਸਪਰੇਅਰ, ਪੀ.ਟੀ.ਓ ਉਪਰੇਟਿਡ ਫਰਟੀਲਾਈਜ਼ਰ ਸਪਰੈਡਰ, ਪੈਡੀ ਟਰਾਂਸਪਲਾਂਟਰ, ਟਰੈਕਟਰ ਆਪਰੇਟਿਡ ਬੂਮ ਸਪਰੇਅਰ, ਨਰਸਰੀ ਸੀਡਰ, ਟਰੈਕਟਰ ਆਪਰੇਟਿਡ ਇਲੈਕਟਰੋਸਟੈਟਿਕ ਸਪਰੇਅਰ ਆਦਿ ਮਸ਼ੀਨਾਂ ਨੂੰ ਆਨਲਾਇਨ ਅਪਲਾਈ ਕੀਤਾ ਜਾ ਸਕਦਾ ਹੈ।

ਡਾ. ਹਰਪ੍ਰੀਤਪਾਲ ਕੌਰ, ਮੁੱਖ ਖੇਤੀਬੜੀ ਅਫਸਰ, ਬਠਿੰਡਾ ਨੇ ਵਧੇਰੇ ਜਾਣਕਾਰੀ ਦਿੰਦਿਆ ਕਿਹਾ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵੱਲੋ ਸੀ.ਡੀ.ਪੀ ਸਕੀਮ ਹੇਠ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਵਾਲੀਆਂ ਖੇਤੀ ਮਸ਼ੀਨਾਂ ਅਤੇ ਸਮੈਮ ਸਕੀਮ ਅਧੀਨ ਆਧੁਨਿਕ ਖੇਤੀ ਮਸ਼ੀਨਾਂ ਸਬਸਿਡੀ 'ਤੇ ਮੁਹੱਈਆ ਕਰਵਾਈਆ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮਸ਼ੀਨਾਂ ਦੀ ਵਰਤੋਂ ਨਾਲ ਖੇਤੀ ਕਰਨੀ ਸੌਖੀ ਹੋਣ ਦੇ ਨਾਲ-ਨਾਲ, ਸਮੇਂ ਦੀ ਬੱਚਤ ਵੀ ਹੋਵੇਗੀ, ਲੇਬਰ ਦਾ ਖਰਚਾ ਘੱਟ ਹੋਵੇਗਾ ਅਤੇ ਪਾਣੀ ਦੀ ਬੱਚਤ ਹੋਵੇਗੀ ਅਤੇ ਨਾਲ ਹੀ ਕਿਸਾਨਾਂ ਦਾ ਮੁਨਾਫਾ ਵੀ ਵਧੇਗਾ।

# ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਸਟਾਫ਼ ਨੇ ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ ਬਾਰੇ ਦਿੱਤੀ ਜਾਣਕਾਰੀ



ਬਟਾਲਾ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਡਾ. ਮਹਿਤਾਬ ਸਿੰਘ, ਐਸ.ਐਸ.ਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਿਸ ਦੇ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਸਟਾਫ਼ ਨੇ ਸਰਕਾਰੀ ਹਾਈ ਸਕੂਲ ਗੋਖੂਵਾਲ, ਬਟਾਲਾ ਵਿਖੇ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ ਅਤੇ ਟ੍ਰੈਫਿਕ ਸੇਫਟੀ ਬਾਰੇ ਵੱਡਮੁੱਲੀ ਜਾਣਕਾਰੀ ਦਿੱਤੀ।ਜਾਗਰੂਕਤਾ ਸੈਮੀਨਾਰ ਵਿਚ ਵਿਦਿਆਰਥੀਆਂ ਨੂੰ ਨਾਬਾਲਗ ਬੱਚਿਆਂ ਨੂੰ ਗੱਡੀ ਚਲਾਉਣ ਵਿਰੁੱਧ ਨਵੇਂ ਕਾਨੂੰਨ ਅਤੇ ਸੜਕ ਸੁਰੱਖਿਆ ਨਿਯਮਾਂ ਬਾਰੇ ਜਾਣਕਾਰੀ ਦਿੱਤੀ।ਪੁਲਿਸ ਦੇ ਟਰੈਫਿਕ ਐਜੂਕੇਸ਼ਨ ਸੈੱਲ ਦੇ ਅਧਿਕਾਰੀਆਂ ਵਲੋਂ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਰੋਡ ਲਾਈਨ ਤੇ ਰੋਡ ਸਾਈਨ ਬਾਰੇ ਜਾਗਰੂਕ ਕੀਤਾ ਜਾਂਦਾ ਹੈ ਵੀ ਜਾਣਕਾਰੀ ਦਿੱਤੀ ਜਾਂਦੀ ਹੈ।ਜਾਗਰੂਕਤਾ ਸੈਮੀਨਾਰ ਵਿਚ ਵਿਦਿਆਰਥੀਆਂ ਨੂੰ ਘੱਟ ਉਮਰ ਵਿੱਚ ਡਰਾਈਵਿੰਗ ਕਰਨ ਉਪਰੰਤ ਹੋਣ ਵਾਲੀ ਕਨੂੰਨੀ ਕਾਰਵਾਈ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

# ਵਿਧਾਇਕ ਛੀਨਾ ਵੱਲੋਂ ਵਾਰਡ ਨੰਬਰ 43 'ਚ ਵਿਕਾਸ ਕਾਰਜ਼ਾਂ ਦਾ ਉਦਘਾਟਨ

ਲੁਧਿਆਣਾ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਨ ਸਭਾ ਹਲਕਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਵਾਰਡ ਨੰਬਰ 43, ਨੇੜੇ ਅਪੋਲੋ ਹਸਪਤਾਲ ਵਿਖੇ ਆਰ.ਐਮ.ਸੀ. ਗਲੀਆਂ ਬਣਾਉਣ ਦੇ ਮਹੱਤਵਪੂਰਨ ਵਿਕਾਸ ਕਾਰਜ਼ਾਂ ਦਾ ਉਦਘਾਟਨ ਕੀਤਾ ਗਿਆ।ਵਿਧਾਇਕ ਛੀਨਾ ਨੇ ਕਿਹਾ ਕਿ ਇਸ ਪ੍ਰੋਜੈਕਟ ਤਹਿਤ ਕਰੀਬ 97.84 ਲੱਖ ਰੁਪਏ ਖਰਚ ਕੀਤੇ ਜਾਣਗੇ।

ਵਿਧਾਇਕ ਛੀਨਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਲੋਕਾਂ ਨੂੰ ਸਿਰਫ਼ ਅਧੂਰੇ ਕੰਮ, ਟੁੱਟੀਆਂ ਸੜਕਾਂ ਅਤੇ ਖਾਲੀ ਵਾਅਦੇ ਹੀ ਮਿਲੇ ਸਨ ਪਰ ਮੌਜੂਦਾ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਰਾਜਨੀਤੀ ਨਹੀਂ, ਸੇਵਾ ਦੀ ਭਾਵਨਾ ਨਾਲ ਕੰਮ ਕਰ ਰਹੀ ਹੈ, ਜਿਸ ਕਾਰਨ ਅੱਜ ਵਿਕਾਸ ਸਿਰਫ਼ ਕਾਗਜ਼ਾਂ ਵਿੱਚ ਨਹੀਂ ਸਗੋਂ ਸਿੱਧਾ ਜ਼ਮੀਨੀ ਪੱਧਰ 'ਤੇ ਨਜਰ ਆ ਰਿਹਾ ਹੈ। ਵਿਧਾਇਕ ਛੀਨਾ ਨੇ ਅੱਗੇ ਕਿਹਾ ਕਿ ਇਲਾਕੇ ਦੇ ਹਰ ਮੁਹੱਲੇ ਤੱਕ ਬੁਨਿਆਦੀ ਸਹੂਲਤਾਂ ਪਹੁੰਚਾਉਣਾ ਸਰਕਾਰ ਦੀ ਪਹਿਲ ਹੈ ਅਤੇ ਇਹ ਵਿਕਾਸ ਯਾਤਰਾ ਆਉਣ ਵਾਲੇ ਸਮੇਂ ਵਿੱਚ ਵੀ ਲਗਾਤਾਰ ਜਾਰੀ ਰਹੇਗੀ।

ਇਸ ਮੌਕੇ ਇਲਾਕਾ ਨਿਵਾਸੀਆਂ ਵੱਲੋਂ ਖ਼ੁਸ਼ੀ ਜਤਾਉਂਦੇ ਹੋਏ ਕਿਹਾ ਗਿਆ ਕਿ ਲੰਮੇ ਸਮੇਂ ਬਾਅਦ ਇਲਾਕੇ ਵਿੱਚ ਅਸਲ ਵਿਕਾਸ ਦੇ ਕੰਮ ਸ਼ੁਰੂ ਹੋਏ ਹਨ। ਉਨ੍ਹਾਂ ਦੱਸਿਆ ਕਿ ਪਹਿਲਾਂ ਟੁੱਟੀਆਂ ਗਲੀਆਂ ਅਤੇ ਮੁਸ਼ਕਿਲਾਂ ਭਰੇ ਰਸਤਿਆਂ ਕਾਰਨ ਰੋਜ਼ਾਨਾ ਜ਼ਿੰਦਗੀ ਬਹੁਤ ਔਖੀ ਸੀ, ਪਰ ਹੁਣ ਇਹ ਪ੍ਰੋਜੈਕਟ ਉਨ੍ਹਾਂ ਲਈ ਵੱਡੀ ਰਾਹਤ ਲੈ ਕੇ ਆਵੇਗਾ।

# ਰਾਜੇਸ਼ ਰਾਜੂ ਸਰੀਨ ਪੰਜਾਬ ਸਰਕਾਰ ਵੱਲੋਂ ਆਬਕਾਰੀ-ਕਰ ਵਿਭਾਗ ਕਮੇਟੀ ਦੇ ਮੈਂਬਰ ਨਿਯੁਕਤ

ਲੁਧਿਆਣਾ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਰਾਜੇਸ਼ ਰਾਜੂ ਸਰੀਨ ਨੂੰ ਪੰਜਾਬ ਸਰਕਾਰ ਵੱਲੋਂ ਆਬਕਾਰੀ-ਕਰ ਵਿਭਾਗ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਅੱਜ ਰਾਜੇਸ਼ ਰਾਜੂ ਸਰੀਨ ਨੇ ਉਪ ਆਬਕਾਰੀ - ਕਰ ਕਮਿਸ਼ਨਰ, ਲੁਧਿਆਣਾ ਮੈਡਮ ਰਣਧੀਰ ਕੌਰ ਗਿੱਲ ਜੀ ਨਾਲ ਮੁਲਾਕਾਤ ਕਰਕੇ ਗੁਲਦਸਤਾ ਭੇਂਟ ਕੀਤਾ। ਸਰੀਨ ਨੇ ਕਿਹਾ ਕਿ ਉਹ ਸਰਕਾਰ ਵਲੋਂ ਸੌਂਪੀ ਗਈ ਇਸ ਜਿੰਮੇਵਾਰੀ ਲਈ ਧੰਨਵਾਦੀ ਹਨ ਅਤੇ ਭਰੋਸਾ ਦਿੰਦੇ ਹਨ ਕਿ ਇਸ ਫਰਜ਼ ਨੂੰ ਤਹਿ ਦਿਲੋਂ ਨਿਭਾਉਣਗੇ।



ਇਸ ਮੌਕੇ ਤੇ ਮੈਡਮ ਗਿਲ ਜੀ ਨਾਲ ਵਪਾਰੀਆਂ ਨੂੰ ਕਰ ਸਬੰਧੀ ਆਉਂਦਿਆ ਪਰੇਸ਼ਾਨੀਆਂ ਦਾ ਜ਼ਿਕਰ ਕੀਤਾ ਅਤੇ ਮੈਡਮ ਗਿੱਲ ਜੀ ਨੇ ਭਰੋਸਾ ਦਿੱਤਾ ਕਿ ਜਲਦ ਹੀ ਇਨ੍ਹਾਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ।

### 2 ਬੱਚੀਆਂ ਰੇਲਵੇ ਸਟੇਸ਼ਨ ਬਠਿੰਡਾ ਤੋਂ ਲਾਵਾਰਿਸ ਹਾਲਤ 'ਚ ਮਿਲੀਆਂ

ਬਠਿੰਡਾ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਬਠਿੰਡਾ ਸ਼੍ਰੀਮਤੀ ਰਵਨੀਤ ਕੌਰ ਵੱਲੋਂ ਦੱਸਿਆ ਗਿਆ ਕਿ ਦਿਨ ਮੰਗਲਵਾਰ ਨੂੰ ਸਵੇਰੇ ਲਗਭਗ 2 ਵਜੇ ਟ੍ਰੇਨ ਨੰਬਰ 15910 (ਲਾਲਗੜ੍ਹ-ਦਿਬੁਰਗੜ੍ਹ) ਵਿੱਚ ਰੇਲਵੇ ਸਟੇਸ਼ਨ ਬਠਿੰਡਾ ਤੋਂ ਦੋ ਲੜਕੀਆਂ, ਜਿਨ੍ਹਾਂ ਦੀ ਉਮਰ ਕਰੀਬ 4 ਸਾਲ ਅਤੇ 2 ਸਾਲ ਹੈ, ਲਾਵਾਰਿਸ ਹਾਲਤ ਵਿੱਚ ਮਿਲੀਆਂ।ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਨੇ ਦੱਸਿਆ ਕਿ ਉਕਤ ਬੱਚਿਆਂ ਸਬੰਧੀ ਆਰ.ਪੀ.ਐਫ ਵਿਖੇ ਡੀ.ਡੀ.ਆਰ ਦਰਜ ਕਰਵਾਈ ਗਈ ਹੈ ਅਤੇ ਬਾਲ ਭਲਾਈ ਕਮੇਟੀ ਦੇ ਹੁਕਮਾਂ ਤਹਿਤ ਬੱਚਿਆਂ ਨੂੰ ਸ਼੍ਰੀ ਅਨੰਤ ਅਨਾਥ ਆਸ਼ਰਮ ਨਥਾਣਾ ਵਿਖੇ ਸੁਰੱਖਿਅਤ ਤੌਰ 'ਤੇ ਭੇਜਿਆ ਗਿਆ ਹੈ।

# ਵਿਧਾਇਕ ਐਡਵੋਕੇਟ ਨੇ ਦਾਣਾ ਮੰਡੀ ਦਾ ਦੌਰਾ ਕਰਕੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

ਬਟਾਲਾ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਦਾਣਾ ਮੰਡੀ ਸ੍ਰੀ ਹਰਗੋਬਿੰਦਪੁਰ ਸਾਹਿਬ ਦਾਣਾ ਮੰਡੀ ਦਾ ਦੌਰਾ ਕਰਕੇ ਖਰੀਦ ਤੇ ਚੁਕਾਈ ਪ੍ਰਬੰਧਾਂ ਦਾ ਲਿਆ ਜਾਇਜ਼ਾ। ਇਸ ਮੌਕੇ ਉਨ੍ਹਾਂ ਆੜ੍ਹਤੀਆਂ ਤੇ ਕਿਸਾਨਾਂ ਨਾਲ ਗੱਲ ਕਰਕੇ ਖਰੀਦ ਪ੍ਰਬੰਧਾਂ ਦੀ ਜਾਣਕਾਰੀ ਹਾਸਿਲ ਕੀਤੀ। ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਲਈ ਅਨਾਜ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ ਦੀ ਫਸਲ ਦਾ ਦਾਣਾ-ਦਾਣਾ ਖਰੀਦਿਆ ਜਾ ਰਿਹਾ ਹੈ ਅਤੇ ਨਾਲ ਦੀ ਨਾਲ ਫਸਲ ਦੀ ਚੁਕਾਈ ਵੀ ਨਿਰਵਿਘਨ ਚੱਲ ਰਹੀ ਹੈ। ਉਨਾ ਕਿਹਾ ਮੰਡੀਆਂ ਵਿੱਚ ਕਿਸਾਨਾਂ ਲਈ ਪੀਣ ਵਾਲੇ ਪਾਣੀ, ਲਾਈਟਾਂ ਅਤੇ ਬੈਠਣ ਲਈ ਜਗ੍ਹਾ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ, ਤਾਂ ਜੋ ਮੰਡੀ ਵਿੱਚ ਫਸਲ ਵੇਚਣ ਆਏ ਕਿਸਾਨਾਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਉਨਾਂ ਦੱਸਿਆ ਕਿ ਮੰਡੀ ਵਿੱਚ ਕਣਕ ਦੀ ਖਰੀਦ, ਚੁਕਾਈ ਤੇ ਅਦਾਇਗੀ ਪ੍ਰਕਿਰਿਆ ਸੁਚਾਰੂ ਢੰਗ ਨਾਲ ਚੱਲ ਰਹੀ ਹੈ।

# ਪੰਜਾਬ ਸਰਕਾਰ ਕਣਕ ਦਾ ਇਕ-ਇਕ ਦਾਣਾ ਖਰੀਦਣ ਲਈ ਵਚਨਬੱਧ : ਬਲਕਾਰ ਸਿੰਘ

ਕਰਤਾਰਪੁਰ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਵਿਧਾਇਕ ਕਰਤਾਰਪੁਰ ਬਲਕਾਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਕਣਕ ਦਾ ਇਕ ਇਕ ਦਾਣਾ ਖਰੀਦਿਆ ਜਾਵੇਗਾ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਉਹ ਅੱਜ ਕਰਤਾਰਪੁਰ ਦੀਆਂ ਮੰਡੀਆਂ ਦਾ ਦੌਰਾ ਕਰ ਰਹੇ ਸਨ ਅਤੇ ਇਸ ਦੌਰਾਨ ਉਨ੍ਹਾਂ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ। ਉਨ੍ਹਾਂ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਕਣਕ ਦੀ ਖਰੀਦ ਦੌਰਾਨ ਮੰਡੀਆਂ ਵਿੱਚ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਕਣਕ ਦੀ ਖਰੀਦ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀ ਹੈ ਅਤੇ ਕਿਸਾਨਾਂ ਨੂੰ ਖਰੀਦ ਦੇ 24 ਘੰਟਿਆਂ ਦੇ ਅੰਦਰ ਅਦਾਇਗੀ ਪ੍ਰਾਪਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੁਚਾਰੂ ਢੰਗ ਨਾਲ ਖਰੀਦ ਸੀਜ਼ਨ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਹਲਕਾ ਵਿਧਾਇਕ ਨੇ ਸਬੰਧਿਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਹੂਲਤ ਲਈ ਕੋਈ ਕਮੀ ਨਹੀਂ ਰਹਿਣੀ ਚਾਹੀਦੀ। ਉਨ੍ਹਾਂ ਕਿਹਾ ਕਿ ਕਣਕ ਦੀ ਖਰੀਦ ਉਪਰੰਤ ਸਮੇਂ ਸਿਰ ਲਿਫਟਿੰਗ ਵੀ ਯਕੀਨੀ ਬਣਾਈ ਜਾਵੇ। ਇਸ ਮੌਕੇ ਐਸ.ਡੀ.ਐਮ. ਸ਼ਾਇਰੀ ਮਲਹੋਤਰਾ, ਡੀ.ਐਫ.ਐਸ.ਸੀ. ਨਰਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਅਧਿਕਾਰੀ ਹਾਜ਼ਰ ਸਨ।

# ਨਿਜੀ ਕੰਪਨੀ ਦੀ 100 ਏਕੜ ਜਮੀਨ ਉਤੇ ਕਬਜਾ ਕਰਨ ਵਾਲੇ ਕਿਸਾਨਾਂ ਨੂੰ ਖ੍ਰੇਦੇਰਨ ਲਈ ਨਾਇਬ ਤਹਿਸੀਲਦਾਰ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਕੀਤੀ ਕਾਰਵਾਈ

ਕਾਹਨੂੰਵਾਨ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਅਦਾਲਤੀ ਹੁਕਮਾਂ ਤੋਂ ਬਾਅਦ ਇਕ ਨਿਜੀ ਕੰਪਨੀ ਦੀ ਜਮੀਨ ਉੱਤੇ ਕਬਜ਼ਾ ਕਰਨ ਵਾਲੇ ਕਿਸਾਨਾਂ ਨੂੰ ਉਹਨਾਂ ਵੱਲੋਂ ਕਾਸ਼ਤ ਕੀਤੀ ਹੋਈ ਕਣਕ ਦੀ ਫਸਲ ਨੂੰ ਰੋਕ ਦਿੱਤਾ ਗਿਆ ਹੈ ਲਗਭਗ 100 ਏਕੜ ਤੋਂ ਵੱਧ ਰਕਬੇ ਵਿੱਚ ਕਾਸ਼ਤ ਕੀਤੀ ਹੋਈ ਕਣਕ ਦੀ ਫਸਲ ਨੂੰ ਵੱਖ-ਵੱਖ ਧੜਿਆਂ ਵੱਲੋਂ ਬੀਜਣ ਅਤੇ ਵੱਢ ਕੇ ਵੇਚਣ ਦਾ ਦਾਅਵਾ ਕੀਤਾ ਜਾ ਰਿਹਾ ਸੀ ਜਿਸ ਦੌਰਾਨ ਬੀਤੇ ਦਿਨੀ ਦੋ ਧੜਿਆਂ ਦਰਮਿਆਨ ਝਗੜੇ ਮੌਕੇ ਗੋਲੀਬਾਰੀ ਹੋਣ ਦੀਆਂ ਵੀ ਖਬਰਾਂ ਹਨ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲਿਸ ਪ੍ਰਸ਼ਾਸਨ ਅਤੇ ਸਿਵਿਲ ਪ੍ਰਸ਼ਾਸਨ ਵੱਲੋਂ ਪੁਖਤਾ ਪ੍ਰਬੰਧ ਕੀਤੇ ਗਏ ਸਨ ਅਤੇ ਥਾਣਾ ਭੈਣੀ ਮੀਆਂ ਖਾਂ ਵਿੱਚ ਦੋਵਾਂ ਧਿਰਾਂ ਖਿਲਾਫ ਗੰਭੀਰ ਧਰਾਵਾਂ ਹੇਠ ਮੁਕਦਮੇ ਵੀ ਦਰਜ ਕੀਤੇ ਗਏ ਸਨ ਪੰਜਾਬ ਸਰਕਾਰ ਤੇ ਜਿਲ੍ਹਾ ਗੁਰਦਾਸਪੁਰ ਦੇ ਪ੍ਰਸ਼ਾਸਨ ਦੇ ਦਖਲ ਤੋਂ ਬਾਅਦ ਅਦਾਲਤ ਵੱਲੋਂ ਇਸ ਵਿਚ ਇੱਕ ਨਿੱਜੀ ਕੰਪਨੀ ਦੀ 100 ਏਕੜ ਦੀ ਜਮੀਨ ਉੱਪਰ ਅਗਲੇ ਹੁਕਮਾਂ ਤੱਕ ਕਿਸੇ ਵੀ ਧਿਰ ਨੂੰ ਜਮੀਨ ਵਿੱਚ ਨਾ ਵੜਨ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ ਮੌਕੇ ਤੇ ਹਾਜ਼ਰ ਨਾਇਬ ਤਹਿਸੀਲਦਾਰ ਕਾਹਨੂੰਵਾਨ ਸਤਨਾਮ ਸਿੰਘ ਅਤੇ ਹਲਕਾ ਡੀਐਸਪੀ ਕੁਲਵੰਤ ਸਿੰਘ ਨੇ ਦੱਸਿਆ ਕਿ ਅਦਾਲਤ ਵੱਲੋਂ ਬਕਾਇਦਾ ਤੌਰ ਤੇ ਇਸ ਜਮੀਨ ਉੱਪਰ ਕਾਨੂੰਨੀ ਕਾਰਵਾਈ ਕਰਦੇ ਹੋਏ ਕਿਸੇ ਵੀ ਧਿਰ ਦੀ ਦਖਲ ਅੰਦਾਜੀ ਰੋਕ ਦਿੱਤੀ ਗਈ ਹੈ ਜਿਸ ਦੇ ਚਲਦਿਆਂ ਹੁਣ ਜਿਲ੍ਹਾ ਪ੍ਰਸ਼ਾਸਨ ਵੱਲੋਂ ਨਾਇਬ ਤਹਸੀਲਦਾਰ ਕਾਹਨੂੰਵਾਨ ਸਤਨਾਮ ਸਿੰਘ ਨੂੰ ਇਸ ਦਾ ਰਿਸੀਵਰ ਬਣਾ ਦਿੱਤਾ ਗਿਆ ਇਸ ਮੌਕੇ ਨਾਇਬ ਤਹਿਸੀਲਦਾਰ ਸਤਨਾਮ ਸਿੰਘ ਨੇ ਕਿਹਾ ਕਿ ਸਮੁੱਚੀ ਫਸਲ ਦੀ ਕਟਾਈ ਕਰਕੇ ਇਸਨੂੰ ਮੰਡੀ ਵਿੱਚ ਵੇਚਣ ਤੋਂ ਬਾਅਦ ਬਣਦੀ ਰਕਮ ਸਰਕਾਰ ਦੇ ਖਜ਼ਾਨੇ ਵਿੱਚ ਜਮਾ ਕਰਵਾ ਦਿੱਤੀ ਜਾਵੇਗੀ ਉਹਨਾਂ ਨੇ ਕਿਹਾ ਕਿ ਕਿਸੇ ਵੀ ਧਿਰ ਨੂੰ ਇੱਥੇ ਮਾਹੌਲ ਖਰਾਬ ਕਰਨ ਦਾ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਇਸ ਮੌਕੇ ਵੱਡੀ ਗਿਣਤੀ ਵਿੱਚ ਇੱਕੱਤਰ ਹੋਏ ਇਕੱਠੇ ਹੋਏ ਕਿਸਾਨਾਂ ਨੇ ਪੰਜਾਬ ਸਰਕਾਰ ਅਤੇ ਜਿਲਾ ਪ੍ਰਸ਼ਾਸਨ ਖਿਲਾਫ ਨਾਅਰੇਬਾਜ਼ੀ ਕੀਤੀ।

# ਜ਼ਿਲ੍ਹੇ ਵਿੱਚ 3.06 ਲੱਖ ਮੀਟ੍ਰਿਕ ਟਨ ਤੋਂ ਵੱਧ ਕਣਕ ਦੀ ਆਮਦ : ਡਿਪਟੀ ਕਮਿਸ਼ਨਰ

ਬਠਿੰਡਾ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਬਠਿੰਡਾ ਸ੍ਰੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਲਗਾਤਾਰ ਜਾਰੀ ਹੈ। ਰੋਜ਼ਾਨਾ ਪੱਧਰ ਉੱਤੇ ਕਣਕ ਦੀ ਫਸਲ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਡਿਪਟੀ ਕਮਿਸ਼ਨਰ ਦੇ ਦੱਸਿਆ ਕਿ 20 ਅਪ੍ਰੈਲ ਤੱਕ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ ਹੋਈ 3.06 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਵਿੱਚੋਂ 2.59 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਖਰੀਦ ਕੀਤੀ ਕਣਕ ਦੀ ਲਿਫਟਿੰਗ ਦਾ ਕੰਮ ਵੀ ਤੇਜ਼ੀ ਕਰਦਿਆਂ 97ਫ਼ੀਸਦੀ ਕਣਕ ਦੀ ਚੁਕਾਈ ਮੰਡੀਆਂ ਵਿੱਚੋਂ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਖਰੀਦ ਕੀਤੀ ਜਾ ਰਹੀ ਕਣਕ ਦੀ ਅਦਾਇਗੀ ਕਿਸਾਨਾਂ ਨੂੰ ਨਾਲੋ-ਨਾਲ ਹੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ 401 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ, ਜੋ ਕਿ 100ਫ਼ੀਸਦੀ ਬਣਦੀ ਹੈ।

# ਪਹਿਲੀ ਵਾਰ ਜਨਗਣਨਾ ਡਿਜੀਟਲ ਮੋਡ 'ਚ ਹੋਵੇਗੀ

ਸੰਗਰੂਰ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਡਿਪਟੀ ਕਮਿਸ਼ਨਰ ਅੰਕੁਰ ਮਹੇਂਦਰੂ ਨੇ ਦੱਸਿਆ ਕਿ ਭਾਰਤ ਦੀ ਜਨਗਣਨਾ 2027 ਪਹਿਲੀ ਵਾਰ ਡਿਜੀਟਲ ਮੋਡ ਵਿੱਚ ਕਰਵਾਈ ਜਾ ਰਹੀ ਹੈ ਅਤੇ ਇਸ ਸਬੰਧੀ ਜ਼ਿਲ੍ਹੇ ਵਿੱਚ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਕਾਰਜ ਲਈ ਸਹਾਇਕ ਨੋਡਲ ਅਧਿਕਾਰੀ, ਵਧੀਕ ਜ਼ਿਲ੍ਹਾ ਸੈਂਸਸ ਅਧਿਕਾਰੀ, ਚਾਰਜ ਅਫ਼ਸਰ, ਫੀਲਡ ਟ੍ਰੇਨਰ, ਸੁਪਰਵਾਇਜ਼ਰ ਅਤੇ ਵੱਡੀ ਗਿਣਤੀ ਵਿੱਚ ਗਿਣਤੀਕਾਰ (ਰਾਖਵਾਂ ਸਟਾਫ ਸਮੇਤ) ਤਾਇਨਾਤ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਘਰਾਂ ਦੀ ਸੂਚੀਕਰਨ ਕਾਰਵਾਈ (Houselisting Operations) ਦਾ ਪਹਿਲਾ ਪੜਾਅ 15 ਮਈ ਤੋਂ 13 ਜੂਨ 2026 ਤੱਕ ਚੱਲੇਗਾ। ਇਸ ਤੋਂ ਪਹਿਲਾਂ 14 ਮਈ 2026 ਤੱਕ ਆਮ ਲੋਕਾਂ ਲਈ ਸੈਲਫ-ਇਨਿਊਮਰੇਸ਼ਨ (ਖੁਦ ਜਾਣਕਾਰੀ ਭਰਨ) ਦੀ ਸਹੂਲਤ ਉਪਲਬਧ ਕਰਵਾਈ ਗਈ ਹੈ। ਇਸ ਸਹੂਲਤ ਰਾਹੀਂ ਲੋਕ ਜਨਗਣਨਾ ਕਰਮਚਾਰੀਆਂ ਦੇ ਆਉਣ ਤੋਂ ਪਹਿਲਾਂ ਆਪਣੀ ਜਾਣਕਾਰੀ ਔਨਲਾਈਨ ਦਰਜ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸੈਲਫ-ਇਨਿਊਮਰੇਸ਼ਨ ਲਈ ਨਾਗਰਿਕ ਸਰਕਾਰੀ ਪੋਰਟਲ 'ਤੇ ਲੌਗਇਨ ਕਰਕੇ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਣਕਾਰੀ ਆਸਾਨੀ ਨਾਲ ਭਰ ਸਕਦੇ ਹਨ। ਫਾਰਮ ਭਰਨ ਉਪਰੰਤ ਜਨਰੇਟ ਹੋਣ ਵਾਲੀ 'ਸੈਲਫ-ਇਨਿਊਮਰੇਸ਼ਨ ਆਈ.ਡੀ.' ਜਨਗਣਨਾ ਕਰਮਚਾਰੀ ਨੂੰ ਦਿਖਾ ਕੇ ਜਾਣਕਾਰੀ ਦੀ ਪੁਸ਼ਟੀ ਕਰਵਾਈ ਜਾ ਸਕਦੀ ਹੈ। ਉਨ੍ਹਾਂ ਹੋਰ ਦੱਸਿਆ ਕਿ ਇਸ ਪ੍ਰਕਿਰਿਆ ਤਹਿਤ ਕੁੱਲ 33 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿੱਚ ਘਰ ਦੀ ਸਥਿਤੀ, ਬੁਨਿਆਦੀ ਸਹੂਲਤਾਂ ਅਤੇ ਪਰਿਵਾਰਕ ਜਾਣਕਾਰੀ ਸ਼ਾਮਲ ਹੋਵੇਗੀ। ਫੀਲਡ ਟ੍ਰੇਨਰਾਂ ਨੂੰ ਇਸ ਸਬੰਧੀ ਸਿਖਲਾਈ ਦਿੱਤੀ ਜਾ ਚੁੱਕੀ ਹੈ ਅਤੇ ਜ਼ਿਲ੍ਹਾ ਪੱਧਰ 'ਤੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਪ੍ਰਚਾਰ ਕੀਤਾ ਜਾ ਰਿਹਾ ਹੈ।

ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਸੈਲਫ-ਇਨਿਊਮਰੇਸ਼ਨ ਸਹੂਲਤ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ, ਤਾਂ ਜੋ ਜਨਗਣਨਾ ਦੀ ਪ੍ਰਕਿਰਿਆ ਨੂੰ ਤੇਜ਼, ਪਾਰਦਰਸ਼ੀ ਅਤੇ ਸੁਗਮ ਬਣਾਇਆ ਜਾ ਸਕੇ।

# ਰੋਪੜ 'ਚ ਖ਼ੈਰ ਦੇ ਹਜ਼ਾਰਾਂ ਰੁੱਖਾਂ ਦੀ ਕਟਾਈ ਮਾਮਲੇ 'ਚ NGT ਸਖ਼ਤ; ਪੰਜਾਬ ਸਰਕਾਰ ਨੂੰ ਨੋਟਿਸ ਜਾਰੀ

## ਸ਼ਿਵਾਲਿਕ ਦੀਆਂ ਪਹਾੜੀਆਂ 'ਚ ਸਰਕਾਰੀ ਸਰਪ੍ਰਸਤੀ ਹੇਠ 'ਟਿੰਬਰ ਮਾਫੀਆ' ਦੀ ਵੱਡੀ ਕਾਰਵਾਈ; 5,000 ਰੁੱਖ ਵੱਢੇ ਜਾਣ ਦਾ ਖ਼ਦਸ਼ਾ

**ਰੋਪੜ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਗ੍ਰੀਨ ਟ੍ਰਿਬਿਊਨਲ (NGT) ਨੇ ਰੋਪੜ ਜ਼ਿਲ੍ਹੇ ਦੇ ਸੁਰੱਖਿਅਤ ਜੰਗਲਾਂ ਵਿੱਚ ਕੀਮਤੀ ਖ਼ੈਰ ਦੇ ਰੁੱਖਾਂ ਦੀ ਵੱਡੇ ਪੱਧਰ 'ਤੇ ਹੋਈ ਗੈਰ-ਕਾਨੂੰਨੀ ਕਟਾਈ ਦਾ ਗੰਭੀਰ ਨੋਟਿਸ ਲਿਆ ਹੈ। ਦੋਸ਼ ਹਨ ਕਿ ਜੰਗਲਾਤ ਵਿਭਾਗ ਦੇ ਉੱਚ ਅਧਿਕਾਰੀਆਂ ਦੀ ਮਿਲੀਭੁਗਤ ਨਾਲ 'ਟਿੰਬਰ ਮਾਫੀਆ' ਨੇ ਹਜ਼ਾਰਾਂ ਦੀ ਗਿਣਤੀ ਵਿੱਚ ਰੁੱਖਾਂ 'ਤੇ ਕੁਹਾੜਾ ਚਲਾਇਆ ਹੈ। ਟ੍ਰਿਬਿਊਨਲ ਨੇ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਅਗਲੀ ਸੁਣਵਾਈ 5 ਅਗਸਤ, 2026 ਲਈ ਤੈਅ ਕੀਤੀ ਹੈ।

ਸਮਾਜਿਕ ਕਾਰਕੁਨ ਅਤੇ ਵਿਸਲਬਲੋਅਰ ਪ੍ਰਦੀਪ ਸ਼ਰਮਾ ਵੱਲੋਂ ਦਾਇਰ ਪਟੀਸ਼ਨ ਵਿੱਚ ਦੱਸਿਆ ਗਿਆ ਹੈ ਕਿ ਜ਼ਿਲ੍ਹੇ ਦੇ ਪਿੰਡ ਫਤਿਹਪੁਰ, ਭਗਵਾਲੀ ਅਤੇ ਭੰਗਾਲਾ ਦੇ ਜੰਗਲ ਖੇਤਰਾਂ ਵਿੱਚ ਇਹ ਗੈਰ-ਕਾਨੂੰਨੀ ਖੇਡ ਖੇਡੀ ਗਈ। ਹਾਲਾਂਕਿ ਸ਼ੁਰੂਆਤੀ ਜਾਂਚ ਵਿੱਚ ਵਿਭਾਗ ਨੇ ਸਿਰਫ਼ 150 ਰੁੱਖਾਂ ਦੀ ਕਟਾਈ ਦੀ ਗੱਲ ਕਹੀ ਸੀ, ਪਰ ਸਥਾਨਕ ਸੂਤਰਾਂ ਅਨੁਸਾਰ ਇਹ ਗਿਣਤੀ 2,000 ਤੋਂ 5,000 ਦੇ ਵਿਚਕਾਰ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 24 ਦਸੰਬਰ 2025 ਨੂੰ ਸੂਬੇ ਵਿੱਚ ਰੁੱਖਾਂ ਦੀ ਕਟਾਈ 'ਤੇ ਮੁਕੰਮਲ ਪਾਬੰਦੀ ਲਗਾਈ ਸੀ, ਜਿਸ ਦੀ ਇਸ ਮਾਮਲੇ ਵਿੱਚ ਸ਼ਰੇਆਮ ਉਲੰਘਣਾ ਹੋਈ ਹੈ।

ਪਟੀਸ਼ਨਰ ਨੇ ਦੋਸ਼ ਲਾਇਆ ਕਿ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਹੋਈ ਇਸ ਕਟਾਈ ਨਾਲ ਵਾਤਾਵਰਣ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਿਆ ਹੈ। ਰੁੱਖਾਂ ਦੇ ਖ਼ਤਮ ਹੋਣ ਨਾਲ ਜੰਗਲੀ ਜੀਵਾਂ ਦੇ ਰੈਣ-ਬਸੇਰੇ ਉੱਜੜ ਗਏ ਹਨ ਅਤੇ ਜ਼ਮੀਨ ਖੁਰਨ ਦਾ ਖ਼ਤਰਾ ਵਧ ਗਿਆ ਹੈ।

ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (CPCB) ਅਤੇ ਕੇਂਦਰੀ ਜੰਗਲਾਤ ਮੰਤਰਾਲੇ ਦੇ ਅਧਿਕਾਰੀਆਂ ਦੀ ਇੱਕ ਸੁਤੰਤਰ ਕਮੇਟੀ ਬਣਾ ਕੇ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਅਤੇ ਦੋਸ਼ੀ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

**ਵਿਜੀਲੈਂਸ ਦੀ ਜਾਂਚ 'ਤੇ ਉੱਠੇ ਸਵਾਲ**

ਤਿੰਨ ਮਹੀਨੇ ਪਹਿਲਾਂ 'ਦ ਟ੍ਰਿਬਿਊਨ' ਵੱਲੋਂ ਇਸ ਘੁਟਾਲੇ ਦਾ ਪਰਦਾਫਾਸ਼ ਕੀਤੇ ਜਾਣ ਤੋਂ ਬਾਅਦ ਪੰਜਾਬ ਵਿਜੀਲੈਂਸ ਬਿਊਰੋ ਨੇ ਖ਼ੁਦ ਨੋਟਿਸ ਲੈਂਦਿਆਂ ਜਾਂਚ ਸ਼ੁਰੂ ਕੀਤੀ ਸੀ। ਪਰ ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਸਿਆਸੀ ਦਬਾਅ ਕਾਰਨ ਇਹ ਜਾਂਚ ਹੁਣ ਤੱਕ ਕਿਸੇ ਤਰਕਸੰਗਤ ਨਤੀਜੇ 'ਤੇ ਨਹੀਂ ਪਹੁੰਚ ਸਕੀ। ਵਾਤਾਵਰਣ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸ਼ਿਵਾਲਿਕ ਖੇਤਰ ਵਿੱਚ ਰੁੱਖਾਂ ਦੀ ਕਟਾਈ ਨਾ ਰੁਕੀ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਨੂੰ ਗੰਭੀਰ ਜਲ-ਸੰਕਟ ਅਤੇ ਵਾਤਾਵਰਣ ਤਬਦੀਲੀ ਦੇ ਮਾਰੂ ਪ੍ਰਭਾਵਾਂ ਦਾ ਸਾਹਮਣਾ ਕਰਨਾ ਪਵੇਗਾ।

# ਡਿਪਟੀ ਕਮਿਸ਼ਨਰ ਵੱਲੋਂ ਡੇਂਗੂ ਅਤੇ ਚਿਕਨਗੁਨੀਆ ਰੋਕਥਾਮ ਸਬੰਧੀ ਸਮੀਖਿਆ ਮੀਟਿੰਗ

**ਮਲੇਰਕੋਟਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿੱਚ ਡੇਂਗੂ ਅਤੇ ਚਿਕਨਗੁਨਿਆ ਵਰਗੀਆਂ ਮੱਛਰ-ਜਨਿਤ ਬਿਮਾਰੀਆਂ ਦੀ ਰੋਕਥਾਮ ਲਈ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਅਹਿਮ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਸਿਹਤ ਵਿਭਾਗ ਵੱਲੋਂ ਮੌਜੂਦਾ ਸਥਿਤੀ ਅਤੇ ਭਵਿੱਖ ਲਈ ਤਿਆਰੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪੇਸ਼ ਕੀਤੀ ਗਈ।

ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਪਿਛਲੇ ਸਾਲ ਦੌਰਾਨ ਡੇਂਗੂ ਪ੍ਰਭਾਵਿਤ ਇਲਾਕਿਆਂ ਦੀ ਮੁੜ ਜਾਂਚ ਕੀਤੀ ਜਾਵੇ ਅਤੇ ਝੁੱਗੀਆਂ-ਝੌਂਪੜੀਆਂ, ਕਬਾੜ ਦੀਆਂ ਦੁਕਾਨਾਂ ਅਤੇ ਹੋਰ ਸੰਵੇਦਨਸ਼ੀਲ ਥਾਵਾਂ ਦੇ ਨੇੜੇ ਫੋਗਿੰਗ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਡੇਂਗੂ ਅਤੇ ਚਿਕਨਗੁਨਿਆ ਦੇ ਕੇਸਾਂ ਨੂੰ ਰੋਕਣ ਲਈ ਸਾਰੇ ਵਿਭਾਗਾਂ ਵੱਲੋਂ ਮਿਲਜੁਲ ਕੇ ਕੰਮ ਕਰਨਾ ਲਾਜ਼ਮੀ ਹੈ।

ਉਨ੍ਹਾਂ ਸਿਹਤ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਬੁਖਾਰ ਦੇ ਮਾਮਲਿਆਂ ਦੀ ਸਮੇਂ-ਸਿਰ ਪਛਾਣ ਅਤੇ ਇਲਾਜ ਯਕੀਨੀ ਬਣਾਇਆ ਜਾਵੇ ਅਤੇ ਜ਼ਰੂਰੀ ਦਵਾਈਆਂ ਦੀ ਉਪਲਬੱਧਤਾ ਸੁਨਿਸ਼ਚਿਤ ਕੀਤੀ ਜਾਵੇ। ਇਸ ਦੇ ਨਾਲ ਹੀ ਭੱਠਿਆਂ ਅਤੇ ਫੈਕਟਰੀਆਂ ਵਿੱਚ ਕੰਮ ਕਰਦੇ ਪ੍ਰਵਾਸੀ ਮਜ਼ਦੂਰਾਂ ਦੀ ਨਿਯਮਿਤ ਮੈਡੀਕਲ ਜਾਂਚ ਕਰਨ ਲਈ ਵੀ ਕਿਹਾ ਗਿਆ।

ਮੀਟਿੰਗ ਦੌਰਾਨ ਇਹ ਵੀ ਜ਼ੋਰ ਦਿੱਤਾ ਗਿਆ ਕਿ ਘਰਾਂ ਅਤੇ ਆਸ-ਪਾਸ ਪਾਣੀ ਖੜ੍ਹਾ ਨਾ ਰਹਿਣ ਦਿੱਤਾ ਜਾਵੇ, ਕਿਉਂਕਿ ਇਹ ਮੱਛਰਾਂ ਦੀ ਪੈਦਾਵਾਰ ਦਾ ਮੁੱਖ ਕਾਰਨ ਹੁੰਦਾ ਹੈ। ਸ਼ਹਿਰੀ ਅਤੇ ਪਿੰਡਾਂ ਦੇ ਖੇਤਰਾਂ ਵਿੱਚ ਸਫ਼ਾਈ ਮੁਹਿੰਮਾਂ ਨੂੰ ਤੇਜ਼ ਕਰਨ ਅਤੇ ਨਿਕਾਸੀ ਪ੍ਰਣਾਲੀ ਨੂੰ ਸੁਚਾਰੂ ਬਣਾਉਣ ਲਈ ਸਬੰਧਿਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ।

ਡਿਪਟੀ ਕਮਿਸ਼ਨਰ ਨੇ ਜਲ ਸਪਲਾਈ ਵਿਭਾਗ ਨੂੰ ਪੀਣ ਵਾਲੇ ਪਾਣੀ ਦੀ ਨਿਰੰਤਰ ਜਾਂਚ ਯਕੀਨੀ ਬਣਾਉਣ ਲਈ ਕਿਹਾ, ਜਦਕਿ ਸਿੱਖਿਆ ਵਿਭਾਗ ਨੂੰ ਸਕੂਲਾਂ ਵਿੱਚ ਵਿਦਿਆਰਥੀਆਂ ਰਾਹੀਂ ਡੇਂਗੂ ਰੋਕਥਾਮ ਸਬੰਧੀ ਜਾਗਰੂਕਤਾ ਫੈਲਾਉਣ ਦੇ ਹੁਕਮ ਦਿੱਤੇ ਗਏ। ਸਿਹਤ ਵਿਭਾਗ ਵੱਲੋਂ ਫੋਗਿੰਗ ਅਤੇ ਜਾਗਰੂਕਤਾ ਅਭਿਆਨ ਲਗਾਤਾਰ ਚਲਾਉਣ 'ਤੇ ਵੀ ਜ਼ੋਰ ਦਿੱਤਾ ਗਿਆ।

ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ ਘਰਾਂ ਵਿੱਚ ਕੂਲਰਾਂ, ਗਮਲਿਆਂ ਅਤੇ ਹੋਰ ਬਰਤਨਾਂ ਵਿੱਚ ਪਾਣੀ ਇਕੱਠਾ ਨਾ ਹੋਣ ਦੇਣ ਅਤੇ ਜੇਕਰ ਬੁਖਾਰ ਜਾਂ ਹੋਰ ਲੱਛਣ ਪ੍ਰਗਟ ਹੋਣ ਤਾਂ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਨਾਲ ਸੰਪਰਕ ਕਰਨ। ਨਾਲ ਹੀ, ਪ੍ਰਸ਼ਾਸਨ ਨਾਲ ਸਹਿਯੋਗ ਕਰਦਿਆਂ ਆਪਣੇ ਇਲਾਕੇ ਦੀ ਸਫ਼ਾਈ ਬਣਾਈ ਰੱਖਣ ਵਿੱਚ ਭਾਗੀਦਾਰੀ ਨਿਭਾਉਣ

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਾਜਦੀਪ ਸਿੰਘ ਬਰਾੜ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਸਹਾਇਕ ਸਿਵਲ ਸਰਜਨ ਡਾ. ਸਜੀਲਾ ਖਾਨ, ਐਕਸ਼ੀਅਨ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਇੰਜੀ ਆਦਰਸ਼ ਨਿਰਮਲ, ਵੈਟਨਰੀ ਅਫਸਰ ਡਾ. ਵਿਕਰਮ ਕਪੂਰ, ਲੇਬਰ ਇੰਸਪੈਕਟਰ ਗੁਰਪ੍ਰੀਤ ਸਿੰਘ, ਸਹਾਇਕ ਨਗਰ ਯੋਜਨਾਕਾਰ ਗੁਰਸੰਤ ਸਿੰਘ ਤੋਂ ਇਲਾਵਾ ਵੱਖ- ਵੱਖ ਵਿਭਾਗਾਂ ਦੇ ਅਧਿਕਾਰੀ ਹਾਜਰ ਸਨ ।

# ਅਣਨਿਯਮਿਤ ਪੀਰੀਅਡਸ ਅਤੇ ਚਿਹਰੇ 'ਤੇ ਅਣਚਾਹੇ ਵਾਲ: ਆਯੁਰਵੇਦ ਨਾਲ ਪ੍ਰਾਪਤ ਕਰੋ ਕੁਦਰਤੀ ਹੱਲ

ਡਾ. ਰਸ ਪਾਲ ਕੌਰ
BAMS, ਆਯੁਰਵੇਦ ਵਿਸ਼ੇਸ਼ਗਿਆ

ਅੱਜ ਦੇ ਆਧੁਨਿਕ ਜੀਵਨ ਵਿੱਚ ਮਹਿਲਾਵਾਂ ਵਿੱਚ ਅਣਨਿਯਮਿਤ ਮਾਹਵਾਰੀ (Irregular Periods) ਅਤੇ ਚਿਹਰੇ 'ਤੇ ਅਣਚਾਹੇ ਵਾਲ (Hirsutism) ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਇਹ ਸਿਰਫ਼ ਬਾਹਰੀ ਸੁੰਦਰਤਾ ਜਾਂ ਮਾਸਿਕ ਚੱਕਰ ਦੀ ਸਮੱਸਿਆ ਨਹੀਂ, ਬਲਕਿ ਸ਼ਰੀਰ ਦੇ ਅੰਦਰ ਹੋ ਰਹੇ ਗੰਭੀਰ ਹਾਰਮੋਨਲ ਅਸੰਤੁਲਨ ਦਾ ਸੰਕੇਤ ਹੈ। ਖ਼ਾਸ ਕਰਕੇ PCOS (Polycystic Ovary Syndrome) ਅੱਜਕੱਲ੍ਹ ਇਸਦਾ ਮੁੱਖ ਕਾਰਨ ਬਣ ਰਿਹਾ ਹੈ।

ਇਹ ਸਮੱਸਿਆ ਮਹਿਲਾਵਾਂ ਦੇ ਆਤਮ-ਵਿਸ਼ਵਾਸ, ਮਾਨਸਿਕ ਸਿਹਤ ਅਤੇ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ। ਕਈ ਵਾਰ ਮਹਿਲਾਵਾਂ ਇਸ ਬਾਰੇ ਖੁੱਲ੍ਹ ਕੇ ਗੱਲ ਨਹੀਂ ਕਰਦੀਆਂ, ਜਿਸ ਨਾਲ ਸਮੱਸਿਆ ਹੋਰ ਗੰਭੀਰ ਹੋ ਜਾਂਦੀ ਹੈ।

**ਆਯੁਰਵੇਦ ਅਨੁਸਾਰ ਕਾਰਨ**

ਆਯੁਰਵੇਦ ਦੇ ਅਨੁਸਾਰ ਇਹ ਰੋਗ ਮੁੱਖ ਤੌਰ 'ਤੇ ਵਾਤ ਅਤੇ ਕਫ ਦੋਸ਼ ਦੇ ਅਸੰਤੁਲਨ ਅਤੇ ਅਗਨਿਮਾਂਦ ?ਯ (ਕਮਜ਼ੋਰ ਪਚਨ ਸ਼ਕਤੀ) ਕਾਰਨ ਹੁੰਦਾ ਹੈ। ਜਦੋਂ ਸ਼ਰੀਰ ਵਿੱਚ ਆਮ (ਟਾਕਸਿਨ) ਇਕੱਠਾ ਹੋ ਜਾਂਦਾ ਹੈ, ਤਾਂ ਇਹ ਧਾਤੂਆਂ ਦੇ ਪੋਸ਼ਣ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਹਾਰਮੋਨਲ ਅਸੰਤੁਲਨ ਪੈਦਾ ਕਰਦਾ ਹੈ।

ਇਸ ਦੇ ਨਤੀਜੇ ਵਜੋਂ:

* ਅੰਡੋਤਸਰਜਨ (Ovulation) ਵਿੱਚ ਰੁਕਾਵਟ
* Androgens ਹਾਰਮੋਨ ਵਿੱਚ ਵਾਧਾ
* ਅਣਨਿਯਮਿਤ ਮਾਹਵਾਰੀ
* ਚਿਹਰੇ ਜਾਂ ਸ਼ਰੀਰ 'ਤੇ ਅਣਚਾਹੇ ਵਾਲ

ਚਰਕ ਸੰਹਿਤਾ ਵਿੱਚ ਵਿਰੁੱਧ ਆਹਾਰ ਅਤੇ ਅਹਿਤਕਰ ਦਿਨਚਰਿਆ ਨੂੰ ਰੋਗਾਂ ਦਾ ਮੁੱਖ ਕਾਰਨ ਦੱਸਿਆ ਗਿਆ ਹੈ। ਅੱਜ ਦੇ ਸਮੇਂ ਵਿੱਚ ਜੰਕ ਫੂਡ, ਤਣਾਅ, ਦੇਰ ਰਾਤ ਤੱਕ ਜਾਗਣਾ ਅਤੇ ਕਸਰਤ ਦੀ ਘਾਟ ਇਹ ਸਮੱਸਿਆ ਹੋਰ ਵਧਾ ਰਹੇ ਹਨ।

**ਲਾਭਕਾਰੀ ਆਯੁਰਵੇਦਿਕ ਔਸ਼ਧੀਆਂ ਅਤੇ ਸਪਲੀਮੈਂਟਸ**

ਕਈ ਪ੍ਰਭਾਵਸ਼ਾਲੀ ਆਯੁਰਵੇਦਿਕ ਜੜੀ-ਬੂਟੀਆਂ ਅੱਜ ਭਾਰਤ, ਅਮਰੀਕਾ ਅਤੇ ਕੈਨੇਡਾ ਵਿੱਚ ਸੁਰੱਖਿਅਤ ਸਪਲੀਮੈਂਟ ਦੇ ਰੂਪ ਵਿੱਚ ਉਪਲਬਧ ਹਨ:

* ਸ਼ਤਾਵਰੀ (Shatavari): ਮਹਿਲਾਵਾਂ ਲਈ ਉੱਤਮ ਰਸਾਇਨ। ਹਾਰਮੋਨ ਸੰਤੁਲਨ ਅਤੇ ਓਵਰੀ ਦੀ ਸਿਹਤ ਲਈ ਲਾਭਕਾਰੀ।
* ਅਸ਼ਵਗੰਧਾ (1shwagandha): ਤਣਾਅ ਘਟਾਉਂਦੀ ਹੈ ਅਤੇ ਕੋਰਟਿਸੋਲ ਸੰਤੁਲਿਤ ਕਰਦੀ ਹੈ।
* ਹਲਦੀ (Turmeric / Curcumin): ਸੁਜਨ ਘਟਾਉਣ ਅਤੇ ਇੰਸੁਲਿਨ ਰੋਧ ਨੂੰ ਸੁਧਾਰਨ ਵਿੱਚ ਮਦਦਗਾਰ।
* ਦਾਲਚੀਨੀ (Cinnamon): ਬਲੱਡ ਸ਼ੂਗਰ ਕੰਟਰੋਲ ਕਰਦੀ ਹੈ ਅਤੇ ਇੰਸੁਲਿਨ ਸੰਵੇਦਨਸ਼ੀਲਤਾ ਵਧਾਉਂਦੀ ਹੈ।

ਮੇਥੀ (Fenugreek): ਗਲੂਕੋਜ਼ ਮੈਟਾਬੋਲਿਜ਼ਮ ਸੁਧਾਰਦੀ ਹੈ ਅਤੇ ਹਾਰਮੋਨ ਸੰਤੁਲਨ ਵਿੱਚ ਮਦਦ ਕਰਦੀ ਹੈ।

(ਨੋਟ: ਕਿਸੇ ਵੀ ਦਵਾਈ ਦਾ ਸੇਵਨ ਵਿਸ਼ੇਸ਼ਗਿਆ ਦੀ ਸਲਾਹ ਨਾਲ ਹੀ ਕਰੋ)

**ਆਹਾਰ ਅਤੇ ਜੀਵਨਸ਼ੈਲੀ ਵਿੱਚ ਜ਼ਰੂਰੀ ਬਦਲਾਅ**

ਛੋਟੇ-ਛੋਟੇ ਬਦਲਾਅ ਵੱਡੇ ਨਤੀਜੇ ਦੇ ਸਕਦੇ ਹਨ:

* ਤਾਜ਼ਾ, ਗਰਮ ਅਤੇ ਸੁਪਾਚਯ ਭੋਜਨ ਲਓ
* ਜੰਕ ਫੂਡ, ਵੱਧ ਸ਼ੱਕਰ ਅਤੇ ਤਲੀਆਂ ਚੀਜ਼ਾਂ ਤੋਂ ਬਚੋ
* ਨਿਯਮਿਤ ਦਿਨਚਰਿਆ ਬਣਾਓ (ਸਮੇਂ 'ਤੇ ਸੋਣਾ-ਉੱਠਣਾ)
* ਹਰ ਰੋਜ਼ 30-45 ਮਿੰਟ ਯੋਗ ਜਾਂ ਕਸਰਤ ਕਰੋ
* ਵਜ਼ਨ ਸੰਤੁਲਿਤ ਰੱਖੋ—ਇਹ ਮਾਹਵਾਰੀ ਨਿਯਮਿਤ ਕਰਨ ਵਿੱਚ ਬਹੁਤ ਮਦਦਗਾਰ ਹੈ

**ਮਰੀਜ਼ਾਂ ਲਈ ਸੰਦੇਸ਼**

ਇਹ ਸਮੱਸਿਆ ਬਹੁਤ ਆਮ ਹੈ ਅਤੇ ਇਸਦਾ ਪ੍ਰਭਾਵਸ਼ਾਲੀ ਇਲਾਜ ਸੰਭਵ ਹੈ। ਸ਼ਰਮ ਜਾਂ ਸੰਕੋਚ ਕਰਕੇ ਇਸਨੂੰ ਅਣਦੇਖਾ ਨਾ ਕਰੋ। ਸਮੇਂ 'ਤੇ ਵਿਸ਼ੇਸ਼ਗਿਆ ਦੀ ਸਲਾਹ ਲੈ ਕੇ ਤੁਸੀਂ ਜਟਿਲਤਾਵਾਂ ਤੋਂ ਬਚ ਸਕਦੇ ਹੋ ਅਤੇ ਆਪਣੀ ਜੀਵਨ ਗੁਣਵੱਤਾ ਨੂੰ ਸੁਧਾਰ ਸਕਦੇ ਹੋ।

**ਵਿਸ਼ੇਸ਼ ਪਰਾਮਰਸ਼ ਸੇਵਾ**

ਮਹਿਲਾਵਾਂ ਦੀ ਸੁਵਿਧਾ ਲਈ ਵੈਦਿਆ ਰਸ ਪਾਲ ਕੌਰ ਵੱਲੋਂ ਇੱਕ ਵਿਸ਼ੇਸ਼ ਹੈਲਪਲਾਈਨ ਸ਼ੁਰੂ ਕੀਤੀ ਗਈ ਹੈ: 9910672020

ਇਸ ਨੰਬਰ ਰਾਹੀਂ ਮਹਿਲਾਵਾਂ ਆਪਣੀ ਸਮੱਸਿਆ ਲਈ ਮੁਫ਼ਤ ਸ਼ੁਰੂਆਤੀ ਸਲਾਹ ਲੈ ਸਕਦੀਆਂ ਹਨ।

ਪੂਰੀ ਗੋਪਨੀਯਤਾ, ਸਹਾਨਭੂਤੀ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਇਲਾਜ ਪ੍ਰਦਾਨ ਕੀਤਾ ਜਾਂਦਾ ਹੈ।

# ਜਪਾਨੀ ਕੰਪਨੀਆਂ ਦਾ ਨਿਵੇਸ਼ ਨੂੰ ਲੈ ਕੇ ਸੂਬੇ ਵਿੱਚ ਵਧਿਆ ਭਰੋਸਾ : ਨਾਇਬ ਸਿੰਘ ਸੈਣੀ

## ➢ ਹਰਿਆਣਾ ਵਿੱਚ ਡਾਈਕਿਨ ਏਅਰ ਕੰਡੀਸ਼ਨਰ ਕੰਪਨੀ ਕਰੇਗੀ 1000 ਕਰੋੜ ਦਾ ਨਿਵੇਸ਼ ➢ ਹਰਿਆਣਾ ਵਿੱਚ ਬਣੇਗਾ ਦੇਸ਼ ਦਾ ਪਹਿਲਾ ਖੋਜ ਅਤੇ ਵਿਕਾਸ ਕੇਂਦਰ ➢ ਮੁੱਖ ਮੰਤਰੀ ਦਾ ਜਪਾਨੀ ਦੌਰਾ ਹੋਇਆ ਸਾਕਾਰ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਰਾਜ ਸਰਕਾਰ ਦੀ ਉਦਯੋਗ ਹਿਤੈਸ਼ੀ ਨੀਤੀਆਂ ਦੇ ਸਕਾਰਾਤਮਕ ਪ੍ਰਭਾਵ ਹੁਣ ਸਪਸ਼ਟ ਰੂਪ ਨਾਲ ਦਿਖਾਈ ਦੇਣ ਲੱਗੇ ਹਨ। ਇਸੀ ਦਿਸ਼ਾ ਵਿੱਚ ਮਾਨੇਸਰ ਵਿੱਚ ਡਾਈਕਿਨ ਏਅਰ ਕੰਡੀਸ਼ਨਰ ਕੰਪਨੀ ਵੱਲੋਂ ਲਗਭਗ 1000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾ ਰਿਹਾ ਹੈ, ਜਿਸ ਨਾਲ ਸੂਬੇ ਵਿੱਚ ਲਗਭਗ 500 ਤੋਂ ਵੱਧ ਨੌਜੁਆਨਾਂ ਦੇ ਲਈ ਨਵੇਂ ਰੁਜ਼ਗਾਰ ਦੇ ਮੌਕੇ ਸ੍ਰਿਜਤ ਹੋਣਗੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਚੰਡੀਗੜ੍ਹ ਵਿੱਚ ਸੰਤ ਕਬੀਰ ਕੁਟੀਰ ਵਿੱਚ ਜਪਾਨੀ ਡੇਲੀਗੇਸ਼ਨ ਦੇ ਨਾਲ ਗਲਬਾਤ ਕਰ ਰਹੇ ਸਨ। ਜਪਾਨੀ ਵਫਦ ਨੇ ਮੁੱਖ ਮੰਤਰੀ ਦਾ ਵਿਸ਼ੇਸ਼ ਧੰਨਵਾਦ ਪ੍ਰਗਟਾਇਆ ਅਤੇ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਗੀਤਾ ਭੇਂਟ ਕਰ ਸਨਮਾਨਿਤ ਕੀਤਾ।

**ਮਾਨੇਸਰ ਵਿੱਚ ਬਣੇਗਾ ਖੋਜ ਅਤੇ ਵਿਕਾਸ ਦਾ ਪ੍ਰਮੁੱਖ ਕੇਂਦਰ**

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਹੁਣ ਜਪਾਨੀ ਕੰਪਨੀਆਂ ਦਾ ਨਿਵੇਸ਼ ਨੂੰ ਲੈ ਕੇ ਭਰੋਸਾ ਵੱਧ ਗਿਆ ਹੈ ਅਤੇ ਹੁਣ ਨਿਵੇਸ਼ ਨੂੰ ਲੈ ਕੇ ਉਤਸੁਕ ਹਨ। ਜਪਾਨੀ ਕੰਪਨੀ ਦੇ ਨਿਵੇਸ਼ ਦੇ ਤਹਿਤ ਮਾਨੇਸਰ ਵਿੱਚ ਇੱਕ ਅੱਤਆਧੁਨਿਕ ਖੋਜ ਅਤੇ ਵਿਕਾਸ ਕੇਂਦਰ ਸਥਾਪਿਤ ਕੀਤਾ ਜਾਵੇਗਾ। ਇਹ ਆਪਣੀ ਤਰ੍ਹਾ ਦਾ ਦੇਸ਼ ਵਿੱਚ ਸੱਭ ਤੋਂ ਵੱਡਾ ਅਤੇ ਪਹਿਲਾ ਕੇਂਦਰ ਹੋਵੇਗਾ, ਜੋ ਨਾ ਸਿਰਫ ਤਕਨੀਕੀ ਨਵਾਚਾਰ ਨੂੰ ਪ੍ਰੋਤਸਾਹਨ ਦਵੇਗਾ ਸਗੋ ਹਰਿਆਣਾ ਨੂੰ ਉਦਯੋਗਿਕ ਹੱਬ ਵਜੋ ਹੋਰ ਵੱਧ ਮਜਬੂਤ ਕਰੇਗਾ।

**ਜਪਾਨ-ਹਰਿਆਣਾ ਸਬੰਧਾਂ ਨੂੰ ਮਿਲਿਆ ਨਵਾਂ ਮੁਕਾਮ**

ਮੁੱਖ ਮੰਤਰੀ ਨੇ ਕਿਹਾ ਕਿ ਅਕਤੂਬਰ 2025 ਵਿੱਚ ਜਪਾਨ ਯਾਤਰਾ ਦੌਰਾਨ ਹੋਏ ਐਮਓਯੂ (ਸਮਝੌਤਾ ਮੈਮੋ) ਦਾ ਇਹ ਸਿੱਧਾ ਨਤੀਜਾ ਹੈ। ਜਪਾਨ ਦਾ ਹਰਿਆਣਾ ਦੀ ਨੀਤੀਆਂ ਅਤੇ ਉਦਯੋਗਿਕ ਮਾਹੌਲ 'ਤੇ ਡੂੰਘਾ ਭਰੋਸਾ ਵਧਿਆ ਹੈ ਅਤੇ ਇਸ ਨਿਵੇਸ਼ ਵਜੋ ਸਾਹਮਣੇ ਆਇਆ ਹੈ। ਇਸ ਨਾਲ ਭਵਿੱਖ ਵਿੱਚ ਹੋਰ ਵੀ ਵਿਦੇਸ਼ੀ ਨਿਵੇਸ਼ ਦੇ ਰਸਤੇ ਖੁੱਲਣਗੇ ਅਤੇ ਨੌਜੁਆਨਾਂ ਦੇ ਲਈ ਰੁਜ਼ਗਾਰ ਦੇ ਮੌਕੇ ਵੀ ਸ੍ਰਿਜਨ ਹੋਣਗੇ। ਇਸ ਤਰ੍ਹਾ ਮੁੱਖ ਮੰਤਰੀ ਦਾ ਜਪਾਨੀ ਦੌਰਾਨ ਸਾਕਾਰ ਹੋ ਰਿਹਾ ਹੈ।

**ਈਜ਼ ਆਫ ਡੂਇੰਗ ਬਿਜਨੈਸ 'ਤੇ ਵਿਸ਼ੇਸ਼ ਫੋਕਸ**

ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਦਾ ਮੁੱਖ ਉਦੇਸ਼ ਈਜ਼ ਆਫ ਡੂਇੰਗ ਬਿਜਨੈਸ ਨੂੰ ਪ੍ਰੋਤਸਾਹਨ ਦੇਣਾ ਹੈ ਅਤੇ ਕਾਸਟ ਆਫ ਡੂਇੰਗ ਬਿਜਨੈਸ ਨੂੰ ਘੱਟ ਕਰਨਾ ਹੈ। ਇਸ ਦੇ ਲਈ ਸਰਕਾਰ ਨੇ ਅਨੇਕ ਸੁਧਾਰਾਤਮਕ ਅਤੇ ਜਰੂਰੀ ਕਦਮ ਚੁੱਕੇ ਹਨ, ਜਿਸ ਨਾਲ ਉਦਯੋਗਪਤੀਆਂ ਨੂੰ ਨਿਵੇਸ਼ ਕਰਨ ਵਿੱਚ ਸਹਾਇਤਾ ਮਿਲ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ ਉਦਯੋਗਿਕ ਨਿਵੇਸ਼ਕਾਂ ਦੀ ਸਹੂਲਤ ਲਈ ਸਿੰਗਲ ਵਿੰਡੋਂ ਸਿਸਟਮ ਲਾਗੂ ਕੀਤਾ ਹੈ, ਜਿਸ ਦੇ ਤਹਿਤ ਸਾਰੇ ਜਰੂਰੀ ਐਨਓਸੀ ਇੱਕ ਹੀ ਥਾਂ 'ਤੇ ਉਪਲਬਧ ਕਰਵਾਈ ਜਾਂਦੀ ਹੈ। ਇਸ ਨਾਲ ਪ੍ਰਕ੍ਰਿਆਵਾਂ ਸਰਲ ਅਤੇ ਤੇਜ ਹੋਈਆਂ ਹਨ, ਜਿਸ ਨਾਲ ਵਿਦੇਸ਼ੀ ਕੰਪਨੀਆਂ ਦਾ ਰਾਜ ਦੇ ਵੱਲ ਆਕਰਸ਼ਣ ਵਧਿਆ ਹੈ।

**ਉਦਯੋਗਾਂ ਦੇ ਅਨੁਕੂਲ ਨੀਤੀਆਂ ਨਾਲ ਰਾਜ ਵਿੱਚ ਵੱਧ ਰਿਹਾ ਹੈ ਨਿਵੇਸ਼**

ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਵੱਲੋਂ ਲਾਗੂ ਕੀਤੀ ਗਈ ਉਦਯੋਗਾਂ ਦੇ ਅਨੁਕੂਲ ਯੋਜਨਾਵਾਂ ਅਤੇ ਸਹੂਲਤਾਂ ਦੇ ਕਾਰਨ ਹਰਿਆਣਾਂ ਨਿਵੇਸ਼ਕਾਂ ਦੀ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ। ਸਰਕਾਰ ਅੱਗੇ ਵੀ ਨਿਵੇਸ਼ ਨੂੰ ਹੋਰ ਵੱਧ ਪ੍ਰੋਤਸਾਹਨ ਦੇਣ ਤੇ ਰੁਜ਼ਗਾਰ ਦੇ ਨਵੇਂ ਮੌਕੇ ਸ੍ਰਿਜਤ ਕਰਨ ਲਈ ਪ੍ਰਤੀਬੱਧ ਹੈ।

ਇਸ ਮੌਕੇ 'ਤੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਅਰੁਣ ਗੁਪਤਾ, ਡਾਇਰੈਕਟਰ ਜਨਰਲ ਉਦਯੋਗ ਅਤੇ ਵਪਾਰ ਡਾ. ਯੱਸ਼ ਗਰਗ, ਐਚਐਸਆਈਆਈਡੀਸੀ ਦੇ ਐਮਡੀ ਸੁਸ਼ੀਲ ਸਾਰਵਾਨ, ਮੁੱਖ ਮੰਤਰੀ ਦੇ ਵਿਦੇਸ਼ ਸਹਿਯੋਗ ਵਿਭਾਗ ਦੇ ਸਲਾਹਕਾਰ ਪਵਨ ਚੌਧਰੀ, ਡਾਈਕਿਨ ਦੇ ਐਮਡੀ ਕਮਲਜੀਤ ਜਾਵਾ, ਨਾਗਾ ਮੋਰੀ, ਰਿਸਰਚ ਸੈਂਟਰ ਦੇ ਐਮਡੀ ਏਂਡੀ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਰਹੇ।

# ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ ਜ਼ਿਲ੍ਹੇ ਵਿੱਚ ਚੱਲ ਰਹੀਆਂ ਸਕੀਮਾਂ ਦੀ ਪ੍ਰਗਤੀ ਦੀ ਸਮੀਖਿਆ

**ਮਲੇਰਕੋਟਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿੱਚ ਹੇਠ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੀ ਅਗਵਾਈ ਹੇਠ ਸਮੀਖਿਆ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਕਿ ਸਰਕਾਰ ਵੱਲੋਂ ਲੋਕਾਂ ਲਈ ਸ਼ੁਰੂ ਕੀਤੀਆਂ ਸਕੀਮਾਂ ਦੇ ਲਾਭ ਹਰੇਕ ਪੱਧਰ ਤੱਕ ਸਮੇਂ ਸਿਰ ਪਹੁੰਚਾਉਣੇ ਯਕੀਨੀ ਬਣਾਏ ਜਾਣ।

ਡਿਪਟੀ ਕਮਿਸ਼ਨਰ ਨੇ ਰੰਗਲਾ ਪੰਜਾਬ ਵਿਕਾਸ ਸਕੀਮ ਦਾ ਜਾਇਜ਼ਾ ਲਿਆ । ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਸਕੀਮ ਦੇ ਪਹਿਲੇ ਪੜਾਅ ਤਹਿਤ ਵਿਕਾਸ ਕਾਰਜਾਂ ਲਈ ਹਰੇਕ ਵਿਧਾਨ ਸਭਾ ਹਲਕੇ ਲਈ 2.5 ਕਰੋੜ ਦੇ ਫੰਡ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਸਕੀਮ ਦਾ ਮਕਸਦ ਸਿਰਫ਼ ਪਿੰਡਾਂ ਦਾ ਸੁੰਦਰੀਕਰਨ ਹੀ ਨਹੀਂ, ਸਗੋਂ ਬੁਨਿਆਦੀ ਸਹੂਲਤਾਂ ਨੂੰ ਹਰ ਨਾਗਰਿਕ ਤੱਕ ਪਹੁੰਚਾਉਣਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਧਿਕਾਰੀ ਖੁਦ ਮੌਕੇ 'ਤੇ ਜਾ ਕੇ ਕੰਮਾਂ ਦੀ ਨਿਗਰਾਨੀ ਕਰਨ ਅਤੇ ਜਾਰੀ ਕੀਤੇ ਗਏ ਫੰਡਾਂ ਦੀ ਸਹੀ ਵਰਤੋਂ ਯਕੀਨੀ ਬਣਾਉਣ। ਉਨ੍ਹਾਂ ਪੈਂਡਿੰਗ ਦਸਤਾਵੇਜ਼ਾਂ ਦੀ ਸਮੀਖਿਆ ਕਰਦਿਆਂ ਹਦਾਇਤ ਕੀਤੀ ਕਿ ਸਾਰੇ ਲੋੜੀਂਦੇ ਰਿਕਾਰਡ ਸਮੇਂ ਸਿਰ ਅਪਡੇਟ ਕੀਤੇ ਜਾਣ ਅਤੇ ਪ੍ਰਾਜੈਕਟਾਂ ਦੀ ਪ੍ਰਗਤੀ ਵਿੱਚ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਐਮ.ਪੀ. ਲੈਂਡ ਸਕੀਮ ਦੀ ਸਮੀਖਿਆ ਕਰਦਿਆਂ ਕਿਹਾ ਕਿ ਇਸ ਸਕੀਮ ਤਹਿਤ ਕਿਸੇ ਵੀ ਪ੍ਰੋਜੈਕਟ ਵਿੱਚ ਦੇਰੀ ਜਾਂ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਕੰਮ ਦੀ ਗੁਣਵੱਤਾ ਨੂੰ ਪਹਿਲ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਮੁਕੰਮਲ ਹੋ ਚੁੱਕੇ ਵਿਕਾਸ ਕਾਰਜਾਂ ਦੇ ਵਰਤੋਂ ਸਰਟੀਫਿਕੇਟ ਬਿਨਾਂ ਦੇਰੀ ਜਮ੍ਹਾਂ ਕਰਵਾਏ ਜਾਣ, ਜਦਕਿ ਜਿਹੜੇ ਕੰਮ ਅਜੇ ਤੱਕ ਪੂਰੇ ਨਹੀਂ ਹੋਏ, ਉਨ੍ਹਾਂ ਨੂੰ ਤਰਜੀਹ ਦੇ ਆਧਾਰ 'ਤੇ ਮੁਕੰਮਲ ਕੀਤਾ ਜਾਵੇ। ਇਸਦੇ ਨਾਲ ਹੀ ਜਿਹੜੇ ਪ੍ਰੋਜੈਕਟ ਕਿਸੇ ਕਾਰਨ ਕਰਕੇ ਸ਼ੁਰੂ ਨਹੀਂ ਹੋ ਸਕੇ।

ਉਨ੍ਹਾਂ ਨਾਲ ਸੰਬੰਧਿਤ ਰਾਸ਼ੀ ਵਾਪਸ ਜਮ੍ਹਾਂ ਕਰਵਾਉਣ ਲਈ ਵੀ ਕਿਹਾ ਗਿਆ ਤਾਂ ਜੋ ਅਗਲੀ ਵਿਭਾਗੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਸਹਾਇਕ ਖੋਜ ਅਫ਼ਸਰ ਗੁਰਵਿੰਦਰ ਕੌਰ, ਬੀ.ਡੀ.ਪੀ.ਓ ਬਬਲਜੀਤ ਕੌਰ, ਬੀ.ਡੀ.ਪੀ.ਓ ਜਸਮਿੰਦਰ ਸਿੰਘ, ਐਕਸ਼ੀਅਨ (ਪੀ.ਐਸ.ਪੀ.ਸੀ.ਐਲ) ਇੰਜੀ ਹਰਵਿੰਦਰ ਸਿੰਘ ਤੋਂ ਇਲਾਵਾ ਵੱਖ- ਵੱਖ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।

# ਮੋਹਿੰਦਰ ਭਗਤ ਨੇ 84 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੇ ਰੱਖੇ ਨੀਂਹ ਪੱਥਰ

**ਜਲੰਧਰ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ ਅਤੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਵਲੋਂ ਅੱਜ ਤੇਜ ਮੋਹਨ ਨਗਰ ਅਤੇ ਵਾਰਡ ਨੰਬਰ 41, 44 ਵਿਖੇ 84 ਲੱਖ ਰੁਪਏ ਨਾਲ ਮੁਕੰਮਲ ਹੋਣ ਵਾਲੀਆਂ ਸੜਕਾਂ ਤੇ ਟਿਊਬਵੈਲ ਲਗਾਉਣ ਦੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ।

ਸ੍ਰੀ ਭਗਤ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਵਿਕਾਸ ਕਾਰਜ ਮੁਕੰਮਲ ਹੋਣ ਨਾਲ ਲੋਕਾਂ ਨੂੰ ਭਾਰੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਸੂਬੇ ਵਿੱਚ ਵਿਕਾਸ ਦੀ ਲਹਿਰ ਚਲਾਈ ਜਾ ਰਹੀ ਹੈ ਅਤੇ ਸੂਬੇ ਦਾ ਚਹੁੰਮੁੱਖੀ ਵਿਕਾਸ ਕੀਤਾ ਜਾ ਰਿਹਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਸ਼ਹਿਰ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਮੁਕੰਮਲ ਕਰਨ ਤੋਂ ਇਲਾਵਾ ਆਉਣ ਵਾਲੇ ਦਿਨਾਂ ਵਿੱਚ ਕਰੋੜਾਂ ਰੁਪਏ ਦੀ ਲਾਗਤ ਵਾਲੇ ਹੋਰ ਵਿਕਾਸ ਕਾਰਜ ਸ਼ੁਰੂ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ।

ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਸੂਬੇ ਦੀ ਮੌਜੂਦਾ ਸਰਕਾਰ ਦੇਸ਼ ਦੀ ਪਹਿਲੀ ਸਰਕਾਰ ਹੈ, ਜਿਸ ਨੇ ਆਪਣੇ ਸਾਰੇ ਚੋਣ ਵਾਅਦਿਆਂ ਨੂੰ ਪੂਰਾ ਕਰਕੇ ਇਤਿਹਾਸ ਸਿਰਜਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵਲੋਂ ਹਰ ਵਰਗ ਦੀ ਭਲਾਈ ਲਈ ਸਕੀਮਾਂ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਲੋਕ ਸਰਕਾਰ ਦੀਆਂ ਚਾਰ ਸਾਲਾਂ ਦੀਆਂ ਪ੍ਰਾਪਤੀਆਂ ਤੇ ਕਾਰਗੁਜ਼ਾਰੀ ਤੋਂ ਬਹੁਤ ਖੁਸ਼ ਹਨ।

ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ 'ਤੇ ਵਿਸਥਾਰ ਨਾਲ ਚਾਨਣਾ ਪਾਉਂਦਿਆਂ ਸ਼੍ਰੀ ਭਗਤ ਨੇ ਦੱਸਿਆ ਕਿ ਮਹਿਲਾਵਾਂ ਦੇ ਸਤਿਕਾਰ ਲਈ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਸ਼ੁਰੂ ਕੀਤੀ ਗਈ ਹੈ। ਸੂਬਾ ਵਾਸੀਆਂ ਨੂੰ ਮਿਆਰੀ ਤੇ ਮੁਫ਼ਤ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ 10 ਲੱਖ ਰੁਪਏ ਤੱਕ ਦੇ ਕੈਸ਼ਲੈਸ ਇਲਾਜ ਦੀ ਸ਼ੁਰੂ ਕੀਤੀ ਗਈ ਸਹੂਲਤ ਵਰਦਾਨ ਸਾਬਿਤ ਹੋ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਤੋਂ ਇਲਾਵਾ ਸਰਕਾਰ ਵਲੋਂ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਮੁਫ਼ਤ ਤੇ ਮਿਆਰੀ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਸਦਕਾ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਮੁਕਾਬਲੇ ਦੀ ਪ੍ਰੀਖਿਆਵਾਂ ਵਿੱਚ ਬੈਠਣ ਦੇ ਯੋਗ ਹੋ ਰਹੇ ਹਨ।

ਸ੍ਰੀ ਭਗਤ ਨੇ ਅੱਗੇ ਦੱਸਿਆ ਕਿ ਸੂਬੇ ਵਿੱਚ ਖੇਡ ਸਭਿਆਚਾਰ ਪੈਦਾ ਕਰਕੇ ਸੂਬੇ ਨੂੰ ਮੁੜ ਤੋਂ 'ਰੰਗਲਾ ਪੰਜਾਬ' ਬਣਾਉਣ ਲਈ ਖੇਡਾਂ ਵਤਨ ਪੰਜਾਬ ਦੀਆਂ ਤਹਿਤ ਵੱਖ-ਵੱਖ ਖੇਡ ਮੁਕਾਬਲੇ ਕਰਵਾਕੇ ਨੌਜਵਾਨਾਂ ਦੀ ਅਥਾਹ ਊਰਜਾ ਸ਼ਕਤੀ ਨੂੰ ਉਸਾਰੂ ਪਾਸੇ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਨਸ਼ਿਆਂ ਖਿਲਾਫ਼ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਮੁਹਿੰਮ ਤਹਿਤ ਜਿਥੇ ਨਸ਼ਾ ਸਮੱਗਲਰਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿਛੇ ਭੇਜਿਆ ਜਾ ਰਿਹਾ ਹੈ, ਉਥੇ ਹੀ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਦੇ ਮੁੜ ਵਸੇਬੇ ਲਈ ਸੰਜੀਦਾ ਉਪਰਾਲੇ ਕੀਤੇ ਜਾ ਰਹੇ ਹਨ।

# ਬਲਬੀਰ ਸਿੰਘ ਸਿੱਧੂ ਨੇ 912 ਕਰੋੜ ਦੇ ਮੋਹਾਲੀ ਰੋਡ ਪ੍ਰੋਜੈਕਟ ਨੂੰ ਲੈ ਕੇ ਆਪ ਸਰਕਾਰ 'ਤੇ ਤਿੱਖਾ ਨਿਸ਼ਾਨਾ ਸਾਧਿਆ

## ਦਾਗ਼ਦਾਰ ਕੰਪਨੀ ਨੂੰ ਠੇਕਾ ਦੇਣ 'ਤੇ ਸਵਾਲ ਉਠਾਏ ਅਤੇ ਪ੍ਰੋਜੈਕਟ ਦੀ ਲਾਗਤ ਵਿੱਚ ਭਾਰੀ ਵਾਧੇ 'ਤੇ ਵੀ ਗੰਭੀਰ ਚਿੰਤਾ ਜਤਾਈ

**ਮੋਹਾਲੀ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਸਿਹਤ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਨੇ ?912.63 ਕਰੋੜ ਦੇ ਮੋਹਾਲੀ ਨੈਕਸਟ ਜਨਰੇਸ਼ਨ ਰੋਡ ਪ੍ਰੋਗਰਾਮ ਨੂੰ ਲੈ ਕੇ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਇਸ ਨੂੰ ਪੰਜਾਬ ਦੇ ਸਰਕਾਰੀ ਖਜ਼ਾਨੇ ਦੀ ਬੇਮਿਸਾਲ ਲੁੱਟ ਕਰਾਰ ਦਿੱਤਾ ਅਤੇ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ।

ਸਿੱਧੂ ਨੇ ਗਵਾਰ ਕਨਸਟਰਕਸ਼ਨ ਲਿਮਿਟਡ ਨਾਮਕ ਬਾਹਰੀ ਰਾਜ ਦੀ ਕੰਪਨੀ ਦੀ ਚੋਣ 'ਤੇ ਗੰਭੀਰ ਸਵਾਲ ਖੜੇ ਕੀਤੇ, ਜੋ ਹੋਰ ਰਾਜਾਂ ਵਿੱਚ ਘਟੀਆ ਕੰਮ ਅਤੇ ਲਾਪਰਵਾਹੀ ਲਈ ਪਹਿਲਾਂ ਹੀ ਚਰਚਾ ਵਿੱਚ ਰਹੀ ਹੈ। ਉਨ੍ਹਾਂ ਪੁੱਛਿਆ, ਇੰਨੇ ਵੱਡੇ ਪ੍ਰੋਜੈਕਟ ਨੂੰ ਇੱਕ ਅਜਿਹੀ ਕੰਪਨੀ ਨੂੰ ਕਿਉਂ ਦਿੱਤਾ ਗਿਆ ਜਿਸਦਾ ਹਿਮਾਚਲ ਅਤੇ ਰਾਜਸਥਾਨ ਵਿੱਚ ਰਿਕਾਰਡ ਸ਼ੱਕੀ ਹੈ ? ਉਨ੍ਹਾਂ ਦੱਸਿਆ ਕਿ ਇਹ ਕੰਪਨੀ ਪਰਵਾਣੂ-ਸ਼ਿਮਲਾ ਹਾਈਵੇ 'ਤੇ ਘਟੀਆ ਨਿਰਮਾਣ ਕਾਰਨ ਪਹਿਲਾਂ ਹੀ ਜਾਂਚ ਹੇਠ ਹੈ, ਜਿੱਥੇ ਲਾਪਰਵਾਹੀ ਕਾਰਨ ਭੂ-ਸਖਲਨ ਅਤੇ ਇਮਾਰਤਾਂ ਦੇ ਨੁਕਸਾਨ ਦੀਆਂ ਘਟਨਾਵਾਂ ਸਾਹਮਣੇ ਆਈਆਂ। ਇਸ ਤੋਂ ਇਲਾਵਾ, ਰਾਜਸਥਾਨ ਵਿੱਚ ਵੀ ਇਸ ਕੰਪਨੀ 'ਤੇ ਕੰਮ ਦੀ ਗੁਣਵੱਤਾ ਬਾਰੇ ਸਵਾਲ ਉੱਠ ਚੁੱਕੇ ਹਨ, ਜਿਸ ਨਾਲ ਮੋਹਾਲੀ ਵਿੱਚ ਬਣਨ ਵਾਲੀ ਇੰਫਰਾਸਟ੍ਰਕਚਰ ਦੀ ਮਜ਼ਬੂਤੀ 'ਤੇ ਸੰਦੇਹ ਪੈਦਾ ਹੁੰਦਾ ਹੈ।

ਸਿੱਧੂ ਨੇ ਇਸ ਪ੍ਰੋਜੈਕਟ ਦੀ ਭਾਰੀ ਲਾਗਤ 'ਤੇ ਵੀ ਸਵਾਲ ਉਠਾਏ, ਜਿਸ ਅਨੁਸਾਰ ਹਰ ਕਿਲੋਮੀਟਰ ਲਈ ਲਗਭਗ ?11 ਕਰੋੜ ਖਰਚ ਕੀਤਾ ਜਾ ਰਿਹਾ ਹੈ, ਜੋ ਸਿਰਫ਼ ਸ਼ਹਿਰੀ ਸੜਕਾਂ ਦੀ ਮੁਰੰਮਤ ਅਤੇ ਸੁੰਦਰਤਾ ਵਧਾਉਣ ਲਈ ਹੈ।

ਉਨ੍ਹਾਂ ਕਿਹਾ, ਇਹ ਵਿਕਾਸ ਨਹੀਂ, ਸਗੋਂ ਦਿਨ ਦਿਹਾੜੇ ਪੰਜਾਬ ਦੇ ਖਜ਼ਾਨੇ ਦੀ ਲੁੱਟ ਹੈ। ਆਮ ਆਦਮੀ ਪਾਰਟੀ ਸਰਕਾਰ ਸਥਾਨਕ ਠੇਕੇਦਾਰਾਂ ਨੂੰ ਨਜ਼ਰਅੰਦਾਜ਼ ਕਰਕੇ ਬਾਹਰੀ ਕੰਪਨੀਆਂ ਨੂੰ ਤਰਜੀਹ ਦੇ ਰਹੀ ਹੈ। ਇਸ ਤਰ੍ਹਾਂ ਦੇ ਮਹਿੰਗੇ ਰੇਟਾਂ 'ਤੇ ਟੈਂਡਰ ਦੇ ਕੇ ਪੰਜਾਬ ਦੇ ਸਰੋਤਾਂ ਨੂੰ ਜਾਣਬੁਝ ਕੇ ਬਾਹਰ ਵੱਲ ਮੋੜਿਆ ਜਾ ਰਿਹਾ ਹੈ।

ਸਾਬਕਾ ਮੰਤਰੀ ਨੇ ਇਹ ਵੀ ਸਵਾਲ ਉਠਾਇਆ ਕਿ ਜਦੋਂ ਇਹ ਪ੍ਰੋਜੈਕਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ, ਤਾਂ ਫਿਰ ਜਲਦੀ ਵਿੱਚ ਲੈਟਰ ਆਫ ਅਵਾਰਡ (*✪1) ਕਿਉਂ ਜਾਰੀ ਕੀਤਾ ਗਿਆ ? ਉਨ੍ਹਾਂ ਕਿਹਾ ਕਿ ਬਜਟ ਵਿੱਚ ਵਾਰ-ਵਾਰ ਵਾਧਾ, ਅਸਧਾਰਣ ਉੱਚ ਲਾਗਤ ਅਤੇ ਵਿਵਾਦਿਤ ਕੰਪਨੀ ਦੀ ਚੋਣ ਮਿਲ ਕੇ ਭ੍ਰਿਸ਼ਟਾਚਾਰ ਅਤੇ ਕਿਕਬੈਕ ਦੀ ਬੂ ਪੈਦਾ ਕਰਦੇ ਹਨ।

ਸਿੱਧੂ ਨੇ ਕਿਹਾ ਕਿ ਮੋਹਾਲੀ ਨੂੰ ਵਿਸ਼ਵ-ਪੱਧਰੀ ਢਾਂਚਾ ਮਿਲਣਾ ਚਾਹੀਦਾ ਹੈ, ਪਰ ਵਿਕਾਸ ਪਾਰਦਰਸ਼ਤਾ ਦੀ ਕੀਮਤ 'ਤੇ ਨਹੀਂ ਹੋ ਸਕਦਾ। ਪੰਜਾਬ ਦੇ ਲੋਕਾਂ ਨੂੰ ਜਾਣਨ ਦਾ ਹੱਕ ਹੈ ਕਿ ਉਹਨਾਂ ਦਾ ਪੈਸਾ ਇੱਕ ਅਜਿਹੀ ਕੰਪਨੀ ਨੂੰ ਕਿਉਂ ਦਿੱਤਾ ਜਾ ਰਿਹਾ ਹੈ ਜਿਸ 'ਤੇ ਪਹਿਲਾਂ ਹੀ ਘਟੀਆ ਕੰਮ ਦੇ ਦੋਸ਼ ਹਨ। ਅਸੀਂ ਲਾਗਤ ਦੀ ਪੂਰੀ ਵਜ੍ਹਾ ਅਤੇ ਚੋਣ ਪ੍ਰਕਿਰਿਆ ਦੀ ਪਾਰਦਰਸ਼ੀ ਸਮੀਖਿਆ ਦੀ ਮੰਗ ਕਰਦੇ ਹਾਂ। ਅੰਤ ਵਿੱਚ, ਸਿੱਧੂ ਨੇ ਚੇਤਾਵਨੀ ਦਿੱਤੀ ਕਿ ਕਾਂਗਰਸ ਪਾਰਟੀ ਰਾਜ ਦੇ ਸਰੋਤਾਂ ਦੀ ਸੁਨਿਯੋਜਿਤ ਲੁੱਟ 'ਤੇ ਚੁੱਪ ਨਹੀਂ ਬੈਠੇਗੀ ਅਤੇ ਹਰ ਪੈਸੇ ਦਾ ਹਿਸਾਬ ਲੈਣ ਲਈ ਲਗਾਤਾਰ ਆਵਾਜ਼ ਉਠਾਉਂਦੀ ਰਹੇਗੀ।

# ਗੋਲੀ ਲੱਗਣ ਕਾਰਨ ਡੀ ਐੱਸ ਪੀ ਦੀ ਮੌਤ

**ਫਗਵਾੜਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਐਂਟੀ ਨਾਰਕੋਟਿਕਸ ਟਾਸਕ ਫੋਰਸ ਵਿੱਚ ਸੇਵਾ ਨਿਭਾਅ ਰਹੇ ਡੀ ਐੱਸ ਪੀ ਯੋਗੇਸ਼ ਕੁਮਾਰ ਦੀ ਮੰਗਲਵਾਰ ਸਵੇਰੇ ਇੱਥੇ ਪੁਲੀਸ ਕੁਆਰਟਰ ਸਥਿਤ ਆਪਣੀ ਸਰਕਾਰੀ ਰਿਹਾਇਸ਼ 'ਤੇ ਗੋਲੀ ਲੱਗਣ ਕਾਰਨ ਮੌਤ ਹੋ ਗਈ।

ਵੇਰਵਿਆਂ ਅਨੁਸਾਰ ਅਧਿਕਾਰੀਆਂ ਨੇ ਇਸ ਗੱਲ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਕਿ ਇਹ ਖੁਦਕੁਸ਼ੀ ਦਾ ਮਾਮਲਾ ਹੈ ਜਾਂ ਗੋਲੀ ਗਲਤੀ ਨਾਲ ਚੱਲੀ ਹੈ। ਇਹ ਘਟਨਾ ਸਵੇਰੇ ਕਰੀਬ 7:30 ਵਜੇ ਵਾਪਰੀ।

# ਜਥੇਦਾਰ ਬਾਬਾ ਪ੍ਰਤਾਪ ਸਿੰਘ ਜੀ ਢੁੱਡਾ ਗੁਰਨਾਮ ਖਾਲਸਾ ਦੇ ਗ੍ਰਹਿ ਪੁੱਜੇ



**ਮਾਛੀਵਾੜਾ ਸਾਹਿਬ, 25 ਅਪ੍ਰੈਲ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਸ਼ਹੀਦ ਭਾਈ ਮਨੀ ਸਿੰਘ ਦੁਲੋਂ ਪੰਥ ਦੇ ਮੁਖੀ ਜਥੇਦਾਰ ਪ੍ਰਤਾਪ ਸਿੰਘ ਢੁੱਡਾ ਮਾਛੀਵਾੜਾ ਸਾਹਿਬ ਵਿਖੇ ਸਾਬਕਾ ਕੌਂਸਲਰ ਆਪ ਆਗੂ ਗੁਰਨਾਮ ਸਿੰਘ ਖਾਲਸਾ ਦੇ ਗ੍ਰਹਿ ਵਿਖੇ ਪੁੱਜੇ ਜਿੱਥੇ ਉਹਨਾਂ ਮੌਜੂਦਾ ਰਾਜਨੀਤਿਕ ,ਧਾਰਮਿਕ ਤੇ ਸਮਾਜਿਕ ਗਤੀਵਿਧੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ। ਜਥੇਦਾਰ ਜੀ ਵੱਲੋਂ ਪੰਜਾਬ ਸਰਕਾਰ ਦੁਆਰਾ ਬੇਅਦਬੀਆਂ ਰੋਕਣ ਲਈ ਬਣਾਏ ਗਏ ਕਾਨੂੰਨ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਆਪ ਸਰਕਾਰ ਦਾ ਧੰਨਵਾਦ ਪ੍ਰਗਟ ਕੀਤਾ ਅਤੇ ਕਿਹਾ ਕਿ ਅਜਿਹੇ ਕਾਨੂੰਨ ਬਣਨ ਦੇ ਨਾਲ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਜਰੂਰ ਰੁਕਣਗੀਆਂ। ਉਹਨਾਂ ਕਿਹਾ ਕਿ ਸ਼੍ਰੋਮਣੀ ਸ਼ਹੀਦ ਭਾਈ ਮਨੀ ਸਿੰਘ ਦੇ ਵਾਰਸਾਂ ਨੂੰ ਸਮਾਜ ਵਿੱਚ ਉੱਚਾ ਰੁਤਬਾ ਦੇਣ ਲਈ ਸਰਕਾਰ ਨੂੰ ਹੋਰ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਭਾਈ ਮਨੀ ਸਿੰਘ ਜੀ ਦੀਆਂ ਵਿਸ਼ਾਲ ਯਾਦਗਾਰਾਂ ਬਣਾਉਣੀ ਚਾਹੀਦੀਆਂ ਹਨ। ਉਹਨਾਂ ਕਿਹਾ ਕਿ ਮੌਜੂਦਾ ਸਮੇਂ ਬੇਅਦਬੀਆਂ ਰੋਕਣ ਲਈ ਕਾਨੂੰਨ ਬਣਾਏ ਜਾਣ ਦੀ ਸਖਤ ਲੋੜ ਸੀ ਅਤੇ ਇਸ ਲਈ ਜਿੱਥੇ ਸਰਕਾਰ ਇਸ ਕਾਨੂੰਨ ਬਣਾਉਣ ਤੇ ਧੰਨਵਾਦ ਦੀ ਪਾਤਰ ਹੈ ਉੱਥੇ ਹੀ ਸਮਾਜ ਨੂੰ ਇੱਕ ਨਵੀਂ ਸੇਧ ਬਣੇਗੀ ਅਤੇ ਸ਼ਰਾਰਤੀ ਅਨਸਰਾਂ ਨੂੰ ਇੱਕ ਨਵਾਂ ਸਬਕ ਮਿਲੇਗਾ। ਇਸ ਮੌਕੇ ਉਹਨਾਂ ਸਾਬਕਾ ਕੌਂਸਲਰ ਗੁਰਨਾਮ ਸਿੰਘ ਖਾਲਸਾ ਦੁਆਰਾ ਧਾਰਮਿਕ ਪ੍ਰੋਗਰਾਮਾਂ ਵਿੱਚ ਦਿੱਤੇ ਜਾਂਦੇ ਯੋਗਦਾਨ ਦੀ ਵੀ ਖੂਬ ਪ੍ਰਸ਼ਸਨ ਕੀਤੀ। ਗੁਰਨਾਮ ਸਿੰਘ ਖਾਲਸਾ ਦੁਆਰਾ ਆਪਣੇ ਗ੍ਰਹਿ ਵਿਖੇ ਪੁੱਜੀ ਸਮੁੱਚੀ ਟੀਮ ਦਾ ਸਵਾਗਤ ਕਰਦਿਆਂ ਧੰਨਵਾਦ ਪ੍ਰਗਟ ਕੀਤਾ।

# ਕੈਨੇਡਾ ਵਿੱਚ ਭਾਰਤੀ ਵਿਦਿਆਰਥੀ ਦੇ ਕਾਤਲ ਨੂੰ ਉਮਰ ਕੈਦ

**ਟੋਰਾਂਟੋ/ਗਾਜ਼ੀਆਬਾਦ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਟੋਰਾਂਟੋ ਦੀ ਇੱਕ ਅਦਾਲਤ ਨੇ ਭਾਰਤੀ ਵਿਦਿਆਰਥੀ ਕਾਰਤਿਕ ਵਾਸੂਦੇਵ ਦੇ ਕਤਲ ਦੇ ਮਾਮਲੇ ਵਿੱਚ ਇੱਕ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਕੋਰਟ ਨੇ ਦੋਸ਼ੀ ਦੀ ਮਾਨਸਿਕ ਵਿਗਾੜ ਕਾਰਨ ਅਪਰਾਧਿਕ ਤੌਰ 'ਤੇ ਜ਼ਿੰਮੇਵਾਰ ਨਾ ਹੋਣ ਦੀ ਦਲੀਲ ਨੂੰ ਰੱਦ ਕਰ ਦਿੱਤਾ। ਇਹ ਜਾਣਕਾਰੀ ਪੀੜਤ ਪਰਿਵਾਰ ਨੇ ਮੰਗਲਵਾਰ ਨੂੰ ਦਿੱਤੀ। 'ਗਲੋਬਲ ਨਿਊਜ਼ ਟੋਰਾਂਟੋ' ਅਨੁਸਾਰ ਜਸਟਿਸ ਜੇਨ ਕੈਲੀ ਦੀ ਪ੍ਰਧਾਨਗੀ ਵਾਲੀ ਟੋਰਾਂਟੋ ਦੀ ਸੁਪੀਰੀਅਰ ਕੋਰਟ ਨੇ ਸੋਮਵਾਰ ਨੂੰ ਰਿਚਰਡ ਐਡਵਿਨ ਨੂੰ 7 ਅਪਰੈਲ ਅਤੇ 9 ਅਪਰੈਲ 2022 ਨੂੰ ਦੋ ਅਣਪਛਾਤੇ ਵਿਅਕਤੀਆਂ ਦੇ ਕਤਲ ਦੇ ਮਾਮਲੇ ਵਿੱਚ 'ਫਸਟ-ਡਿਗਰੀ ਮਰਡਰ' ਦੇ ਦੋ ਦੋਸ਼ਾਂ ਵਿੱਚ ਦੋਸ਼ੀ ਪਾਇਆ।

**ਇਮਲੀ ਦਾ ਰੁੱਖ ਪੰਜਾਬ ਵਿਚ ਸੜਕਾਂ ਕਿਨਾਰੇ ਤੇ ਸਾਂਝੀਆਂ ਥਾਵਾਂ 'ਤੇ ਲਗਾਇਆ ਜਾ ਸਕਦਾ ਹੈ। ਇਸ ਦੇ ਫਲ ਦੀ ਵਰਤੋਂ ਕਈ ਖਾਣਯੋਗ ਪਦਾਰਥਾਂ ਤੇ ਦਵਾਈਆਂ ਵਿਚ ਕੀਤੀ ਜਾਂਦੀ ਹੈ...**

# ਜਾਣੇ-ਪਛਾਣੇ ਰੁੱਖ ਇਮਲੀ

ਇਸ ਰੁੱਖ ਦਾ ਅੰਗਰੇਜ਼ੀ ਨਾਂ ਟੈਮਾਰਿੰਡ ਹੈ। ਇਹ ਨਾਂ ਫ਼ਾਰਸੀ ਦੇ ਸ਼ਬਦ 'ਤਮਰ-ਏ-ਹਿੰਦ' ਤੋਂ ਪਿਆ ਹੈ, ਜਿਸ ਦਾ ਅਰਥ ਹੈ - ਹਿੰਦੁਸਤਾਨ ਦੀ ਖਜੂਰ। ਮਰਾਠੀ ਵਿਚ ਇਸ ਨੂੰ 'ਚਿੰਚ', ਬੰਗਾਲੀ ਅਤੇ ਮਰਾਠੀ ਵਿਚ 'ਇਮਲੀ' ਆਖਦੇ ਹਨ। ਇਸ ਦਾ ਵਿਗਆਨਕ ਨਾਂ 'ਟੈਮਾਰਿੰਡਸ ਇੰਡੀਕਾ' ਹੈ। ਇਸ ਦਾ ਵਿਸ਼ੇਸ਼ ਨਾਂ 'ਇੰਡੀਕਾ' ਸੰਕੇਤ ਕਰਦਾ ਹੈ ਕਿ ਇਸ ਨੂੰ ਭਾਰਤੀ ਮੂਲ ਦਾ ਰੁੱਖ ਕਿਆਸਿਆ ਜਾਂਦਾ ਹੈ। ਕੁਝ ਵਿਗਿਆਨੀਆਂ ਦੀ ਰਾਏ ਹੈ ਕਿ ਇਮਲੀ ਦੇ ਰੁੱਖ ਦਾ ਮੂਲ ਸਥਾਨ ਐਬੀਸੀਨੀਆ ਅਤੇ ਕੇਂਦਰੀ ਅਫਰੀਕਾ ਹੈ, ਜਿੱਥੋਂ ਇਹ ਭਾਰਤ ਵਿਚ ਆਇਆ।

## ਵਿਸ਼ੇਸ਼ ਵਰਣਨ

ਇਮਲੀ ਦਾ ਰੁੱਖ ਇਕ ਖ਼ੁਸ਼ਨੁਮਾ ਤੇ ਸਦਾ-ਬਹਾਰ ਰੁੱਖ ਹੈ। ਇਸ ਦਾ ਆਕਾਰ ਬਹੁਤ ਵੱਡਾ ਹੋ ਜਾਂਦਾ ਹੈ। ਛੋਟੇ ਰੁੱਖ ਦਾ ਤਣਾ ਸਿੱਧਾ ਅਤੇ ਸੁਡੌਲ ਹੁੰਦਾ ਹੈ। ਪੱਤੇ ਸੰਯੁਕਤ ਅਤੇ ਬਹੁਤ ਸਾਰੀਆਂ ਛੋਟੀਆਂ ਪੱਤੀਆਂ ਨੂੰ ਮਿਲ ਕੇ ਬਣੇ ਹੁੰਦੇ ਹਨ। ਰੁੱਖ ਉੱਤੇ ਪੱਤੇ ਏਨੇਂ ਸੰਘਣੇ ਹੁੰਦੇ ਹਨ ਕਿ ਧਰਤੀ ਉੱਤੇ ਇਸ ਦੀ ਛਾਂ ਭਰਵੀਂ, ਇਕਸਾਰ ਤੇ ਸੁਖਾਵੀਂ ਪੈਂਦੀ ਹੈ। ਨਵੇਂ ਪੱਤੇ ਪੁਰਾਣਿਆਂ ਦੇ ਮੁਕਾਬਲੇ ਫਿੱਕੇ ਹਰੇ ਅਤੇ ਵਧੇਰੇ ਚਮਕਦਾਰ ਹੁੰਦੇ ਹਨ। ਫੁੱਲ ਬਹੁਤ ਛੋਟੇ ਅਤੇ ਪੱਤਿਆਂ ਵਿਚ ਛੋਟੇ-ਛੋਟੇ ਗੁੱਛਿਆਂ ਵਿਚ ਲੱਗਦੇ ਹਨ। ਫੁੱਲ ਖਿੜਨ ਸਮੇਂ ਇਮਲੀ ਦੇ ਰੁੱਖ ਹੇਠਲੀ ਜ਼ਮੀਨ ਫੁੱਲ-ਪੱਤੀਆਂ ਸੇ ਸੰਘਣੇ ਤੇ ਰੰਗ-ਬਰੰਗੇ ਕਾਲੀਨ ਵਾਂਗ ਕੱਜੀ ਜਾਂਦੀ ਹੈ। ਇਮਲੀ ਦੀਆਂ ਫਲੀਆਂ ਟੇਢੀਆਂ-ਮੇਢੀਆਂ ਅਤੇ ਭੂਰੇ ਰੰਗ ਦੀਆਂ ਹੁੰਦੀਆਂ ਹਨ। ਫਲੀ ਵਿਚ ਰੇਸ਼ੇਦਾਰ ਗੁੱਦੇ 'ਚ ਲਪੇਟੇ ਹੋਏ ਕਈ ਬੀਜ ਹੁੰਦੇ ਹਨ ਅਤੇ ਗੁੱਦੇ ਦਾ ਸਵਾਦ ਖੱਟਾ ਹੁੰਦਾ ਹੈ।

## ਧਾਰਮਿਕ ਮਾਨਤਾ

ਅੰਮ੍ਰਿਤਸਰ ਸਥਿਤ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਵੀ ਇਮਲੀ ਦਾ ਰੁੱਖ ਮੌਜੂਦ ਹੈ। ਇਹ ਰੁੱਖ 1984 ਵਿਚ ਹੋਏ ਹਮਲੇ ਦੌਰਾਨ ਢਹਿ ਗਿਆ ਸੀ। ਇਸ ਸਥਾਨ 'ਤੇ ਪੌਦਾ ਵਿਗਿਆਨੀਆਂ ਦੀ ਦੇਖ-ਰੇਖ ਵਿਚ ਦੁਬਾਰਾ ਇਮਲੀ ਦਾ ਰੁੱਖ ਲਗਾਇਆ ਗਿਆ ਸੀ। ਮੌਜੂਦਾ ਸਮੇਂ ਇਸ 10-12 ਫੁੱਟ ਉੱਚਾ ਹੈ। ਇਮਲੀ ਦੇ ਇਸ ਰੁੱਖ ਬਾਰੇ ਇਤਿਹਾਸ 'ਚ ਜ਼ਿਕਰ ਆਉਂਦਾ ਹੈ ਕਿ ਜਦੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਮੋਰਾਂ ਨਾਲ ਵਿਆਹ ਕਰਵਾ ਕੇ ਉਸ ਦੇ ਨਾਂ 'ਤੇ ਸਿੱਕਾ ਚਲਾਇਆ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਬਾ ਫੂਲਾਂ ਸਿੰਘ ਅਕਾਲੀ ਨੇ ਉਨ੍ਹਾਂ ਨੂੰ ਇਮਲੀ ਦੇ ਇਸ ਰੁੱਖ ਨਾਲ ਬੰਨ੍ਹ ਕੇ ਕੋੜੇ ਮਾਰੇ ਜਾਣ ਦੀ ਤਨਖ਼ਾਹ ਲਗਾਈ। ਮਹਾਰਾਜੇ ਨੇ ਇਹ ਸਜ਼ਾ ਨਿਮਰਤਾ ਸਹਿਤ ਕਬੂਲ ਕਰ ਲਈ। ਇਸ ਤੋਂ ਬਾਅਦ ਇਹ ਸਜ਼ਾ ਮਾਫ਼ ਕਰ ਦਿੱਤੀ ਗਈ ਅਤੇ ਇਸ ਘਟਨਾ ਦੀ ਯਾਦ 'ਚ ਇਸ ਰੁੱਖ ਨੂੰ ਅੱਜ ਵੀ ਕਾਇਮ ਰੱਖਿਆ ਗਿਆ ਹੈ।

## ਵਹਿਮ-ਭਰਮ

ਭਾਰਤ ਦੇ ਕੁਝ ਹਿੱਸਿਆਂ ਵਿਚ ਇਮਲੀ ਨੂੰ ਇਕ ਬਦਸ਼ਗਨਾ ਰੁੱਖ ਸਮਝਿਆ ਜਾਂਦਾ ਹੈ ਅਤੇ ਲੋਕੀਂ ਇਸ ਬਾਰੇ ਕਈ ਵਹਿਮਾਂ-ਭਰਮਾਂ ਦੇ ਸ਼ਿਕਾਰ ਹਨ। ਆਖਿਆ ਜਾਂਦਾ ਹੈ ਕਿ ਇਸ ਰੁੱਖ ਉੱਪਰ ਬਦਰੂਹਾਂ ਵਾਸ ਕਰਦੀਆਂ ਹਨ ਅਤੇ ਜੋ ਵਿਅਕਤੀ ਇਸ ਦੇ ਹੇਠਾਂ ਸੌਂਦਾ ਹੈ, ਉਸ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਸ਼ਾਇਦ ਇਮਲੀ ਦੇ ਪੱਤਿਆਂ ਵਿਚ ਤੇਜ਼ਾਬੀ ਮਾਦਾ ਹੋਣ ਕਾਰਨ ਬਹੁਤ ਸਾਰੇ ਰੁੱਖ ਬੂਟੇ ਇਸ ਹੇਠਾਂ ਨਹੀਂ ਹੁੰਦੇ ਅਤੇ ਇਸੇ ਤੋਂ ਇਹ ਧਾਰਨਾ ਪੈਦਾ ਹੋਈ ਜਾਪਦੀ ਹੈ।

## ਫ਼ਾਇਦੇ

ਇਸ ਦੇ ਫਲ ਦਾ ਗੁੱਦਾ ਕਾਫ਼ੀ ਤੇਜ਼ਾਬੀ ਅਤੇ ਸਵਾਦ ਵਿਚ ਖੱਟਾ ਹੁੰਦਾ ਹੈ। ਇਸ ਦੀ ਵਰਤੋਂ ਕੜ੍ਹੀ, ਗੋਲਗੱਪਿਆਂ ਦਾ ਪਾਣੀ ਅਤੇ ਹੋਰ ਖਾਣਯੋਗ ਪਦਾਰਥਾਂ ਵਿਚ ਕੀਤੀ ਜਾਂਦੀ ਹੈ। ਕੁਝ ਕਬੀਲਿਆਂ ਦੇ ਲੋਕ ਇਸ ਦੇ ਬੀਜਾਂ ਨੂੰ ਪੀਹ ਕੇ ਭੋਜਨ ਵਿਚ ਵਰਤਦੇ ਹਨ। ਇਸ ਦੇ ਬੀਜਾਂ ਨੂੰ ਪੀਹ ਕੇ ਚੂਰਨ ਬਣਾਉਣ ਉਪਰੰਤ ਰੁੱਖਾਂ ਦੀ ਗੂੰਦ ਨਾਲ ਉਬਾਲਣ 'ਤੇ ਇਕ ਸੰਘਣਾ ਲੇਸਲਾ ਗੂੰਦਨੁਮਾ ਪਦਾਰਥ ਤਿਆਰ ਕੀਤਾ ਜਾਂਦਾ ਹੈ, ਜੋ ਬਹੁਤ ਮਜ਼ਬੂਤ ਹੁੰਦਾ ਹੈ। ਰੁੱਖ ਦੇ ਕੁਝ ਹਿੱਸੇ ਦਵਾਈ-ਦਾਰੂ ਪੱਖੋਂ ਤਾਕਤ ਵਧਾਉਣ ਵਾਲੇ ਅਤੇ ਦਸਤ ਦੂਰ ਕਰਨ ਵਾਲੇ ਆਖੇ ਜਾਂਦੇ ਹਨ। ਬਹੁਤ ਸਾਰੇ ਲੋਕ ਇਮਲੀ ਦੇ ਗੁੱਦੇ ਨੂੰ ਪਿੱਤਲ ਅਤੇ ਹੋਰਨਾਂ ਧਾਤਾਂ ਦੇ ਬਰਤਨਾਂ ਨੂੰ ਚਮਕਾਉਣ ਲਈ ਵੀ ਵਰਤਦੇ ਹਨ। ਇਸ ਤੋਂ ਇਲਾਵਾ ਇਸ ਵਿਚ ਤੇਜ਼ਾਬੀ ਮਾਦਾ ਹੋਣ ਕਾਰਨ ਇਹ ਮੂੰਹ ਵਿਚਲੇ ਕਿਟਾਣੂਆਂ ਨੂੰ ਮਾਰਨ ਤੇ ਹਾਜ਼ਮੇ ਨੂੰ ਦਰੁੱਸਤ ਕਰਨ ਲਈ ਵੀ ਵਰਤਿਆ ਜਾਂਦਾ ਹੈ।

• ਫੀਚਰ ਡੈਸਕ

### ਵਰਤੋਂ

ਇਮਲੀ ਸੜਕਾਂ ਦੇ ਕੰਢੇ ਲਗਾਉਣ ਲਈ ਇਕ ਬਹੁਤ ਖ਼ੂਬਸੂਰਤ ਰੁੱਖ ਹੈ। ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ ਸੜਕਾਂ ਦੇ ਅਜਿਹੇ ਲੰਬੇ ਟੋਟੇ ਮੌਜੂਦ ਹਨ, ਜਿਥੇ ਇਮਲੀ ਦੇ ਰੁੱਖ ਲੱਗੇ ਹੋਏ ਹਨ। ਪੰਜਾਬ ਅਤੇ ਉੱਤਰੀ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿਚ ਇਸ ਉੱਪਰ ਫਲੀਆਂ ਬਹੁਤ ਘੱਟ ਲਗਦੀਆਂ ਹਨ। ਇਸ ਦੀ ਲੱਕੜੀ ਕਾਫ਼ੀ ਸਖ਼ਤ ਹੁੰਦੀ ਹੈ। ਪੁਰਾਣੇ ਸਮਿਆਂ ਵਿਚ ਇਸ ਦੀ ਲੱਕੜੀ ਤੋਂ ਮੁਗਦਰ ਅਤੇ ਧਾਨ ਕੁੱਟਣ ਵਾਲੀਆਂ ਮੂੰਗਲੀਆਂ ਤੇ ਘਰੇਲੂ ਵਰਤੋਂ ਵਾਲੀਆਂ ਅਜਿਹੀਆਂ ਹੋਰ ਵਸਤਾਂ ਬਣਾਈਆਂ ਜਾਂਦੀਆਂ ਸਨ। ਇਮਲੀ ਦਾ ਫਲ ਬਹੁਤ ਅਹਿਮ ਵਪਾਰਕ ਵਸਤ ਹੈ, ਦੇਸ਼ ਅੰਦਰ ਖਪਤ ਲਈ ਵੀ ਅਤੇ ਬਾਹਰਲੇ ਮੁਲਕਾਂ ਵਿਚ ਭੇਜਣ ਲਈ ਵੀ।

# ਮਿਸ਼ਰਤ ਤੇ ਅਜੋਕੀ ਪੂੰਜੀਵਾਦੀ ਖੇਤੀ

• ਰਾਜੀਵ ਸ਼ਰਮਾ
94175-41947

ਮਿਸ਼ਰਤ ਖੇਤੀ ਪੂੰਜੀਵਾਦੀ ਖੇਤੀ ਨਾਲੋਂ ਕਿਸਾਨਾਂ ਅਤੇ ਖਪਤਕਾਰਾਂ, ਦੋਹਾਂ ਲਈ ਵਧੇਰੇ ਫ਼ਾਇਦੇਮੰਦ ਹੈ। ਅੱਜ ਪੂੰਜੀਵਾਦੀ ਖੇਤੀ ਕਾਰਨ ਕਿਸਾਨ ਸਰਕਾਰ ਅਤੇ ਪੂੰਜੀਪਤੀ ਕੰਪਨੀਆਂ 'ਤੇ ਨਿਰਭਰ ਹੋ ਕੇ ਰਹਿ ਗਿਆ ਹੈ। ਮਿਸ਼ਰਤ ਖੇਤੀ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਤੋਂ ਵੀ ਬਚਾ ਸਕਦੀ ਹੈ ਤੇ ਖਪਤਕਾਰਾਂ ਨੂੰ ਸਹੀ ਕੀਮਤ 'ਤੇ ਕੈਮੀਕਲ ਰਹਿਤ ਉਤਪਾਦ ਪ੍ਰਾਪਤ ਹੋ ਸਕਦੇ ਹਨ।

ਅੱਜ ਜੋ ਪੂੰਜੀਵਾਦੀ ਖੇਤੀ ਕੀਤੀ ਜਾ ਰਹੀ ਹੈ, ਉਸ ਵਿਚ ਇਕ ਜਗ੍ਹਾ 'ਤੇ ਸਿਰਫ਼ ਇਕ ਹੀ ਕਿਸਮ ਦੀ ਫ਼ਸਲ ਉਗਾਈ ਜਾਂਦੀ ਹੈ, ਜਿਵੇਂ ਪੰਜਾਬ ਵਿਚ ਸਿਰਫ਼ ਝੋਨੇ ਤੇ ਕਣਕ ਦੀ ਫ਼ਸਲ ਹੀ ਉਗਾਈ ਜਾਂਦੀ ਹੈ। ਪੂੰਜੀਵਾਦੀ ਖੇਤੀ ਦਾ ਮੁੱਖ ਸਿਧਾਂਤ ਹੈ ਕਿ ਕਿਸਾਨ ਅਪਣੀ ਸਾਰੀ ਫ਼ਸਲ ਬਾਜ਼ਾਰ ਵਿਚ ਵੀ ਵੇਚੇ ਤੇ ਅਪਣੀ ਜ਼ਰੂਰਤ ਦਾ ਸਾਰਾ ਸਾਮਾਨ ਬਾਜ਼ਾਰ ਤੋਂ ਖ਼ਰੀਦੇ। ਜੇ ਕਿਸਾਨ ਝੋਨਾਂ ਤੇ ਕਣਕ ਬਾਜ਼ਾਰ ਵਿਚ ਵੇਚਦਾ ਹੈ ਤਾਂ ਉਹ ਸਬਜ਼ੀਆਂ, ਦਾਲਾਂ, ਸਰ੍ਹੋਂ ਦਾ ਤੇਲ, ਮੂੰਗਫਲੀ, ਜਵਾਰ, ਬਾਜਰਾ ਆਦਿ ਬਾਜ਼ਾਰ ਤੋਂ ਖ਼ਰੀਦਦਾ ਹੈ ਜਦਕਿ ਮਿਸ਼ਰਤ ਖੇਤੀ ਵਿਚ ਕਿਸਾਨ ਅਪਨੀ ਜ਼ਰੂਰਤ ਦਾ ਸਾਮਾਨ, ਦਾਲਾਂ ਸਬਜ਼ੀਆਂ ਆਦਿ ਖ਼ੁਦ ਬੀਜਦਾ ਸੀ ਅਤੇ ਜਿਹੜੀ ਫ਼ਸਲ ਜ਼ਿਆਦਾ ਹੁੰਦੀ ਸੀ, ਉਸ ਨੂੰ ਮੰਡੀ ਵਿਚ ਵੇਚ ਦਿੰਦਾ ਸੀ। ਇਸ ਕਾਰਨ ਕਿਸਾਨ ਦੀ ਆਰਥਕ ਲੁੱਟ ਵੀ ਘੱਟ ਹੁੰਦੀ ਸੀ।

## ਬਿਮਾਰੀਆਂ ਦੇ ਪਸਾਰ 'ਤੇ ਰੋਕ

ਪੂੰਜੀਵਾਦੀ ਖੇਤੀ ਵਿਚ ਸਾਰੇ ਇਲਾਕੇ 'ਚ ਇਕ ਹੀ ਫ਼ਸਲ ਹੋਣ ਕਾਰਨ ਜੇ ਫ਼ਸਲ ਨੂੰ ਕੋਈ ਬਿਮਾਰੀ ਲਗਦੀ ਹੈ ਤਾਂ ਉਹ ਸਾਰੇ ਇਲਾਕੇ ਦੀ ਫ਼ਸਲ 'ਚ ਫੈਲ ਜਾਂਦੀ ਹੈ, ਜਿਵੇਂ ਬਠਿੰਡਾ ਦੇ ਜ਼ਿਆਦਾਤਰ ਕਿਸਾਨ ਕਪਾਹ ਦੀ ਫ਼ਸਲ ਬੀਜਦੇ ਹਨ, ਜਦੋਂ ਕਪਾਹ ਦੀ ਫ਼ਸਲ ਨੂੰ ਕੋਈ ਬਿਮਾਰੀ ਜਾਂ ਅਮਰੀਕਨ ਸੁੰਡੀ ਪੈਂਦੀ ਹੈ ਤਾਂ ਕਪਾਹ ਦੀ ਸਾਰੀ ਫ਼ਸਲ ਬਰਬਾਦ ਹੋ ਜਾਂਦੀ ਹੈ।

ਇਸ ਤੋਂ ਉਲਟ ਮਿਸ਼ਰਤ ਖੇਤੀ ਵਿਚ ਕਿਉਂਕਿ ਇਕ ਇਲਾਕੇ 'ਚ ਵੱਖ-ਵੱਖ ਫ਼ਸਲਾਂ ਬੀਜੀਆਂ ਜਾਂਦੀਆਂ ਹਨ ਇਸ ਲਈ ਜੇ ਕੋਈ ਇਕ ਫ਼ਸਲ ਬਿਮਾਰੀ ਕਾਰਨ ਖ਼ਰਾਬ ਹੋ ਵੀ ਜਾਂਦੀ ਸੀ ਤਾਂ ਬਾਕੀ ਫ਼ਸਲਾਂ ਬਚੀਆਂ ਰਹਿੰਦੀਆਂ ਸਨ। ਇਸ ਤੋਂ ਇਲਾਵਾ ਮਿਸ਼ਰਤ ਖੇਤੀ ਵਿਚ ਕਿਸੇ ਬਿਮਾਰੀ ਨੂੰ ਫੈਲਣ 'ਚ ਇਕ ਕੁਦਰਤੀ ਅੜਚਣ ਹੁੰਦੀ ਸੀ, ਜਿਵੇਂ ਕਪਾਹ ਦੀ ਫ਼ਸਲ 'ਚ ਜੇ ਸੁੰਡੀ ਪੈ ਗਈ ਤਾਂ ਉਹ ਉਸ ਖੇਤ ਤਕ ਹੀ ਸੀਮਿਤ ਰਹਿੰਦੀ ਸੀ।

ਨਾਲ ਲਗਦੇ ਖੇਤ ਵਿਚ ਕੋਈ ਹੋਰ ਫ਼ਸਲ ਹੋਣ ਕਾਰਨ ਉਸ ਬਿਮਾਰੀ ਨੂੰ ਫੈਲਣ ਦੇ ਲਈ ਕੋਈ ਸਾਧਨ ਨਹੀਂ ਮਿਲਦਾ ਸੀ ਪਰ ਅਜੋਕੀ ਪੂੰਜੀਵਾਦੀ ਖੇਤੀ ਵਿਚ ਜੇ ਕਿਸੇ ਇਕ ਖੇਤ ਉੱਪਰ ਬਿਮਾਰੀ ਦਾ ਹਮਲਾ ਹੋ ਜਾਵੇ ਤਾਂ ਉਹ ਸਾਰੇ ਇਲਾਕੇ 'ਚ ਤੁਰੰਤ ਫੈਲ ਜਾਂਦੀ ਹੈ। ਮਿਸ਼ਰਤ ਖੇਤੀ ਇਸ ਕਿਸਮ ਦੀਆਂ ਬਿਮਾਰੀਆਂ ਤੋਂ ਕਿਸਾਨ ਨੂੰ ਸੁਰੱਖਿਅਤ ਕਰ ਸਕਦੀ ਹੈ।

## ਰਸਾਇਣਾਂ ਦੀ ਸੁਚੱਜੀ ਵਰਤੋਂ

ਪੂੰਜੀਵਾਦੀ ਖੇਤੀ ਵਿਚ ਕਿਸਾਨ ਲਗਾਤਾਰ ਸਾਲਾਂ ਬੱਧੀ ਉਹੀ ਇਕ-ਦੋ ਫ਼ਸਲਾਂ ਬੀਜਦਾ ਹੈ। ਪੰਜਾਬ ਤੇ ਹਰਿਆਣਾ ਵਿਚ ਕਿਸਾਨ ਕਣਕ ਤੇ ਝੋਨੇ ਦੀ ਫ਼ਸਲ ਲਗਾਤਾਰ ਕਈ ਸਾਲਾਂ ਤੋਂ ਬੀਜਦੇ ਆ ਰਹੇ ਹਨ। ਇਕੋ ਫ਼ਸਲ ਵਾਰ-ਵਾਰ ਬੀਜਣ ਨਾਲ ਧਰਤੀ ਦੀ ਸਿਹਤ ਵਿਚ ਵੀ ਕਈ ਵਿਗਾੜ ਪੈਦਾ ਹੋ ਰਹੇ ਹਨ, ਮਿੱਟੀ ਵਿਚ ਲੋੜੀਂਦੇ ਤੱਤਾਂ ਦੀ ਘਾਟ ਆ ਰਹੀ ਹੈ। ਇਨ੍ਹਾਂ ਤੱਤਾਂ ਦੀ ਪੂਰਤੀ ਲਈ ਕਿਸਾਨ ਨੂੰ ਮਹਿੰਗੀਆਂ ਖਾਦਾਂ ਅਤੇ ਹੋਰਨਾਂ ਤੱਤਾਂ ਦੀ ਵਰਤੋਂ ਕਰਨੀ ਪੈਂਦੀ ਹੈ। ਯੂਰੀਆ ਆਦਿ ਰਸਾਇਣਾਂ ਦੀ ਲਗਾਤਾਰ ਵਰਤੋ ਕਾਰਨ ਹੌਲੀ-ਹੌਲੀ ਧਰਤੀ ਦੀ ਉਪਜਾਊ ਸ਼ਕਤੀ ਘੱਟ ਹੋ ਰਹੀ। ਜਿਸ ਕਾਰਨ ਕਿਸਾਨ ਇਨ੍ਹਾਂ ਰਸਾਇਣਾਂ ਦੀ ਮਿਕਦਾਰ ਵਧਾਉਣ ਲਗਦੇ ਹੈ। ਇਸ ਨਾਲ ਫ਼ਸਲ ਦਾ ਲਾਗਤ ਮੁੱਲ ਵਧ ਜਾਂਦਾ ਹੈ।

ਇਸ ਤੋਂ ਉਲਟ ਮਿਸ਼ਰਤ ਖੇਤੀ ਵਿਚ ਇੱਕੋ ਸਮੇਂ ਵੱਖ-ਵੱਖ ਫ਼ਸਲਾਂ ਬੀਜੇ ਜਾਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਕਾਇਮ ਰਹਿੰਦੀ ਹੈ। ਫਲੀਦਾਰ ਫ਼ਸਲਾਂ ਦੀਆਂ ਜੜ੍ਹਾਂ ਨਾਈਟਰੋਜਨ ਤੱਤ ਦੀ ਪੂਰਤੀ ਖ਼ੁਦ-ਬ-ਖ਼ੁਦ ਕਰ ਦਿੰਦੀਆਂ ਹਨ। ਇਸ ਲਈ ਇਨ੍ਹਾਂ ਰਸਾਇਣਾਂ ਉੱਪਰ ਹੋਣ ਵਾਲੇ ਖ਼ਰਚੇ ਦੀ ਬੱਚਤ ਹੁੰਦੀ ਹੈ। ਕਿਸਾਨ ਨੂੰ ਮਹਿੰਗੇ ਮੁੱਲ ਦੇ ਹਾਈਬ੍ਰਿਡ ਬੀਜਾਂ ਆਦਿ ਦੀ ਵਰਤੋਂ ਨਹੀ ਕਰਨੀ ਪੈਂਦੀ, ਇਸ ਨਾਲ ਪੈਸਾ ਬਚਦਾ ਹੈ। ਮਿਸ਼ਰਤ ਖੇਤੀ ਵਿਚ ਕਈ ਫ਼ਸਲਾਂ ਇਕ-ਦੂਜੇ ਦੀਆਂ ਪੂਰਕ ਫ਼ਸਲਾਂ ਬੀਜ ਸਕਦਾ ਹੈ।

## ਪੂੰਜੀਵਾਦੀ ਵਿਚੋਲੇ ਹੋਣਗੇ ਖ਼ਤਮ

ਸਾਡੇ ਪੁਰਖੇ ਮਿਸ਼ਰਤ ਖੇਤੀ ਕਰਦੇ ਸਨ। ਉਨ੍ਹਾਂ ਸਿਰ ਨਾ ਕਦੇ ਵੱਡੇ ਕਰਜ਼ੇ ਚੜ੍ਹੇ, ਨਾ ਕਦੇ ਉਹ ਗਹਿਰ ਗੰਭੀਰ ਬਿਮਾਰਆਂ ਦਾ ਸ਼ਿਕਾਰ ਹੁੰਦੇ ਸਨ, ਨਾ ਹੀ ਉਨ੍ਹਾਂ ਨੇ ਅੱਜ ਵਰਗੇ ਆਤਮ ਹੱਤਿਆਵਾਂ ਦੇ ਦੌਰ ਦਾ ਸਾਹਮਣਾ ਕੀਤਾ, ਨਾ ਉਨ੍ਹਾਂ ਨੂੰ ਖੇਤੀ ਛੱਡ ਕੇ ਸਹਿਰਾਂ ਤੇ ਵਿਦੇਸ਼ਾਂ ਵੱਲ ਭੱਜਣਾ ਪਿਆ। ਅੱਜ ਕਿਸਾਨ ਨੂੰ ਸਸਤਾ ਕਰਜ਼ ਵੀ ਮਿਲਦਾ ਹੈ, ਸਮਰਥਨ ਮੁੱਲ ਵੀ ਮਿਲਦਾ ਹੈ, ਖਾਦਾਂ ਅਤੇ ਖੇਤੀ ਮਸ਼ੀਨਰੀ 'ਤੇ ਸਬਸਿਡੀ ਵੀ ਮਿਲਦੀ ਹੈ ਪਰ ਫਿਰ ਵੀ ਕਿਸਾਨ ਆਤਮ ਹੱਤਿਆਵਾਂ ਲਈ ਮਜਬੂਰ ਅਤੇ ਕਰਜ਼ੇ ਦੇ ਬੋਝ ਹੇਠ ਕਿਉਂ ਨੱਪਿਆ ਹੋਇਆ ਹੈ?

ਜਦੋਂ ਵੀ ਕਿਸਾਨ ਟ੍ਰੈਕਟਰ ਆਦਿ ਲਈ ਬੈਂਕ ਤੋਂ ਘੱਟ ਵਿਆਜ 'ਤੇ ਕਰਜ਼ਾ ਲੈਂਦਾ ਹੈ ਅਤੇ ਸਰਕਾਰ ਸਬਸਿਡੀ ਦਿੰਦ ਹੈ ਤਾਂ ਉਹ ਕਿਸਾਨ ਦੇ ਲਈ ਨਹੀ ਬਲਕਿ ਟ੍ਰੈਕਟਰ ਕੰਪਨੀਆਂ ਲਈ ਹੁੰਦੀ ਹੈ। ਜਦੋਂ ਸਰਕਾਰ ਯੂਰੀਆ ਤੇ ਹੋਰ ਖਾਦਾਂ 'ਤੇ ਸਬਸਿਡੀ ਦਿੰਦੀ ਹੈ ਤਾਂ ਉਹ ਕਿਸਾਨਾਂ ਲਈ ਨਹੀ ਬਲਕਿ ਉਹ ਸਬਸਿਡੀ ਇਨ੍ਹਾਂ ਖਾਦਾਂ ਦਾ ਨਿਰਮਾਣ ਕਰਨ ਵਾਲੀਆਂ ਕੰਪਨੀਆਂ ਲਈ ਹੁੰਦੀ ਹੈ। ਸਰਕਾਰ ਕਦੇ ਵੀ ਬਲ਼ਦ ਖ਼ਰੀਦਣ ਜਾਂ ਜੈਵਿਕ ਖੇਤੀ ਲਈ ਸਬਸਿਡੀ ਕਿਉਂ ਨਹੀਂ ਦਿੰਦੀ?

ਸਾਨੂੰ ਇਸ ਗੱਲ ਨੂੰ ਸਮਝਣਾ ਪਵੇਗਾ। ਮਿਸ਼ਰਤ ਖੇਤੀ ਵੱਲ ਮੋੜਾ ਕੱਟਣਾ ਪਵੇਗਾ, ਖੇਤੀ ਦੀ ਲਾਗਤ ਘੱਟ ਕਰਨੀ ਪਵੇਗੀ, ਖੇਤੀ ਉਪਜ ਸਿੱਧੀ ਖਪਤਕਾਰ ਤਕ ਪਹੁੰਚਾਉਣੀ ਪਵੇਗੀ ਅਤੇ ਪੂੰਜੀਵਾਦੀ ਵਿਚੋਲਿਆਂ ਨੂੰ ਖ਼ਤਮ ਕਰਨਾ ਪਵੇਗਾ। ਜੇ ਅਸੀਂ ਅਜਿਹਾ ਨਹੀਂ ਕਰਦੇ ਤਾਂ ਕਿਸੇ ਦਿਨ ਸਾਨੂੰ ਖੇਤੀ ਛੱਡ ਕੇ ਸ਼ਹਿਰਾਂ ਵਿਚ ਮਜ਼ਦੂਰੀ ਕਰਨ ਲਈ ਮਜਬੂਰ ਹੋਣਾ ਪਵੇਗਾ। ਪੂੰਜੀਵਾਦੀ ਵਿਚੋਲਿਆਂ ਨੂੰ ਖ਼ਤਮ ਕਰਨ ਲਈ ਸਨਾਤਨ ਅਰਥਚਾਰੇ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। •

### ਕਰਜ਼ੇ ਤੋਂ ਬਚਾਅ

ਮਿਸ਼ਰਤ ਖੇਤੀ ਵਿਚ ਸਾਰਾ ਸਾਲ ਕੁਝ ਨਾ ਕੁਝ ਹੁੰਦਾ ਰਹਿੰਦਾ ਸੀ। ਇਸ ਕਾਰਨ ਕਿਸਾਨ ਦੀ ਆਮਦਨ ਦਾ ਲਗਾਤਾਰ ਜ਼ਰੀਆ ਕਾਇਮ ਰਹਿੰਦਾ ਹੈ ਪਰ ਪੂੰਜੀਵਾਦੀ ਖੇਤੀ ਵਿਚ ਕਿਸਾਨ ਸਾਲ ਵਿਚ ਸਿਰਫ਼ ਇਕ-ਦੋ ਫ਼ਸਲਾਂ ਬੀਜਦਾ ਹੈ, ਜਿਸ ਕਾਰਨ ਕਿਸਾਨ ਨੂੰ ਲਗਾਤਾਰ ਆਮਦਨ ਨਹੀਂ ਹੁੰਦੀ। ਪੂੰਜੀਵਾਦੀ ਖੇਤੀ ਵਿਚ ਕਿਸਾਨ ਨੂੰ ਆਪਣੇ ਖ਼ਰਚ ਲਈ ਕਰਜ਼ਾ ਲੈਣਾ ਪੈਂਦਾ ਹੈ ਜਦਕਿ ਮਿਸ਼ਰਤ ਖੇਤੀ ਵਿਚ ਲਗਾਤਾਰ ਆਮਦਨ ਕਾਰਨ ਕਿਸਾਨ ਕਰਜ਼ੇ ਦੇ ਬੋਝ ਤੋਂ ਬਚਿਆ ਰਹਿੰਦਾ ਸੀ।

### ਵਿੱਤੀ ਸੰਤੁਲਨ

ਪੂੰਜੀਵਾਦੀ ਖੇਤੀ ਵਿਚ ਜੇ ਇਕ ਫ਼ਸਲ ਦੀ ਸਹੀ ਕੀਮਤ ਨਹੀਂ ਮਿਲਦੀ ਤਾਂ ਕਿਸਾਨ ਬਰਬਾਦ ਹੋ ਜਾਂਦਾ। ਮਿਸਾਲ ਵਜੋਂ, ਆਲੂ ਦੀ ਪੈਦਾਵਾਰ ਜੇ ਬਹੁਤ ਜ਼ਿਆਦਾ ਹੋ ਜਾਂਦੀ ਹੈ ਤਾਂ ਕੀਮਤ ਇਕ ਦਮ ਘਟ ਜਾਂਦੀ ਹੈ। ਕਈ ਵਾਰ ਕਿਸਾਨ ਦੀ ਲਾਗਤ ਵੀ ਨਹੀ ਮੁੜਦੀ। ਜੇ ਕਿਸਾਨ ਮਿਸ਼ਰਤ ਖੇਤੀ ਤਹਿਤ ਕਈ ਫ਼ਸਲਾਂ ਉਗਾਉਂਦਾ ਹੈ ਤਾਂ ਜੇ ਕਿਸੀ ਇਕ ਫ਼ਸਲ ਦੀ ਕੀਮਤ ਡਿੱਗ ਵੀ ਜਾਏ ਤਾਂ ਦੂਜੀ ਫ਼ਸਲ ਦੀ ਕਿਸਾਨ ਨੂੰ ਯੋਗ ਕੀਮਤ ਮਿਲ ਜਾਂਦੀ ਸੀ। ਇਸ ਨਾਲ ਵਿੱਤੀ ਮਾਰ ਤੋਂ ਬਚਿਆ ਜਾ ਸਕਦਾ ਹੈ। ਕਹਿ ਸਕਦੇ ਹਾਂ ਕਿ ਇਹ ਇਕ ਤਰ੍ਹਾਂ ਦਾ ਫ਼ਸਲ ਦਾ ਬੀਮਾ ਹੀ ਸੀ।

### ਹਰ ਫ਼ਸਲ ਦਾ ਤੈਅ ਹੋਵੇ ਐੱਮਐੱਸਪੀ

ਅਖ਼ੀਰ ਵਿਚ ਇਹ ਜਾਨਣ ਦੀ ਕੋਸ਼ਿਸ਼ ਕਰਦੇ ਹਾਂ ਕਿ ਕਿਸਾਨ ਨੇ ਮਿਸ਼ਰਤ ਖੇਤੀ ਨੂੰ ਛੱਡ ਕੇ ਅਜੋਕੀ ਪੂੰਜੀਵਾਦੀ ਖੇਤੀ ਨੂੰ ਕਿਉਂ ਅਪਨਾ ਲਿਆ? ਇਸ ਦਾ ਸਭ ਤੋਂ ਵੱਡਾ ਕਾਰਨ ਸਰਕਾਰ ਵੱਲੋਂ ਦਿੱਤਾ ਜਾਣ ਵਾਲਾ ਘੱਟੋ ਘੱਟ ਸਮਰਥਨ ਮੁੱਲ ਜਾਂ ਐੱਮਐੱਸਪੀ ਹੈ। ਘੱਟੋ ਘੱਟ ਕੀਮਤ ਦੇ ਤੈਅ ਹੋਣ ਨੇ ਕਿਸਾਨ ਨੂੰ ਕਿਸੇ ਇਕ ਹੀ ਫ਼ਸਲ ਨੂੰ ਲਗਾਤਾਰ ਬੀਜਣ ਲਈ ਮਜਬੂਰ ਕੀਤਾ। ਪੰਜਾਬ ਵਿਚ ਕਣਕ ਤੇ ਝੋਨੇ ਦਾ ਐੱਮਐੱਸਪੀ ਤੈਅ ਹੋਣ ਕਾਰਨ ਕਿਸਾਨ ਕਣਕ ਤੇ ਝੋਨਾ ਬੀਜਣ ਲਈ ਮਜਬੂਰ ਹਨ। ਕਿਸੇ ਹੋਰ ਫ਼ਸਲ ਦੀ ਸਰਕਾਰ ਦੁਆਰਾ ਖ਼ਰੀਦ ਨਾ ਕੀਤੇ ਜਾਣ ਕਾਰਨ ਕਿਸਾਨ ਲਗਾਤਾਰ ਇਹੀ ਦੋ ਫ਼ਸਲਾਂ ਵਾਰ-ਵਾਰ ਬੀਜਦਾ ਹੈ। ਕਿਸਾਨ ਨੂੰ ਇਹ ਸਮਝਣ ਦੀ ਲੋੜ ਹੈ ਕਿ ਐੱਮਐੱਸਪੀ ਸਰਕਾਰ ਕਿਸਾਨਾਂ ਨੂੰ ਨਹੀ ਬਲਕਿ ਪੂੰਜੀਵਾਦੀ ਕੰਪਨੀਆਂ ਨੂੰ ਦਿੰਦੀ ਹੈ ਤਾਂ ਕਿ ਕਿਸਾਨ ਮਿਸ਼ਰਤ ਖੇਤੀ ਤੋਂ ਦੂਰ ਰਹੇ ਤੇ ਕਿਸਾਨ ਨੂੰ ਖਾਦ, ਬੀਜ ਆਦਿ ਖੇਤੀ ਸਮੱਗਰੀ ਬਾਜ਼ਾਰ ਤੋਂ ਖ਼ਰੀਦਣੇ ਪੈਣ। ਜੇ ਸਰਕਾਰ ਕਿਸਾਨਾਂ ਦੀ ਭਲਾਈ ਚਾਹੁੰਦੀ ਹੈ ਤਾਂ ਉਸ ਨੂੰ ਸਾਰੀਆਂ ਫ਼ਸਲਾਂ ਦਾ ਸਮਰਥਨ ਮੁੱਲ ਤੈਅ ਕਰਨਾ ਤੇ ਸਾਰੀਆਂ ਫ਼ਸਲਾਂ ਦੀ ਖ਼ਰੀਦ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਕਿ ਕਿਸਾਨ ਮਿਸ਼ਰਤ ਖੇਤੀ ਨੂੰ ਅਪਣਾ ਸਕੇ।

### ਖੇਤ ਮਜ਼ਦੂਰਾਂ ਲਈ ਸਾਰਾ ਸਾਲ ਰੁਜ਼ਗਾਰ

ਪੂੰਜੀਵਾਦੀ ਖੇਤੀ ਵਿਚ ਕਿਸਾਨਾਂ ਦੀ ਫ਼ਸਲ ਸਾਲ ਵਿਚ ਸਿਰਫ਼ ਦੋ ਵਾਰ ਆਉਂਦੀ ਹੈ, ਜਿਵੇਂ ਪੰਜਾਬ ਅਤੇ ਹਰਿਆਣਾ ਵਿਚ ਜ਼ਿਆਦਾਤਰ ਕਿਸਾਨ ਦੋ ਫ਼ਸਲਾਂ-ਕਣਕ ਤੇ ਝੋਨਾ ਹੀ ਬੀਜਦੇ ਹਨ। ਕਣਕ ਅਪ੍ਰੈਲ ਵਿਚ ਤੇ ਝੋਨਾ ਅਕਤੂਬਰ ਵਿਚ ਆਉਂਦਾ ਹੈ ਅਤੇ ਇਨ੍ਹਾਂ ਫ਼ਸਲਾਂ ਦੀ ਬਿਜਾਈ ਵੀ ਕਰੀਬ ਦੋ ਮਹੀਨੇ ਚੱਲਦੀ ਹੈ। ਜਿਸ ਕਾਰਨ ਖੇਤ ਮਜ਼ਦੂਰਾਂ ਦੀ ਘਾਟ ਆ ਜਾਂਦੀ ਹੈ। ਮਜ਼ਦੂਰਾਂ ਦੀ ਘਾਟ ਪੂਰੀ ਕਰਨ ਲਈ ਕਿਸਾਨਾਂ ਨੂੰ ਮਹਿੰਗੀ ਮਸ਼ੀਨਰੀ ਦੀ ਜ਼ਰੂਰਤ ਪੈਂਦੀ ਹੈ। ਖੇਤੀ ਮਸ਼ੀਨਰੀ ਖ਼ਰੀਦਣ ਲਈ ਕਿਸਾਨ ਨੂੰ ਬਹੁਤ ਸਾਰਾ ਕਰਜ਼ਾ ਲੈਣਾ ਪੈਂਦਾ ਹੈ। ਇਸ ਮਸ਼ੀਨਰੀ ਦੀ ਮੁਰੰਮਤ ਤੇ ਪੁਰਜਿਆਂ ਤੇ ਡੀਜ਼ਲ ਆਦਿ ਉੱਪਰ ਵੀ ਬਹੁਤ ਖ਼ਰਚ ਆਉਂਦਾ ਹੈ। ਜਿਸ ਕਾਰਨ ਅੱਜ ਖੇਤੀਬਾੜੀ ਘਾਟੇ ਦਾ ਸੌਦਾ ਬਣ ਰਹੀ ਹੈ। ਪਹਿਲਾਂ ਸਾਡੇ ਪੁਰਖੇ ਮਿਸ਼ਰਤ ਖੇਤੀ ਕਰਦੇ ਸਨ। ਸਾਰਾ ਸਾਲ ਖੇਤਾਂ ਵਿਚ ਮਜ਼ਦੂਰਾਂ ਦੀ ਘਾਟ ਨਹੀਂ ਸੀ ਹੁੰਦੀ। ਜਿਸ ਕਾਰਨ ਕਿਸਾਨਾਂ ਨੂੰ ਮਹਿੰਗੀ ਮਸ਼ੀਨਰੀ ਖ਼ਰੀਦਣ ਦੀ ਲੋੜ ਨਹੀਂ ਸੀ ਪੈਂਦੀ ਤੇ ਕਿਸਾਨ ਕਰਜ਼ੇ ਤੋਂ ਬਚਿਆ ਰਹਿੰਦਾ ਸੀ। ਮਜ਼ਦੂਰਾਂ ਨੂੰ ਵੀ ਸਾਰਾ ਸਾਲ ਲਗਾਤਾਰ ਕੰਮ ਮਿਲਦਾ ਰਹਿੰਦਾ ਸੀ ਪਰ ਅਜੋਕੀ ਪੂੰਜੀਵਾਦੀ ਖੇਤੀ 'ਚ ਮਜ਼ਦੂਰਾਂ ਨੂੰ ਸਾਲ ਵਿਚ ਮੁਸ਼ਕਲ ਨਾਲ ਚਾਰ ਜਾਂ ਪੰਜ ਮਹੀਨੇ ਹੀ ਕੰਮ ਮਿਲਦਾ ਹੈ। ਮਜਬੂਰੀ ਵੱਸ ਖੇਤ ਮਜਦੂਰਾਂ ਨੂੰ ਪਿੰਡਾਂ ਤੋਂ ਹਿਜ਼ਰਤ ਕਰਨੀ ਪੈਂਦੀ ਹੈ। ਜੇ ਅਸੀਂ ਮਿਸ਼ਰਤ ਖੇਤੀ ਵੱਲ ਮੁੜ ਵਾਪਸੀ ਕਰ ਲਈਏ ਤਾਂ ਖੇਤ ਮਜ਼ਦੂਰਾਂ ਨੂੰ ਸਾਰਾ ਸਾਲ ਆਪਣੇ ਪਿੰਡ ਵਿਚ ਹੀ ਰੁਜ਼ਗਾਰ ਦਾ ਮੌਕਾ ਮਿਲ ਸਕਦਾ ਹੈ।

**ਪੁਰਾਣੇ ਸਮਿਆਂ 'ਚ ਕਣਕ ਦੀ ਵਾਢੀ ਤੇ ਦਾਣਿਆਂ ਦੀ ਸਾਂਭ-ਸੰਭਾਲ ਦਾ ਕੰਮ ਇਕ-ਦੋ ਮਹੀਨੇ ਤਕ ਚੱਲਦਾ ਸੀ। ਇਸ ਨਾਲ ਖੇਤ ਮਜ਼ਦੂਰਾਂ ਨੂੰ ਪਿੰਡ ਵਿਚ ਹੀ ਰੁਜ਼ਗਾਰ ਮਿਲ ਜਾਂਦਾ ਸੀ। ਖੇਤੀ ਦੇ ਮਸ਼ੀਨੀਕਰਨ ਨੇ ਹੱਥੀ ਵਾਢੀ ਕਰਨ ਦੇ ਰੁਝਾਨ ਨੂੰ ਖ਼ਤਮ ਕਰ ਦਿੱਤਾ ਹੈ...**

# ਘੱਟ ਰਿਹੈ ਹੱਥੀਂ ਕਣਕ ਦੀ ਵਾਢੀ ਕਰਨ ਦਾ ਰੁਝਾਨ

• ਪ੍ਰੋ. ਹਰਜਿੰਦਰ ਭੋਤਨਾ
94635-12720

ਕਣਕ ਪੁਰਾਣੇ ਸਮੇਂ ਤੋਂ ਹੀ ਪੰਜਾਬ ਦੀ ਮੁੱਖ ਫ਼ਸਲ ਰਹੀ ਹੈ। ਇਸ ਦੀ ਵਰਤੋਂ ਭੋਜਨ ਲਈ ਅਤੇ ਫ਼ਸਲੀ ਰਹਿੰਦ-ਖੂੰਹਦ ਦੀ ਵਰਤੋਂ ਪਸ਼ੂਆਂ ਦੇ ਚਾਰੇ ਲਈ ਕੀਤੀ ਜਾਂਦੀ ਹੈ। ਕਣਕ ਦੀ ਵਾਢੀ ਦੌਰਾਨ ਹਾੜ੍ਹੀ ਦਾ ਸੀਜ਼ਨ ਕਿਸਾਨਾਂ, ਖੇਤ ਮਜ਼ਦੂਰਾਂ ਲਈ ਸਖ਼ਤ ਮਿਹਨਤ ਵਾਲਾ ਹੁੰਦਾ ਸੀ। ਮਸ਼ੀਨੀ ਯੁੱਗ ਤੋਂ ਪਹਿਲਾਂ ਵਾਢੀ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਸਨ। ਸਿਆਲਾਂ ਵਿਚ ਘਰ ਦੇ ਮੈਂਬਰਾਂ ਲਈ ਖੁੱਲ੍ਹੀ ਖ਼ੁਰਾਕ ਤੇ ਹਾੜ੍ਹੀ ਲਈ ਘਿਉ-ਸ਼ੱਕਰ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਸੀ। ਜ਼ਿਆਦਾ ਕਣਕ ਵੱਢਣ ਵਾਲੇ ਵਿਆਕਤੀ ਦੀ ਲੋਕਾਂ ਵਿਚ ਖ਼ੂਬ ਚਰਚਾ ਹੁੰਦੀ ਸੀ। ਪਿੰਡ ਵਿਚ ਉਹ ਵਾਢੇ ਵਜੋਂ ਮਸ਼ਹੂਰ ਹੁੰਦਾ ਸੀ।

ਕਣਕ ਵੱਢਣ ਲਈ ਦਾਤੀਆਂ ਦਾ ਪ੍ਰਬੰਧ ਚੰਗੇ ਕਾਰੀਗਰਾਂ ਤੋਂ ਕਰਵਾਇਆ ਜਾਂਦਾ।।ਵੈਸਾਖ ਮਹੀਨੇ ਦੀ ਸੰਗਰਾਂਦ ਤੋਂ ਬਾਅਦ ਲੋਕ ਵਾਢੀ ਸ਼ੁਰੂ ਕਰਦੇ। ਕਣਕ ਦੀ ਵਾਢੀ ਤੋਂ ਲੈ ਕੇ ਸਾਂਭ ਸੰਭਾਲ ਤਕ ਇਹ ਕੰਮ ਕਈ ਮਹੀਨਿਆਂ ਤਕ ਚੱਲਦਾ ਰਹਿੰਦਾ। ਬੱਚੇ ਤੋਂ ਲੈ ਕੇ ਬੁੱਢੇ ਤਕ, ਪਰਿਵਾਰ ਦੇ ਸਾਰੇ ਮੈਂਬਰ ਆਪਣੀ ਸਮਰਥਾ ਅਨੁਸਾਰ ਵਾਢੀ 'ਚ ਰੁੱਝੇ ਰਹਿੰਦੇ। ਪਹਿਲਾਂ ਕਣਕ ਦੀ ਵਾਢੀ ਕੀਤੀ ਜਾਂਦੀ ਸੀ, ਫਿਰ ਪਸ਼ੂਆਂ ਨਾਲ ਗਹਾਈ ਕਰ ਕੇ ਹਵਾ ਵਿਚ ਉੱਡਾ ਕੇ ਦਾਣੇ ਅਤੇ ਤੂੜੀ ਵੱਖ ਕੀਤੇ ਜਾਂਦੇ। ਇਸ ਤਰ੍ਹਾਂ ਕਾਫ਼ੀ ਲੰਬਾ ਸਮਾਂ ਲੋਕਾਂ ਨੂੰ ਸਖ਼ਤ ਮਿਹਨਤ ਕਰਨੀ ਪੈਂਦੀ ਸੀ। ਕਿਸਾਨਾਂ ਦੇ ਨਾਲ-ਨਾਲ ਮਜ਼ਦੂਰ ਵੀ ਹਾੜ੍ਹੀ ਦੇ ਸੀਜ਼ਨ ਦੇ ਦੌਰਾਨ ਮਿਹਨਤ ਕਰ ਕੇ ਪੂਰੇ ਸਾਲ ਲਈ ਪਰਿਵਾਰ ਵਾਸਤੇ ਦਾਣਿਆਂ ਤੇ ਤੂੜੀ ਦਾ ਪ੍ਰਬੰਧ ਕਰ ਲੈਂਦਾ ਸਨ। ਕਿਸਾਨ ਤੇ ਮਜ਼ਦੂਰ ਆਪਸ ਵਿਚ ਭਾਈਚਾਰਿਕ ਸਾਂਝ ਦੀਆਂ ਤੰਦਾਂ ਨਾਲ ਜੁੜੇ ਹੋਏ ਸਨ। ਵੱਖ-ਵੱਖ ਕਿੱਤੇ ਕਰਨ ਵਾਲੇ ਲੋਕ ਵੀ ਸਿੱਧੇ-ਅਸਿੱਧੇ ਤੌਰ 'ਤੇ ਵਾਢੀ ਨਾਲ ਜੁੜੇ ਹੋਏ ਸਨ। ਕੋਈ ਖੇਤੀ ਲਈ ਸੰਦ ਬਣਾਉਂਦਾ, ਕੋਈ ਖੇਤਾਂ 'ਚ ਕਾਮਿਆਂ ਨੂੰ ਪਾਣੀ ਪਿਲਾਉਂਦਾ, ਕੋਈ ਭਰੀਆਂ ਬੰਨ੍ਹਦਾ, ਕੋਈ ਬੋਹਲ ਦੇ ਢੇਰ ਲਗਾਉਂਦਾ। ਇਸ ਦੇ ਬਦਲੇ ਕਿਸਾਨ ਆਪਣੀ ਕਣਕ ਵਿਚੋਂ ਉਨ੍ਹਾਂ ਨੂੰ ਕੁਝ ਹਿੱਸਾ ਦਿੰਦੇ ਸਨ। ਅਜੋਕੇ ਯੁਗ ਵਿਚ ਇਹ ਪਰੰਪਰਾ ਖ਼ਤਮ ਹੋ ਚੁੱਕੀ ਹੈ।

ਕੰਬਾਈਨਾਂ ਤੇ ਹੋਰ ਖੇਤੀ ਮਸ਼ੀਨਰੀ ਆਉਣ ਤੋਂ ਬਾਅਦ ਵਾਢੀ ਦਾ ਸੀਜ਼ਨ ਕੁਝ ਦਿਨਾਂ ਤਕ ਸੀਮਤ ਹੋ ਗਿਆ ਹੈ। ਹੁਣ ਹਫ਼ਤਿਆਂ ਦੇ ਕੰਮ ਨੂੰ ਵਾਢੀ ਵਾਲੀ ਮਸ਼ੀਨ ਇਕ ਦਿਨ ਵਿਚ ਹੀ ਕਰ ਦਿੰਦੀ ਹੈ। ਇਸ ਤੋਂ ਬਾਅਦ ਸਾਂਭ-ਸੰਭਾਲ ਦਾ ਕੰਮ ਬਾਕੀ ਰਹਿ ਜਾਂਦਾ ਹੈ ਪਹਿਲਾਂ ਇਸ ਕੰਮ ਉੱਪਰ 15-20 ਲੋਕਾਂ ਨੂੰ ਜ਼ਰੂਰ ਮਿਹਨਤ ਕਰਨੀ ਪੈਂਦੀ ਸੀ ਪਰ ਪਿਛਲੇ ਕੁਝ ਸਾਲਾਂ ਤੋਂ ਵਾਢੀ ਦਾ ਕੰਮ ਸਿਰਫ਼ ਦੋ ਕੁ ਦਿਨਾਂ ਦਾ ਰਹਿ ਗਿਆ ਹੈ। ਇਕ ਦਿਨ ਵਿਚ ਕੰਬਾਈਨ ਵਾਢੀ ਕਰ ਦਿੰਦੀ ਹੈ, ਇਕ ਦਿਨ ਵਿਚ ਮਸ਼ੀਨਾਂ ਨਾਲ ਤੂੜੀ ਦਾ ਕੰਮ ਨਿਬੜ ਜਾਂਦਾ ਹੈ।

ਕਣਕ ਦੀ ਹੱਥੀਂ ਵਾਢੀ ਨਾ ਹੋਣ ਦੇ ਮਸ਼ੀਨੀਕਰਨ ਤੋਂ ਇਲਾਵਾ ਹੋਰ ਬਹੁਤ ਸਾਰੇ ਕਾਰਨ ਹਨ, ਜਿਨ੍ਹਾਂ ਕਰਕੇ ਵਾਢੀ ਲਈ ਹੁਣ ਦਾਤੀ ਨੂੰ ਘੁੰਗਰੂ ਨਹੀਂ ਲਗਦੇ। ਇਸ ਦਾ ਸਭ ਸਭ ਤੋਂ ਵੱਡਾ ਕਾਰਨ ਸਾਂਝੇ ਪਰਿਵਾਰਾਂ ਦਾ ਟੁੱਟਣਾ ਹੈ। ਪੁਰਨੇ ਸਮਿਆਂ ਵਿਚ ਕਾਫ਼ੀ ਪਰਿਵਾਰਿਕ ਮੈਂਬਰ ਹੁੰਦੇ ਸਨ। ਲੋਕਾਂ 'ਚ ਸਹਿਯੋਗ ਦੀ ਭਾਵਨਾ ਹੁੰਦੀ ਸੀ। ਇਹ ਭਾਵਨਾ ਅਜੋਕੇ ਵਿੱਤੀ ਸਵਾਰਥਾਂ ਵਾਲੇ ਦੌਰ 'ਚ ਖ਼ਤਮ ਹੋ ਗਈ ਹੈ। ਕਿਰਾਏ 'ਤੇ ਵਾਢੀ ਕਰਵਾਉਣ 'ਤੇ ਖ਼ਰਚਾ ਜ਼ਿਆਦਾ ਆਉਂਦਾ ਹੈ। ਖੇਤੀ ਜਗਤ ਪਹਿਲਾਂ ਹੀ ਆਰਥਿਕ ਔਕੜਾਂ ਦਾ ਝੰਬਿਆ ਹੋਇਆ ਹੈ।

ਇਸ ਤੋਂ ਇਲਾਵਾਂ ਪਹਿਲਾਂ ਲੋਕ ਖ਼ੁਰਾਕ ਲਈ ਪਸ਼ੂ ਪਾਲਦੇ ਸਨ ਅਤੇ ਉਨ੍ਹਾਂ ਨੂੰ ਖੇਤੀ ਦੇ ਕਿੱਤੇ ਲਈ ਵੀ ਵਰਤਿਆ ਜਾਂਦਾ ਸੀ। ਅੱਜ ਪਸ਼ੂ ਪਾਲਣ ਤੇ ਡੇਅਰੀ ਦਾ ਧੰਦਾ ਵੀ ਖ਼ਾਸ ਲਾਹੇਵੰਦ ਨਹੀਂ ਰਿਹਾ, ਜਿਸ ਕਾਰਨ ਪੰਜਾਬ 'ਚ ਪਸ਼ੂਆਂ ਦੀ ਗਿਣਤੀ ਘੱਟ ਰਹੀ ਹੈ। ਪਸ਼ੂਆਂ ਵਾਸਤੇ ਤੂੜੀ ਬਣਾਉਣ ਲਈ ਹੱਥੀਂ ਵਾਢੀ ਕਰਨ ਦੀ ਜ਼ਰੂਰਤ ਨਹੀਂ ਹੈ। ਇਸ ਲਈ ਇੱਕਾ-ਦੁੱਕਾ ਪਰਿਵਾਰਾਂ ਨੂੰ ਛੱਡ ਕੇ ਬਹੁਗਿਣਤੀ ਲੋਕ ਕਣਕ ਦੀ ਹੱਥੀਂ ਵਾਢੀ ਕਰਨ 'ਚ ਕੋਈ ਦਿਲਚਸਪੀ ਨਹੀਂ ਲੈ ਰਹੇ। ਮਸ਼ੀਨਰੀ 'ਤੇ ਨਿਰਭਰਤਾ ਕਾਰਨ ਹੱਥੀ ਕਿਰਤ ਕਰਨ ਦੀ ਰੁਚੀ ਘਟ ਰਹੀ ਰੁਚੀ ਹੈ। ਇਸ ਤੋਂ ਇਲਾਵਾ ਹਰੀ ਕ੍ਰਾਂਤੀ ਦੌਰਾਨ ਕਣਕ ਦੀਆਂ ਕੁਝ ਅਜਿਹੀਆਂ ਕਿਸਮਾਂ ਆਈਆਂ, ਜਿਨ੍ਹਾਂ ਨੂੰ ਪੱਕਣ ਤੋਂ ਬਾਅਦ ਜ਼ਿਆਦਾ ਦਿਨ ਖੇਤ 'ਚ ਨਹੀਂ ਰੱਖਿਆ ਜਾ ਸਕਦਾ।

ਕਣਕ ਦੀ ਜਿਸ ਵਾਢੀ ਦਾ ਜ਼ਿਕਰ ਲੋਕ ਗੀਤਾਂ ਤੇ ਲੋਕ ਬੋਲੀਆਂ ਵਿਚ ਆਉਂਦਾ ਹੈ, ਸੰਭਾਵਨਾ ਹੈ ਕਿ ਆਉਣ ਵਾਲੇ ਸਮੇਂ ਵਿਚ ਇਹ ਸਿਰਫ਼ ਇਤਿਹਾਸ ਦੇ ਪੰਨਿਆਂ ਤਕ ਸੀਮਤ ਹੋ ਕੇ ਰਹਿ ਜਾਵੇਗਾ। •

• ਸਨਦੀਪ ਸਿੰਘ
98154-13046

**ਪੰਜਾਬ ਦੇ ਬਾਗ਼ਾਂ ਵਿਚ ਸਿਉਂਕ ਦਾ ਹਮਲਾ ਇਕ ਗੰਭੀਰ ਸਮੱਸਿਆ ਹੈ। ਲੱਖਾਂ ਦੀ ਗਿਣਤੀ ਅਤੇ ਤੇਜ਼ੀ ਨਾਲ ਵਧਣ ਵਾਲੇ ਸਿਉਂਕ ਦੇ ਕੀੜਿਆਂ ਦਾ ਗੰਭੀਰ ਹਮਲਾ ਕਈ ਵਾਰ ਸਮੁੱਚੇ ਬਾਗ਼ ਨੂੰ ਲਪੇਟ 'ਚ ਲੈ ਕੇ ਵੱਡੇ ਵਿੱਤੀ ਨੁਕਸਾਨ ਦਾ ਕਾਰਨ ਬਣਦਾ ਹੈ...**

ਬਾਗ਼ ਬਗ਼ੀਚਾ

# ਟਰੈਪ ਜ਼ਰੀਏ ਸਿਉਂਕ ਦੀ ਵਾਤਾਵਰਨ-ਪੱਖੀ ਰੋਕਥਾਮ

ਪੰਜਾਬ ਵਿਚ ਨਵੇਂ ਲਗਾਏ ਬਾਗ਼ਾਂ ਤੇ ਵੱਡੇ ਬੂਟਿਆਂ ਨੂੰ ਨੁਕਸਾਨ ਪਹੁੰਚਾਉਣ ਵਾਲਾ ਮੁੱਖ ਕੀੜਾ ਹੈ। ਸਿਉਂਕ ਸਮੂਹ ਵਿਚ ਰਹਿਣ ਵਾਲਾ, ਬਹੁ-ਆਹਾਰੀ ਤੇ ਬਹੁਰੂਪੀ (ਰਾਣੀ, ਰਾਜਾ, ਸਿਪਾਹੀ ਤੇ ਕਾਮਾ) ਕੀੜੇ ਹਨ। ਇਹ ਮਿੱਟੀ ਵਿਚ ਵੱਡੇ ਸਮੂਹਾਂ ਵਿਚ ਰਹਿੰਦੇ ਹਨ, ਜਿਨ੍ਹਾਂ ਨੂੰ 'ਵਿਰਮੀ', 'ਸਿਉਂਕ ਘਰ' ਤੇ ਅੰਗਰੇਜ਼ੀ ਵਿਚ 'ਟਰਮੀਟੇਰੀਆ' ਆਖਦੇ ਹਨ। ਇਹ ਵਿਰਮੀਆਂ ਜ਼ਮੀਨ ਦੇ ਉੱਪਰ ਜਾਂ ਥੱਲੇ, ਦੋਵਾਂ ਥਾਵਾਂ 'ਤੇ ਬਣਦੀਆਂ ਹਨ। ਸਿਉਂਕ ਦੀ ਕਾਮਾ ਸ਼੍ਰੇਣੀ ਹੀ ਬੂਟਿਆਂ ਦੀਆਂ ਜੜ੍ਹਾਂ ਤੇ ਜ਼ਮੀਨ ਤੋਂ ਉਪਰਲੇ ਹਿੱਸਿਆਂ, ਜਿਵੇਂ ਤਣੇ ਦੀ ਛਿੱਲੜ ਤੇ ਤਣੇ ਆਦਿ ਨੂੰ ਖਾ ਕੇ ਗਾਰੇ ਦੀਆਂ ਪਰਤਾਂ ਬਣਾ ਕੇ ਨੁਕਸਾਨ ਪਹੁੰਚਾਉਂਦੀ ਹੈ।

ਗੰਭੀਰ ਹਮਲੇ ਨਾਲ ਬੂਟਾ ਪੂਰੀ ਤਰ੍ਹਾਂ ਸੁੱਕ ਜਾਂਦਾ ਹੈ। ਮਾਨਸੂਨ ਦੀ ਪਹਿਲੀ ਬਰਸਾਤ ਦੇ ਨਾਲ ਹੀ ਇਨ੍ਹਾਂ ਦੇ ਖੰਭ ਨਿਕਲ ਆਉਂਦੇ ਹਨ। ਰਾਣੀ ਮੱਖੀ ਹਰ ਸਕਿੰਟ 'ਚ 2-3 ਆਂਡੇ ਦਿੰਦੀ ਹੈ ਤੇ ਉਸ ਦੀ ਔਸਤ ਉਮਰ 7-9 ਸਾਲ ਹੁੰਦੀ ਹੈ। ਸਿਉਂਕ ਧੁੱਪ ਤੋਂ ਦੂਰ ਰਹਿਣਾ ਪਸੰਦ ਕਰਦੀ ਹੈ, ਇਸ ਲਈ ਇਹ ਜ਼ਿਆਦਾਤਰ ਜ਼ਮੀਨ ਦੇ ਹੇਠਾਂ ਲੁਕ ਕੇ ਰਹਿੰਦੀ ਹੈ।

## ਸੈਲੂਲੋਜ਼ ਹੈ ਮੁੱਖ ਆਹਾਰ

ਸਿਉਂਕ ਦੇ ਕੀੜੇ ਮੁੱਖ ਤੌਰ 'ਤੇ ਸੈਲੂਲੋਜ਼ ਨੂੰ ਆਪਣਾ ਆਹਾਰ ਬਣਾਉਂਦੇ ਹਨ। ਇਹ ਤੱਤ ਲੱਕੜ ਵਿਚ ਮਿਲਦਾ ਹੈ। ਪੰਜਾਬ ਦੇ ਬਾਗ਼ਾਂ ਵਿਚ 'ਓਡੋਂਟੋਟਰਮਸ ਓਬੀਸਸ' ਅਤੇ 'ਮਾਈਕਰੋਟਰਮਸ' ਸਿਉਂਕ ਦੀਆਂ ਜਾਤੀਆਂ ਪਾਈਆਂ ਜਾਂਦੀਆਂ ਹਨ। ਸਿਉਂਕ ਤਕਰੀਬਨ ਸਾਰਾ ਸਾਲ ਸਰਗਰਮ ਰਹਿੰਦੀ ਹੈ ਪਰ ਮਾਨਸੂਨ ਦੇ ਮਹੀਨਿਆਂ ਵਿਚ ਇਸ ਦਾ ਹਮਲਾ ਘਟ ਜਾਂਦਾ ਹੈ।

ਪੰਜਾਬ ਵਿਚ ਸਿਉਂਕ ਦੇ ਹਮਲੇ ਦਾ ਮੁੱਖ ਸਮਾਂ ਅਪ੍ਰੈਲ ਤੋਂ ਜੂਨ ਤੇ ਸਤੰਬਰ-ਅਕਤੂਬਰ ਹੁੰਦਾ ਹੈ। ਇਹ ਕੀੜੇ ਲਾਭਦਾਇਕ ਵੀ ਹਨ, ਕਿਉਂਕਿ ਇਹ ਜੈਵਿਕ ਮਾਦੇ ਨੂੰ ਮਿੱਟੀ ਦੇ ਅੰਦਰ ਗਲਣ-ਸੜਨ 'ਚ ਮਦਦ ਕਰਦੇ ਹਨ। ਸਿਉਂਕ ਵਿਚ ਭਰਪੂਰ ਮਾਤਰਾ 'ਚ ਚਰਬੀ ਅਤੇ ਪ੍ਰੋਟੀਨ ਹੋਣ ਕਾਰਨ ਅਫਰੀਕਾ ਦੇ ਕੁਝ ਕਬੀਲੇ ਇਸ ਨੂੰ ਤੇਲ ਵਿਚ ਤਲ਼ ਕੇ ਖਾਂਦੇ ਹਨ।

*ਰਾਣੀ ਮੱਖੀ ਹਰ ਸਕਿੰਟ 'ਚ 2-3 ਆਂਡੇ ਦਿੰਦੀ ਹੈ ਤੇ ਉਸ ਦੀ ਔਸਤ ਉਮਰ 7-9 ਸਾਲ ਹੁੰਦੀ ਹੈ...*

## ਟਰੈਪ ਤਿਆਰ ਕਰਨ ਤੇ ਲਗਾਉਣ ਦੀ ਵਿਧੀ

ਸਿਉਂਕ ਦੇ ਹਮਲੇ ਵਾਲੇ ਬਾਗ਼ਾਂ ਵਿਚ 13 ਇੰਚ ਆਕਾਰ ਵਾਲੇ 14 ਘੜੇ ਪ੍ਰਤੀ ਏਕੜ, ਜਿਨ੍ਹਾਂ ਵਿਚ ਸਿਉਂਕ ਦੇ ਅੰਦਰ ਜਾਣ ਲਈ 24 ਮੋਰੀਆਂ ਕੀਤੀਆਂ ਹੋਣ, ਨੂੰ ਮੱਕੀ ਦੇ ਗੁੱਲਿਆਂ (3-4 ਟੋਟੇ ਕੀਤੇ ਹੋਏ) ਨਾਲ ਭਰ ਕੇ ਅਪ੍ਰੈਲ ਦੇ ਪਹਿਲੇ ਹਫ਼ਤੇ ਅਤੇ ਦੁਬਾਰਾ ਸਤੰਬਰ ਦੇ ਪਹਿਲੇ ਹਫ਼ਤੇ ਮਿੱਟੀ ਵਿਚ 1.5 ਤੋਂ 2 ਫ਼ੁੱਟ ਡੂੰਘਾ ਨੱਪੋ। ਇਹ ਘੜੇ ਇਕ-ਦੂਜੇ ਤੋਂ ਬਰਾਬਰ ਵਿੱਥ ਤੇ ਦੱਬੇ ਜਾਣ। 16 ਮੋਰੀਆਂ ਘੜੇ ਦੀ ਗਰਦਨ ਦੇ ਨੇੜੇ ਤੇ ਬਾਕੀ 8 ਮੋਰੀਆਂ ਘੜੇ ਦੇ ਬਾਕੀ ਹਿੱਸਿਆਂ 'ਤੇ ਬਣੀਆਂ ਹੋਣ। ਘੜਿਆਂ ਦੇ ਮੂੰਹ ਵਾਲਾ ਹਿੱਸਾ ਜ਼ਮੀਨ ਤੋਂ ਥੋੜ੍ਹਾ ਉੱਪਰ ਰੱਖ ਕੇ ਚੱਪਣ ਨਾਲ ਢਕ ਦਿਓ। ਮਿੱਟੀ ਵਿਚ ਦਬਾਉਣ ਤੋਂ 3 ਦਿਨਾਂ ਬਾਦ ਇਕ ਵਾਰੀ ਘੜੇ ਖੋਲ੍ਹ ਕੇ ਦੇਖੋ ਕਿ ਸਿਉਂਕ ਦੇ ਬੱਚੇ ਘੜੇ ਵਿਚ ਆਉਣੇ ਸ਼ੁਰੂ ਹੋ ਗਏ ਹਨ ਕਿ ਨਹੀਂ। ਆਮ ਤੌਰ ਤੇ ਸਿਉਂਕ ਦੇ ਹਮਲੇ ਵਾਲੇ ਬਾਗ਼ਾਂ ਵਿਚ ਬੱਚੇ 3 ਦਿਨਾਂ ਦੇ ਅੰਦਰ ਘੜਿਆਂ 'ਚ ਆਉਣੇ ਸ਼ੁਰੂ ਹੋ ਜਾਂਦੇ ਹਨ।

## ਇਕੱਠੀ ਹੋਈ ਸਿਉਂਕ ਨੂੰ ਮਾਰਨਾ

ਸਿਉਂਕ ਟਰੈਪਾਂ ਨੂੰ ਬਾਗ਼ ਵਿਚ ਮਿੱਟੀ ਹੇਠ ਦੱਬਣ ਤੋਂ 20 ਦਿਨਾਂ ਬਾਦ ਸਿਉਂਕ ਦੇ ਬੱਚੇ ਮੱਕੀ ਦੇ ਗੁੱਲਿਆਂ ਨੂੰ ਨਸ਼ਟ ਕਰ ਕੇ ਮਿੱਟੀ ਵਰਗਾ ਬਣਾ ਦਿੰਦੇ ਹਨ। ਘੜਿਆਂ ਨੂੰ ਖੋਲ੍ਹ ਕੇ ਵੇਖੀਏ ਤਾਂ ਲੱਖਾਂ ਦੀ ਗਿਣਤੀ ਵਿਚ ਸਿਉਂਕ ਦੇ ਬੱਚੇ ਹਰ ਘੜੇ 'ਚ ਨਜ਼ਰ ਆਉਂਦੇ ਹਨ। ਗਿਣਤੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਬਾਗ਼ ਵਿਚ ਸਿਉਂਕ ਦਾ ਹਮਲਾ ਕਿੰਨਾ ਕੁ ਹੈ ਤੇ ਬਾਗ਼ ਦੀ ਮਿੱਟੀ ਕਿਸ ਤਰ੍ਹਾਂ ਦੀ ਹੈ? ਇਕੱਠੀ ਹੋਈ ਸਿਉਂਕ ਨੂੰ ਮਾਰਨ ਲਈ ਘੜਿਆਂ ਨੂੰ ਮਿੱਟੀ ਵਿਚ ਦੱਬਣ ਤੋਂ 20 ਦਿਨਾਂ ਬਾਦ ਬਾਹਰ ਕੱਢੋ ਤੇ ਘੜੇ ਅੰਦਰ ਬਚੇ-ਖੁਚੇ ਗੁੱਲਿਆਂ ਸਮੇਤ ਅੰਦਰ ਇਕੱਠੀ ਹੋਈ ਸਿਉਂਕ ਨੂੰ ਕੁਝ ਬੂੰਦਾਂ ਡੀਜ਼ਲ ਮਿਲੇ ਪਾਣੀ ਵਿਚ ਡੁਬੋ ਕੇ ਖ਼ਤਮ ਕਰ ਦੇਵੋ।

## ਟਰੈਪ ਦੇ ਫ਼ਾਇਦੇ

ਬਾਗ਼ਾਂ ਵਿਚ ਸਿਉਂਕ ਦੀ ਰੋਕਥਾਮ ਲਈ ਬਿਨਾਂ ਕੀਟਨਾਸ਼ਕ ਦੀ ਵਰਤੋਂ ਵਾਲੀ ਇਹ ਤਕਨੀਕ ਵਾਤਾਵਰਨ ਪੱਖੀ ਹੈ। ਇਸ ਦੀ ਵਰਤੋਂ ਨਾਲ ਫਲਾਂ, ਮਿੱਟੀ, ਬੂਟਿਆਂ ਅਤੇ ਵਾਤਾਵਰਨ ਵਿਚ ਕੀਟਨਾਸ਼ਕਾਂ ਦੇ ਅੰਸ਼ ਨਹੀਂ ਜਾਂਦੇ। ਇਹ ਤਕਨੀਕ ਕੀਟਨਾਸ਼ਕਾਂ ਦੇ ਮੁਕਾਬਲੇ ਕਾਫ਼ੀ ਸਸਤੀ ਪੈਂਦੀ ਹੈ। ਇਹ ਟਰੈਪ ਵੱਡੀ ਗਿਣਤੀ ਵਿਚ ਸਿਉਂਕ ਨੂੰ ਫੜਨ 'ਚ ਸਹਾਈ ਹੁੰਦੇ ਹਨ। ਇਹ ਟਰੈਪ ਆਸਾਨੀ ਨਾਲ ਸੰਯੁਕਤ ਕੀਟ ਪ੍ਰਬੰਧ ਪ੍ਰੋਗਰਾਮ ਵਿਚ ਅਪਣਾਏ ਜਾ ਸਕਦੇ ਹਨ। ਇਨ੍ਹਾਂ ਵਰਤੋਂ ਨਾਲ ਛਿੜਕਾਅ ਲਈ ਮਜ਼ਦੂਰਾਂ ਤੇ ਪੰਪਾਂ 'ਤੇ ਨਿਰਭਰਤਾ ਘਟੇਗੀ ਤੇ ਖ਼ਰਚਾ ਬਚੇਗਾ। ਇਕ ਘੜੇ ਵਿਚ ਸਿਉਂਕ ਦੇ ਹਜ਼ਾਰਾਂ ਤੋਂ ਲੱਖਾਂ ਬੱਚਿਆਂ ਨੂੰ ਖਿੱਚਣ ਦੀ ਸਮਰਥਾ ਹੈ। ਇਸ ਤਕਨੀਕ ਨਾਲ ਬਾਗ਼ਾਂ ਵਿਚ ਸਿਉਂਕ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੇ ਛਿੜਕਾਅ ਵਾਸਤੇ ਵਰਤੇ ਜਾਣ ਵਾਲੇ ਪਾਣੀ ਦੀ ਬੱਚਤ ਹੁੰਦੀ ਹੈ। ਇਹ ਟਰੈਪ ਬਾਗ਼ ਵਿਚ ਵਾਰ-ਵਾਰ ਵਰਤੇ ਜਾ ਸਕਦੇ ਹਨ। •

### ਟਰੈਪ ਦੀ ਕੀਮਤ

ਕਿਸਾਨ ਇਹ ਟਰੈਪ ਕਿਸੇ ਘੁਮਿਆਰ ਪਾਸੋਂ ਬਣਵਾ ਸਕਦੇ ਹਨ। ਬਾਜ਼ਾਰ 'ਚ ਅਜਿਹੇ ਇਕ ਟਰੈਪ ਦੀ ਕੀਮਤ 70-90 ਰੁਪਏ ਹੈ। ਇਕ ਏਕੜ ਲਈ 14 ਘੜਿਆਂ ਦਾ ਖ਼ਰਚਾ 980 ਤੋਂ 1260 ਰੁਪਏ ਆਉਂਦਾ ਹੈ। ਇਹ ਖਰਚਾ ਕਿਸਾਨਾਂ ਦੁਆਰਾ ਸਿਉਂਕ ਦੀ ਰੋਕਥਾਮ ਲਈ ਹਰ ਸਾਲ ਵਰਤੇ ਜਾਂਦੇ ਕੀਟਨਾਸ਼ਕਾਂ (320 ਰੁਪਏ ਪ੍ਰਤੀ ਲਿਟਰ ਦੇ ਹਿਸਾਬ ਨਾਲ ਕਰੀਬ 7 ਵਾਰ ਛਿੜਕਾਅ ਕਰਨ ਦੇ 2240 ਰੁਪਏ ਪ੍ਰਤੀ ਏਕੜ) ਦੇ ਮੁਕਾਬਲੇ ਕਾਫ਼ੀ ਸਸਤਾ ਪੈਂਦਾ ਹੈ। ਇਸ ਤੋਂ ਇਲਾਵਾ ਇਹ ਕੀਟਨਾਸ਼ਕ ਮਹਿੰਗੇ ਹੋਣ ਦੇ ਨਾਲ-ਨਾਲ ਵਾਤਾਵਰਨ ਨੂੰ ਵੀ ਪਲੀਤ ਕਰਦੇ ਹਨ।

### ਸਿਉਂਕ ਟਰੈਪ

ਜਦੋਂ ਕਿਸਾਨ ਨਰਸਰੀ ਤੇ ਬਾਗ਼ਾਂ ਵਿਚ ਸਿਉਂਕ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੀ ਵਰਤੋਂ ਕਰਦੇ ਹਨ ਤਾਂ ਕੀਟਨਾਸ਼ਕਾਂ ਦਾ ਅਸਰ ਕੁਝ ਦਿਨਾਂ ਬਾਦ ਖ਼ਤਮ ਹੋ ਜਾਂਦਾ ਹੈ ਤੇ ਸਿਉਂਕ ਦਾ ਦੁਬਾਰਾ ਹਮਲਾ ਸ਼ੁਰੂ ਹੋ ਜਾਂਦਾ ਹੈ। ਇਸ ਨਾਲ ਬਾਗ਼ਬਾਨਾਂ ਦਾ ਕਾਫ਼ੀ ਵਿੱਤੀ ਨੁਕਸਾਨ ਹੁੰਦਾ ਹੈ ਅਤੇ ਵਾਤਾਵਰਨ ਵੀ ਪਲੀਤ ਹੁੰਦਾ ਹੈ। ਵਾਰ-ਵਾਰ ਹਮਲੇ ਦੀ ਜੜ੍ਹ ਸਿਉਂਕ ਦੀ ਰਾਣੀ ਹੈ, ਜੋ ਕਿ ਰੋਜ਼ਾਨਾ ਹਜ਼ਾਰਾਂ ਆਂਡੇ ਦਿੰਦੀ ਹੈ। ਪੰਜਾਬ ਦੇ ਬਾਗ਼ਾਂ ਵਿਚ ਸਿਉਂਕ ਦੀ ਵਧ ਰਹੀ ਸਮੱਸਿਆ ਦੇ ਮੱਦੇਨਜ਼ਰ ਪੀਏਯੂ ਲੁਧਿਆਣਾ ਦੇ ਫਲ ਵਿਗਿਆਨ ਵਿਭਾਗ ਦੇ ਵਿਗਿਆਨੀਆਂ ਨੇ ਨਾਸ਼ਪਾਤੀ, ਬੇਰ, ਆੜੂ, ਅੰਗੂਰ ਤੇ ਆਂਵਲੇ ਦੇ ਬਾਗ਼ਾਂ ਵਿਚ ਮਿੱਟੀ ਦੇ ਘੜਿਆਂ ਤੋਂ ਬਣਾਏ ਟਰੈਪਾਂ ਵਿਚ ਮੱਕੀ ਦੇ ਗੁੱਲੇ ਪਾ ਕੇ ਸਿਉਂਕ ਦੀ ਵਾਤਾਵਰਨ-ਪੱਖੀ ਤਕਨੀਕ ਤਿਆਰ ਕੀਤੀ ਹੈ।

# ਭੂਮਾਫੀਆ ਨੇ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਮਿਲ ਕੇ ਜਮੀਨ ਹੜੱਪਣ ਦੀ ਨੀਅਤ ਨਾਲ 19 ਸਾਲ ਪਹਿਲਾਂ ਮਰੀ ਹੋਈ ਔਰਤ ਨੂੰ ਦਿਖਾਇਆ 'ਖੁਦਕਾਸ਼ਤ'

**➢ ਮਾਣਯੋਗ ਅਦਾਲਤ ਵਿਚ ਸਰਕਾਰੀ ਰਿਕਾਰਡ ਨੂੰ 'ਟੈਂਪਰ' ਕਰਕੇ ਜਾਅਲੀ ਗਿਰਦਾਵਰੀ ਕੀਤੀ ਪੇਸ਼ ➢ ਸਮੁੱਚੇ ਮਾਮਲੇ ਦੀ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਹੋਵੇ ਕਾਰਵਾਈ: ਸ਼ਿਕਾਇਤਕਰਤਾ**

**ਪਟਿਆਲਾ, 25 ਅਪ੍ਰੈਲ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਨਾਲ ਲੱਗਦੇ ਪਿੰਡ ਸੂਲਰ ਵਿਖੇ ਪਈਆਂ ਜਮੀਨਾਂ ਵਿਚ ਭੂਮਾਫੀਆ ਨੇ ਬੇਸ਼ਕੀਮਤੀ ਜਮੀਨਾਂ ਨੂੰ ਹੜੱਪਣ ਲਈ ਮਾਲ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਸਰਕਾਰੀ ਰਿਕਾਰਡ ਨੂੰ ਟੈਂਪਰ ਕਰਕੇ ਜਾਅਲੀ ਗਿਰਦਾਵਰੀ ਤਿਆਰ ਕਰਕੇ ਮਾਣਯੋਗ ਅਦਾਲਤ ਵਿਚ ਪੇਸ਼ ਕਰ ਦਿੱਤੀ ਹੈ, ਜਿਸ 'ਤੇ ਸ਼ਿਕਾਇਤਕਰਤਾ ਕਰਮਜੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਭੂਮਾਫੀਆ ਗਿਰੋਹ ਨੇ ਬੇਸ਼ਕੀਮਤੀ ਜਮੀਨ ਨੂੰ ਹੜੱਪਣ ਲਈ ਸਰਕਾਰ ਦੇ ਨਿਯਮਾਂ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ, ਜਿਸ ਕਾਰਨ ਮਾਲ ਵਿਭਾਗ ਦੇ ਅਧਿਕਾਰੀਆਂ ਅਤੇ ਪਟਵਾਰੀ ਹਲਕਾ ਨਾਲ ਮਿਲੀਭੁਗਤ ਕਰਕੇ ਇੱਕੋ ਦਿਨ ਦੀਆਂ ਵੱਖ-ਵੱਖ ਗਿਰਦਾਵਰੀਆਂ ਕੇਸ ਵਿਚ ਲਗਾਈਆਂ ਗਈਆਂ ਹਨ। ਜਿਸ ਤੋਂ ਸਾਫ ਪਤਾ ਚੱਲਦਾ ਹੈ ਕਿ ਇਹ ਸਾਰੇ ਕਾਗਜ਼ਾਤ ਸਰਕਾਰੀ ਰਿਕਾਰਡ ਨੂੰ "ਟੈਂਪਰ" ਕਰਕੇ ਜਾਅਲੀ ਤਿਆਰ ਕੀਤੇ ਗਏ ਹਨ ਤਾਂ ਜੋ ਕਰੋੜਾਂ ਰੁਪਏ ਬੇਸ਼ਕੀਮਤੀ ਜਮੀਨ ਨੂੰ ਹੜੱਪਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਅਕਤੀਆਂ ਖਿਲਾਫ ਪਹਿਲਾਂ ਵੀ ਗੂੰਗੇ ਬੋਲੇ ਤੇ ਅਨਾਥ ਬੱਚਿਆਂ ਦੀ ਭਲਾਈ ਲਈ ਬਣੇ ਚੈਰੀਟੇਬਲ ਟਰੱਸਟਾਂ ਦੀ ਦੁਰਵਰਤੋਂ ਕਰਦੇ ਹੋਏ ਜਾਅਲੀ ਕਾਗਜ਼ਾਤ ਤਿਆਰ ਕਰਕੇ ਸੁਰਜੀਤ ਕੌਰ ਦੀ ਜਮੀਨ ਨੂੰ ਬਿਨ੍ਹਾਂ ਕਿਸੇ ਡੀਡ ਤੋਂ ਹੀ ਟਰੱਸਟਾਂ ਦੇ ਨਾਮ 'ਤੇ ਜਮੀਨ ਤਬਦੀਲ ਕਰ ਦਿੱਤੀ, ਜਿਥੇ ਰਾਜਨੀਤਿਕ ਤੇ ਸਥਾਨਕ ਪ੍ਰਸ਼ਾਸ਼ਨ ਦੀ ਮਿਲੀਭੁਗਤ ਨਾਲ ਅਣਅਧਿਕਾਰਤ ਕਲੋਨੀਆਂ ਕੱਟ ਕੇ ਸਮੁੱਚੀ ਜਮੀਨ ਵੇਚ ਦਿੱਤੀ। ਜਿਥੇ ਪੁੱਡਾ ਵੱਲੋਂ ਡੀ.ਸੀ.ਪਟਿਆਲਾ ਤੇ ਐਸ. ਐਸ. ਪੀ. ਪਟਿਆਲਾ ਨੂੰ ਇਨ੍ਹਾਂ ਕਲੋਨੀਆਂ ਨੂੰ ਕੱਟਣ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੇ ਆਦੇਸ਼ ਵੀ ਜਾਰੀ ਕੀਤੇ ਗਏ ਸਨ, ਪਰ ਮਿਲੀਭੁਗਤ ਕਾਰਨ ਮਾਮਲੇ ਵਿਚ ਕੋਈ ਜਿਆਦਾ ਕਾਰਵਾਈ ਨਹੀਂ ਕੀਤੀ ਗਈ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ 2007 ਵਿਚ ਫੌਤ ਹੋ ਚੁੱਕੀ ਸਤਵੰਤ ਕੌਰ ਨੂੰ ਹਲਕਾ ਪਟਵਾਰੀ ਨੇ ਦੋਸ਼ੀਆਂ ਦੀ ਮਿਲੀਭੁਗਤ ਨਾਲ 19 ਸਾਲ ਬਾਅਦ ਜਿਉਂਦਾ ਦਿਖਾ ਕੇ ਜਮੀਨ ਦੀ ਕਾਸ਼ਤਕਾਰ ਦਰਸਾ ਦਿੱਤਾ ਹੈ। ਜਦੋਂ ਕਿ ਹਲਕਾ ਪਟਵਾਰੀ ਵੱਲੋਂ ਪਹਿਲਾਂ ਕਿਸੇ ਹੋਰ ਕੇਸ ਵਿਚ ਦਿੱਤੀ ਗਿਰਦਾਵਰੀ ਵਿਚ ਸਤਿੰਦਰਪਾਲ ਕੌਰ ਨੂੰ ਮਾਲਕ ਤੇ ਖੁਦਕਾਸ਼ਤ ਦਿਖਾ ਦਿੱਤਾ, ਜਦੋਂ ਕਿ ਇਸ ਕੇਸ ਵਿਚ ਉਸੇ ਜਮੀਨ ਦਾ ਖੁਦਕਾਸ਼ਤ ਫੌਤ ਹੋ ਚੁੱਕੀ ਸਤਵੰਤ ਕੌਰ ਨੂੰ ਦਿਖਾ ਦਿੱਤਾ ਹੈ। ਇਸ ਸੰਬੰਧੀ ਸ਼ਿਕਾਇਤਕਰਤਾ ਨੇ ਦੱਸਿਆ ਕਿ ਮਾਣਯੋਗ ਅਦਾਲਤ ਵੱਲੋਂ ਰਿਕਾਰਡ ਦੀ ਨਕਲ ਲੈਣ ਤੋਂ ਬਾਅਦ ਗਿਰਦਵਾਰੀ ਸੰਬੰਧੀ ਸਾਫ ਪਤਾ ਚੱਲਦਾ ਹੈ ਕਿ ਪਹਿਲਾਂ ਜਾਰੀ ਕੀਤੀ ਗਈ ਸਤਿੰਦਰਪਾਲ ਕੌਰ ਦੇ ਮਾਲਕ ਵਾ ਕਾਬਜ਼ ਹੋਣ ਦੀ ਗਿਰਦਾਵਰੀ ਅਸਲ ਹੈ ਅਤੇ ਇਸ ਤੋਂ ਬਾਅਦ ਵਿਚ ਸਰਕਾਰੀ ਰਿਕਾਰਡ ਨੂੰ ਟੈਂਪਰ ਕਰਕੇ ਸਤਵੰਤ ਕੌਰ ਨੂੰ ਮਾਲਕ ਤੇ ਖੁਦਕਾਸ਼ਤ ਦਿਖਾਇਆ ਗਿਆ ਹੈ ਉਹ ਸਰਾਸਰ ਗਲਤ ਹੈ। ਸ਼ਿਕਾਇਤਕਰਤਾ ਦੀ ਮੰਗ ਹੈ ਕਿ ਸਰਕਾਰੀ ਰਿਕਾਰਡ ਨੂੰ ਟੈਂਪਰ ਕਰਕੇ ਗਲਤ ਜਾਰੀ ਕੀਤੀ ਗਿਰਦਾਵਰੀ ਜਾਰੀ ਕਰਨ ਵਾਲਿਆਂ ਖਿਲਾਫ ਪਰਚਾ ਦਰਜ ਕਰਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਸੱਚਾਈ ਸਾਹਮਣੇ ਆ ਸਕੇ। ਦੱਸਣਯੋਗ ਹੈ ਕਿ ਉਨ੍ਹਾਂ ਖਿਲਾਫ ਪਹਿਲਾਂ ਵੀ ਵੱਖ-ਵੱਖ ਧਾਰਾਵਾਂ ਤਹਿਤ ਮਾਮਲੇ ਦਰਜ ਹਨ। ਜਿਨ੍ਹਾਂ ਵਿਚ ਭੂਮਾਫੀਆ ਗਿਰੋਹ ਵਿਚ ਔਰਤਾਂ ਵੀ ਜਮਾਨਤ 'ਤੇ ਚੱਲ ਰਹੀਆਂ ਹਨ ਅਤੇ ਮੁੜ ਤੋਂ ਜਮੀਨਾਂ ਨੂੰ ਹੜੱਪਣ ਲਈ ਅਜਿਹੇ ਕਾਰਿਆਂ ਨੂੰ ਅੰਜ਼ਾਮ ਦੇ ਰਹੀਆਂ ਹਨ। ਇਸ ਸਮੁੱਚੇ ਮਾਮਲੇ ਵਿਚ ਉਚ ਅਧਿਕਾਰੀ ਅਤੇ ਸਰਕਾਰੀ ਪਹੁੰਚ ਰੱਖਣ ਵਾਲੇ ਰਾਜਨੀਤਿਕ ਆਗੂ ਵੀ ਸ਼ਾਮਲ ਹੋਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

**ਜਾਂਚ ਕਰਕੇ ਕਾਰਵਾਈ ਕਰਾਂਗੇ: ਨਾਇਬ ਤਹਿਸੀਲਦਾਰ**

ਸਰਕਾਰੀ ਰਿਕਾਰਡ ਨੂੰ ਟੈਂਪਰ ਕਰਕੇ ਜਾਰੀ ਕੀਤੀ ਗਿਰਦਾਵਰੀ ਸੰਬੰਧੀ ਜਦੋਂ ਨਾਇਬ ਤਹਿਸੀਲਦਾਰ ਪਟਿਆਲਾ ਗੌਰਵ ਬਾਂਸਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇੱਕੋ ਤਰੀਕ ਨੂੰ ਦੋ ਗਿਰਦਾਵਰੀਆਂ ਜਾਰੀ ਕਰਨ ਦੇ ਮਾਮਲਾ ਜਾਂਚ ਦਾ ਵਿਸ਼ਾ ਹੈ, ਇਸ ਸੰਬੰਧੀ ਜਾਂਚ ਕਰਕੇ ਕਾਰਵਾਈ ਕਰਾਂਗੇ।

# ਡੀ.ਸੀ. ਜਲੰਧਰ ਵਰਜੀਤ ਵਾਲੀਆ ਬਣੇ ਸੁਰਜੀਤ ਹਾਕੀ ਸੁਸਾਇਟੀ ਦੇ 22ਵੇਂ ਪ੍ਰਧਾਨ

**ਹਾਕੀ ਦੇ ਵਿਕਾਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੁਸਾਇਟੀ ਨੂੰ ਮਿਲੇਗਾ ਪੂਰਾ ਸਹਿਯੋਗ : ਡੀ.ਸੀ. ਵਰਜੀਤ ਵਾਲੀਆ**



**ਜਲੰਧਰ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਦੇ ਡਿਪਟੀ ਕਮਿਸ਼ਨਰ ਸ਼੍ਰੀ ਵਰਜੀਤ ਵਾਲੀਆ, ਆਈ.ਏ.ਐਸ., ਨੂੰ ਸਾਲ 1984 ਵਿੱਚ ਓਲੰਪੀਅਨ ਸੁਰਜੀਤ ਸਿੰਘ ਰੰਧਾਵਾ (ਸਾਬਕਾ ਕਪਤਾਨ, ਭਾਰਤੀ ਹਾਕੀ ਟੀਮ) ਦੀ ਯਾਦ ਵਿੱਚ ਸਥਾਪਿਤ ਸੁਰਜੀਤ ਹਾਕੀ ਸੁਸਾਇਟੀ ਦਾ 22ਵਾਂ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਇਹ ਫੈਸਲਾ ਸੁਸਾਇਟੀ ਦੇ ਵਰਕਿੰਗ ਪ੍ਰਧਾਨ ਲੇਖ ਰਾਜ ਨਈਅਰ, ਆਈ.ਆਰ.ਐਸ. (ਸੇਵਾਮੁਕਤ), ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਸੁਸਾਇਟੀ ਦੇ ਸੰਵਿਧਾਨ ਅਨੁਸਾਰ ਲਿਆ ਗਿਆ। ਇਸ ਮੌਕੇ ਸਾਬਕਾ ਡਿਪਟੀ ਕਮਿਸ਼ਨਰ ਜਲੰਧਰ ਸ਼੍ਰੀ ਹਿਮਾਂਸ਼ੂ ਅਗਰਵਾਲ ਵੱਲੋਂ ਸੁਸਾਇਟੀ ਲਈ ਦਿੱਤੀਆਂ ਸੇਵਾਵਾਂ ਦੀ ਭਰਪੂਰ ਪ੍ਰਸ਼ੰਸਾ ਵੀ ਕੀਤੀ ਗਈ।

ਸੁਸਾਇਟੀ ਦੇ ਸੀ.ਈ.ਓ. ਸ਼੍ਰੀ ਇਕਬਾਲ ਸਿੰਘ ਸੰਧੂ, ਪੀ.ਸੀ.ਐਸ. (ਸੇਵਾਮੁਕਤ), ਨੇ ਦੱਸਿਆ ਕਿ ਮੀਟਿੰਗ ਤੋਂ ਬਾਅਦ ਸੁਸਾਇਟੀ ਦੇ ਮੈਂਬਰਾਂ ਵੱਲੋਂ ਨਵ-ਨਿਯੁਕਤ ਪ੍ਰਧਾਨ ਅਤੇ ਡਿਪਟੀ ਕਮਿਸ਼ਨਰ ਸ਼੍ਰੀ ਵਰਜੀਤ ਵਾਲੀਆ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੂੰ ਸੁਸਾਇਟੀ ਦੀਆਂ ਵੱਖ-ਵੱਖ ਗਤੀਵਿਧੀਆਂ, ਸੁਰਜੀਤ ਹਾਕੀ ਅਕੈਡਮੀ ਦੇ ਕੰਮਕਾਜ ਅਤੇ 43ਵੇਂ ਇੰਡਿਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ-2026 ਦੀਆਂ ਤਿਆਰੀਆਂ ਬਾਰੇ ਜਾਣੂ ਕਰਵਾਇਆ ਗਿਆ।

ਇਸ ਮੌਕੇ ਉਪਰ ਡੀ.ਸੀ. ਜਲੰਧਰ ਵਰਜੀਤ ਵਾਲੀਆ ਨੇ ਸੁਸਾਇਟੀ ਦੇ ਉਪਰਾਲਿਆਂ ਦੀ ਪ੍ਰਸ਼ੰਸਾ ਕਰਦੇ ਹੋਏ ਭਰੋਸਾ ਦਿੱਤਾ ਕਿ ਸੁਸਾਇਟੀ ਵੱਲੋਂ ਕਿਤੇਂਜਾ ਰਹੇ ਹਾਕੀ ਦੇ ਵਿਕਾਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸੁਸਾਇਟੀ ਦੇ ਵਿਸ਼ਾਲ ਤਜਰਬੇ ਦਾ ਲਾਭ, ਪੰਜਾਬ ਸਰਕਾਰ ਵੱਲੋਂ ਅਕਤੂਬਰ ਮਹੀਨੇ ਵਿੱਚ ਕਰਵਾਈ ਜਾਣ ਵਾਲੀ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਵਿੱਚ ਵੀ ਲਿਆ ਜਾਵੇਗਾ। ਇਸ ਮੀਟਿੰਗ ਦੌਰਾਨ ਸੁਸਾਇਟੀ ਦੇ ਫਾਊਂਡਰ ਮੈਂਬਰ ਅਤੇ ਚੀਫ਼ ਪੀ.ਆਰ.ਓ. ਸਵ. ਗੁਰਵਿੰਦਰ ਸਿੰਘ 'ਗੁੱਲੂ' ਬੱਠਲਾ ਨੂੰ ਉਨ੍ਹਾਂ ਦੀ ਬੇਵਕਤੀ ਮੌਤ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਲੇਖ ਰਾਜ ਨਈਅਰ, ਲਖਵਿੰਦਰਪਾਲ ਸਿੰਘ ਖਹਿਰਾ (ਵਰਕਿੰਗ ਪ੍ਰਧਾਨ), ਰਣਬੀਰ ਸਿੰਘ ਟੁੱਟ (ਸਕੱਤਰ), ਸੁਰਿੰਦਰ ਸਿੰਘ ਭਾਪਾ (ਜਨਰਲ ਸਕੱਤਰ), ਰਾਮ ਪਰਤਾਪ ਅਤੇ ਅਮਰੀਕ ਸਿੰਘ ਪਵਾਰ (ਸੀਨੀਅਰ ਮੀਤ ਪ੍ਰਧਾਨ), ਸਿਮਰਦੀਪ ਸਿੰਘ ਬੱਠਲਾ, ਹਰਿੰਦਰ ਸਿੰਘ ਸੰਘਾ, ਕੁਲਵਿੰਦਰ ਸਿੰਘ ਥਿਆੜਾ, ਗੁਰਿੰਦਰ ਸਿੰਘ ਸੰਘਾ, ਸੁਖਵਿੰਦਰ ਸਿੰਘ ਲਾਲੀ, ਗੁਰਇਕਬਾਲ ਸਿੰਘ ਢਿੱਲੋਂ ਅਤੇ ਕਰਨਦੀਪ ਸਿੰਘ ਵੀ ਹਾਜ਼ਰ ਸਨ।

# ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਾਲੇ ਕਾਰਟੇਲਾਂ ਨਾਲ ਸਬੰਧਤ ਪੰਜ ਵਿਅਕਤੀ 7 ਕਿਲੋ ਹੈਰੋਇਨ ਸਮੇਤ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ

**➢ ਗ੍ਰਿਫ਼ਤਾਰ ਦੋਸ਼ੀ ਪਾਕਿ-ਅਧਾਰਤ ਤਸਕਰ ਦੇ ਸੰਪਰਕ ਵਿੱਚ ਸਨ, ਜੋ ਡਰੋਨ ਰਾਹੀਂ ਭੇਜ ਰਿਹਾ ਸੀ ਖੇਪ: ਡੀਜੀਪੀ ਗੌਰਵ ਯਾਦਵ**
**➢ ਪਾਕਿ-ਅਧਾਰਤ ਤਸਕਰ ਸਥਾਨਕ ਹੈਂਡਲਰਾਂ ਰਾਹੀਂ ਸੂਬੇ ਵਿੱਚ ਕਰ ਰਿਹਾ ਸੀ ਨਸ਼ਿਆਂ ਦੀ ਸਪਲਾਈ: ਸੀਪੀ ਅੰਮ੍ਰਿਤਸਰ ਗੁਰਪ੍ਰੀਤ ਭੁੱਲਰ**

**ਚੰਡੀਗੜ੍ਹ/ਅੰਮ੍ਰਿਤਸਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਪੰਜ ਮੁਲਜ਼ਮਾਂ ਨੂੰ 7.050 ਕਿਲੋਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਾਲੇ ਦੋ ਕਾਰਟੇਲਾਂ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਦੀਪਕ ਸਿੰਘ ਉਰਫ਼ ਦੀਪੂ (22) ਵਾਸੀ ਹਰਕ੍ਰਿਸ਼ਨ ਨਗਰ ਛੇਹਰਟਾ, ਅੰਮ੍ਰਿਤਸਰ; ਪ੍ਰਿੰਸ ਸਿੰਘ ਉਰਫ਼ ਪ੍ਰਿੰਸ ਵਾਸੀ ਪਿੰਡ ਕੋਹਾਲਾ, ਅੰਮ੍ਰਿਤਸਰ; ਰਜਿੰਦਰ ਸਿੰਘ ਉਰਫ਼ ਘੁੱਦੂ (23), ਰਣਦੀਪ ਸਿੰਘ ਉਰਫ਼ ਦਿਲ (19) ਅਤੇ ਗੁਰਪ੍ਰੀਤ ਸਿੰਘ ਉਰਫ਼ ਗੋਪੀ (21) ਵਜੋਂ ਹੋਈ ਹੈ, ਤਿੰਨੋਂ ਨਿਵਾਸੀ ਪਿੰਡ ਸੈਂਸਰਾ ਕਲਾਂ, ਅੰਮ੍ਰਿਤਸਰ ਵਜੋਂ ਹੋਈ ਹੈ। ਹੈਰੋਇਨ ਬਰਾਮਦ ਕਰਨ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਨ੍ਹਾਂ ਦਾ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ, ਜਿਸ 'ਤੇ ਉਹ ਨਸ਼ਿਆਂ ਦੀ ਤਸਕਰੀ ਕਰ ਰਹੇ ਸਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਾਕਿਸਤਾਨ ਸਥਿਤ ਇੱਕ ਤਸਕਰ ਦੇ ਸੰਪਰਕ ਵਿੱਚ ਸਨ, ਜੋ ਡਰੋਨ ਰਾਹੀਂ ਖੇਪ ਭੇਜ ਕੇ ਆਪਣੇ ਸਥਾਨਕ ਹੈਂਡਲਰਾਂ ਰਾਹੀਂ ਪੰਜਾਬ ਭਰ ਵਿੱਚ ਇਸ ਦੀ ਸਪਲਾਈ ਕਰ ਰਿਹਾ ਸੀ।

ਡੀਜੀਪੀ ਨੇ ਕਿਹਾ ਕਿ ਇਸ ਨਸ਼ਾ ਤਸਕਰੀ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।

ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਰੋਸੇਯੋਗ ਜਾਣਕਾਰੀ ਦੇ ਆਧਾਰ 'ਤੇ ਚਲਾਏ ਗਏ ਇੱਕ ਟੀਕਾਗਤ ਆਪ੍ਰੇਸ਼ਨ ਦੌਰਾਨ, ਪੁਲਿਸ ਟੀਮਾਂ ਨੇ ਦੀਪਕ ਸਿੰਘ ਉਰਫ਼ ਦੀਪੂ ਨੂੰ 1.3 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰ ਲਿਆ।

ਮੁਲਜ਼ਮ ਤੋਂ ਕੀਤੀ ਗਈ ਪੁੱਛਗਿੱਛ ਦੌਰਾਨ ਪੁਲਿਸ ਨੂੰ ਹੋਰ 2.6 ਕਿਲੋ ਹੈਰੋਇਨ ਬਰਾਮਦ ਕਰਨ ਵਿੱਚ ਸਫਲਤਾ ਮਿਲੀ, ਜਿਸ ਨਾਲ ਇਸ ਦੀ ਕੁੱਲ ਬਰਾਮਦਗੀ 4.04 ਕਿਲੋ ਹੈਰੋਇਨ ਹੋ ਗਈ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਅਧਾਰਤ ਹੈਂਡਲਰ ਬਾਰੇ ਹੋਰ ਜਾਂਚ ਦੌਰਾਨ, ਪੁਲਿਸ ਟੀਮਾਂ ਨੇ ਤਿੰਨ ਹੋਰ ਮੁਲਜ਼ਮਾਂ ਰਜਿੰਦਰ ਉਰਫ਼ ਘੁੱਦੂ, ਰਣਦੀਪ ਉਰਫ਼ ਦਿਲ ਅਤੇ ਗੁਰਪ੍ਰੀਤ ਉਰਫ਼ ਗੋਪੀ ਨੂੰ 1.01 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਗ੍ਰਿਫ਼ਤਾਰ ਮੁਲਜ਼ਮ ਵੱਲੋਂ ਕੀਤੇ ਹੋਰ ਖੁਲਾਸੇ ਦੇ ਆਧਾਰ 'ਤੇ, ਉਨ੍ਹਾਂ ਦੇ ਚੌਥੇ ਸਾਥੀ, ਪ੍ਰਿੰਸ ਸਿੰਘ ਉਰਫ਼ ਪ੍ਰਿੰਸ ਨੂੰ ਵੀ 2 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ।

ਪੁਲਿਸ ਕਮਿਸ਼ਨ ਨੇ ਕਿਹਾ ਕਿ ਗ੍ਰਿਫ਼ਤਾਰ ਮੁਲਜ਼ਮ ਦੀਪਕ ਉਰਫ਼ ਦੀਪੂ 'ਤੇ ਐਨਡੀਪੀਐਸ ਐਕਟ ਤਹਿਤ ਪਹਿਲਾਂ ਵੀ ਖੰਨਾ ਥਾਣੇ ਵਿਖੇ ਅਪਰਾਧਿਕ ਕੇਸ ਦਰਜ ਹੈ।

ਇਸ ਸਬੰਧੀ ਦੋ ਵੱਖ-ਵੱਖ ਮਾਮਲੇ ਥਾਣਾ ਛੇਹਰਟਾ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21-ਸੀ ਅਧੀਨ ਐਫਆਈਆਰ ਨੰਬਰ 77 ਮਿਤੀ 08-04-2026 ਅਤੇ ਥਾਣਾ ਛਾਉਣੀ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21-ਸੀ ਅਧੀਨ ਐਫਆਈਆਰ ਨੰਬਰ 61 ਮਿਤੀ 17-04-2026 ਦਰਜ ਕੀਤੇ ਗਏ ਹਨ।

# ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਫਰੀਡਮ ਫਾਈਟਰ ਪਰਿਵਾਰਾਂ ਦੀ ਭਲਾਈ ਲਈ ਹੋਈ ਵਿਸ਼ੇਸ਼ ਮੀਟਿੰਗ

**ਪਟਿਆਲਾ, 25 ਅਪ੍ਰੈਲ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿੰਨੀ ਸਕੱਤਰੇਤ ਪਟਿਆਲਾ ਵਿਖੇ ਬਤੌਰ ਡਿਪਟੀ ਕਮਿਸ਼ਨਰ ਦਾ ਅਹੁਦਾ ਸੰਭਾਲਣ ਤੋਂ ਬਾਅਦ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਵਲੋਂ ਵੱਖ ਵੱਖ ਸੰਸਥਾਵਾਂ, ਸਥਾਨਕ ਲੋਕਾਂ, ਜਥੇਬੰਦੀਆਂ ਨਾਲ ਮੁਲਾਕਾਤ ਕੀਤੀ ਜਾ ਰਹੀ ਹੈ। ਆਪਣੀਆ ਸਮੱਸਿਆਵਾਂ ਨੂੰ ਲੈ ਕੇ ਮਿੰਨੀ ਸਕੱਤਰੇਤ ਵਿਖੇ ਪਹੁੰਚ ਰਹੇ ਲੋਕਾਂ ਨੂੰ ਮਿਲਣ ਲਈ ਟੋਕਨ ਨੰਬਰ ਦੀ ਵਿਵਸਥਾ ਕੀਤੀ ਗਈ ਹੈ। ਅੱਜ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਨੇ ਦੇਸ਼ ਦੀ ਆਜ਼ਾਦੀ ਲਈ ਅਹਿਮ ਯੋਗਦਾਨ ਪਾਉਣ ਵਾਲੇ, ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਦੇਸ਼ ਭਗਤਾਂ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਡਿਪਟੀ ਕਮਿਸ਼ਨਰ ਨੇ ਪੰਜਾਬ ਸਰਕਾਰ ਵੱਲੋਂ ਫਰੀਡਮ ਫਾਈਟਰ ਪਰਿਵਾਰਾਂ ਦੀ ਭਲਾਈ ਲਈ ਜਾਰੀ ਸਨਮਾਨ ਸਹੂਲਤਾਂ ਨੂੰ ਪਰਿਵਾਰਾਂ ਤੱਕ ਪਹੁਚਾਉਣ ਲਈ ਜ਼ਿਲਾ ਪੱਧਰ ਤੇ ਨੋਡਲ ਅਫ਼ਸਰ ਨਿਯੁਕਤ ਕਰਨ ਦੀ ਤਜਵੀਜ਼ ਤੇ ਵਿਚਾਰ ਕਰਨ ਲਈ ਸਹਿਮਤੀ ਪ੍ਰਗਟਾਈ। ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਰਜਿ 234 ਦੀ ਜ਼ਿਲ੍ਹਾ ਇਕਾਈ ਵਲੋਂ ਫਰੀਡਮ ਫਾਈਟਰ ਪਰਿਵਾਰਾਂ ਦੀਆਂ ਸਨਮਾਨ ਸਹੂਲਤਾਂ ਸਬੰਧੀ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਜਾਣੂ ਕਰਵਾਇਆ। ਜਥੇਬੰਦੀ ਦੇ ਸੂਬਾ ਕਨਵੀਨਰ ਪ੍ਰਕਾਸ਼ ਸਿੰਘ ਧਾਲੀਵਾਲ ਅਤੇ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਨੇ ਫਰੀਡਮ ਫਾਈਟਰ ਪਰਿਵਾਰਾਂ ਦੇ ਮਾਣ ਸਨਮਾਨ ਨੂੰ ਜ਼ਿਲੇ ਦੇ ਸਮੂਹ ਵਿਭਾਗਾਂ ਅੰਦਰ ਜ਼ਮੀਨੀ ਪੱਧਰ ਤੇ ਲਾਗੂ ਕਰਾਉਣ ਦੀ ਮੰਗ ਕੀਤੀ। ਜਥੇਬੰਦੀ ਦੇ ਵਫ਼ਦ ਨੇ ਸੁਤੰਤਰਤਾ ਸੰਗਰਾਮੀ ਬੰਤਾ ਸਿੰਘ ਧਾਲੀਵਾਲ ਮਾਰਗ ਪਿੰਡ ਕਲਿਹਾਣਾ-ਰਾਮਗੜ੍ਹ ਸੜਕ ਦੇ ਨਵੀਨੀਕਰਨ ਲਈ ਆਪਣੇ ਵਿਚਾਰ ਸਾਂਝੇ ਕੀਤੇ। ਜ਼ਿਲ੍ਹਾ ਪ੍ਰਧਾਨ ਅਮਰਪ੍ਰੀਤ ਸਿੰਘ ਬੋਬੀ ਅਤੇ ਦਫ਼ਤਰ ਇੰਚਾਰਜ ਕਮਲਦੀਪ ਸਿੰਘ ਗਿੱਲ ਨੇ ਸੁਤੰਤਰਤਾ ਸੰਗਰਾਮੀ ਤੇਜਾ ਸਿੰਘ ਗਿੱਲ ਦੇ ਨਾਮ ਤੇ ਸਰਕਾਰੀ ਮਾਡਲ ਟਾਊਨ ਸਕੂਲ਼ ਦਾ ਨਾਮ ਰੱਖਣ ਦੀ ਪ੍ਰਕਿਰਿਆ ਨੂੰ ਪੂਰਾ ਜਲਦ ਕਰਨ ਅਤੇ ਸੁਤੰਤਰਤਾ ਸੰਗਰਾਮੀ ਹਰਚਰਨ ਸਿੰਘ ਮਾਰਗ ਕੋਹਲੀ ਸਵੀਟਸ ਤ੍ਰਿਪੜੀ ਤੋਂ ਝਿੱਲ ਰੋਡ ਨੂੰ ਬਣਾਉਣ ਦੀ ਤਜਵੀਜ਼ ਰੱਖੀ। ਡਿਪਟੀ ਕਮਿਸ਼ਨਰ ਪਟਿਆਲਾ ਹਿਮਾਂਸ਼ੂ ਅਗਰਵਾਲ ਨੇ ਫਰੀਡਮ ਫਾਈਟਰ ਪਰਿਵਾਰਾਂ ਵਲੋਂ ਸਨਮਾਨ ਦੇਣ ਲਈ ਧੰਨਵਾਦ ਕੀਤਾ।

# ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਸਮਾਜਿਕ-ਦਾਰਸ਼ਨਿਕ ਫਲਸਫੇ 'ਤੇ ਰਾਸ਼ਟਰੀ ਸੈਮੀਨਾਰ ਦਾ ਆਯੋਜਨ

**ਪਟਿਆਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ (JGND PSOU), ਪਟਿਆਲਾ ਵਿਖੇ ਅੱਜ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਰਵਿਦਾਸ ਜੀ ਦੇ ਸਮਾਜਿਕ-ਦਾਰਸ਼ਨਿਕ ਫਲਸਫਾ: ਪੁਨਰ-ਵਿਚਾਰ ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਸ਼ੁਰੂ ਹੋਇਆ। ਇਹ ਸੈਮੀਨਾਰ ਯੂਨੀਵਰਸਿਟੀ ਦੇ ਮਾਣਯੋਗ ਵਾਈਸ-ਚਾਂਸਲਰ ਪ੍ਰੋ. (ਡਾ.) ਰਤਨ ਸਿੰਘ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਉਦਘਾਟਨੀ ਸੈਸ਼ਨ ਵਿੱਚ ਉੱਘੇ ਸਮਾਜ ਸੇਵੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸੰਸਥਾਪਕ ਤੇ ਚੇਅਰਮੈਨ ਡਾ. ਐੱਸ.ਪੀ. ਸਿੰਘ ਓਬਰਾਏ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੌਰਾਨ ਆਈ.ਡੀ.ਸੀ. ਚੰਡੀਗੜ੍ਹ ਦੇ ਪ੍ਰੋਫੈਸਰ ਐਮਰੀਟਸ ਪ੍ਰੋ. (ਡਾ.) ਰੌਣਕੀ ਰਾਮ, ਯੂ.ਜੀ.ਸੀ. ਦੇ ਜੁਆਇੰਟ ਸੈਕਟਰੀ ਡਾ. ਗੰਭੀਰ ਸਿੰਘ ਚੌਹਾਨ, ਅਤੇ ਸਨੀ ਓਬਰਾਏ ਵਿਵੇਕ ਸਦਨ (ਫਿਊਚਰਿਸਟਿਕ ਯੂਨੀਵਰਸਿਟੀ), ਸ੍ਰੀ ਅਨੰਦਪੁਰ ਸਾਹਿਬ ਦੇ ਵਾਈਸ-ਚਾਂਸਲਰ ਪ੍ਰੋ. (ਡਾ.) ਸਰਬਜਿੰਦਰ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਸਨ।

ਪ੍ਰੋ. (ਡਾ.) ਰਤਨ ਸਿੰਘ (ਵਾਈਸ-ਚਾਂਸਲਰ) ਨੇ ਗੁਰੂ ਰਵਿਦਾਸ ਜੀ ਦੇ ਬਰਾਬਰੀ ਵਾਲੇ ਸਮਾਜ ਦੇ ਸੰਕਲਪ 'ਬੇਗਮਪੁਰਾ' 'ਤੇ ਰੌਸ਼ਨੀ ਪਾਈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਅਕਾਦਮਿਕ ਸੰਵਾਦ ਰਾਹੀਂ ਸਮਾਜਿਕ ਬਰਾਬਰੀ ਅਤੇ ਮਨੁੱਖੀ ਸਨਮਾਨ ਦੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਡਾ. ਐੱਸ.ਪੀ. ਸਿੰਘ ਓਬਰਾਏ ਨੇ ਗੁਰੂ ਸਾਹਿਬ ਦੇ ਫਲਸਫੇ ਵਿੱਚ ਮਨੁੱਖਤਾ ਦੇ ਮਹੱਤਵ ਬਾਰੇ ਚਰਚਾ ਕੀਤੀ। ਯੂਨੀਵਰਸਿਟੀ ਦੇ ਉਪਰਾਲਿਆਂ ਤੋਂ ਪ੍ਰਭਾਵਿਤ ਹੋ ਕੇ ਡਾ. ਓਬਰਾਏ ਨੇ 51 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ। ਪ੍ਰੋ. (ਡਾ.) ਸਰਬਜਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਰਵਿਦਾਸ ਜੀ ਦੇ ਅਧਿਆਤਮਿਕ ਸੰਦੇਸ਼ ਦੀ ਵਿਲੱਖਣਤਾ ਬਾਰੇ ਗੱਲ ਕੀਤੀ। ਡਾ. ਗੰਭੀਰ ਸਿੰਘ ਚੌਹਾਨ ਨੇ ਇੱਕ ਨੈਤਿਕ ਸਮਾਜ ਦੀ ਸਿਰਜਣਾ ਵਿੱਚ ਔਰਤਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਪ੍ਰੋ. (ਡਾ.) ਰੌਣਕੀ ਰਾਮ ਨੇ ਗੁਰੂ ਰਵਿਦਾਸ ਜੀ ਦੇ ਕਿਰਤ ਦੇ ਸੰਕਲਪ ਨੂੰ ਇੱਕ ਨਿਆਂਪੂਰਨ ਸਮਾਜ ਦੀ ਨੀਂਹ ਦੱਸਿਆ। ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ ਨੇ ਸਵਾਗਤੀ ਭਾਸ਼ਣ ਦਿੱਤਾ ਅਤੇ ਸੈਮੀਨਾਰ ਦੀ ਕਨਵੀਨਰ ਡਾ. ਸ਼ੈਫਾਲੀ ਬੇਦੀ ਨੇ ਮੌਜੂਦਾ ਸਮਾਜਿਕ ਚੁਣੌਤੀਆਂ ਦੇ ਹੱਲ ਲਈ ਗੁਰੂ ਸਾਹਿਬ ਦੇ ਵਿਚਾਰਾਂ ਦੀ ਪ੍ਰਸੰਗਿਕਤਾ ਬਾਰੇ ਦੱਸਿਆ। ਇਸ ਮੌਕੇ ਡਾ. ਪ੍ਰੇਰਨਾ ਸਿੰਘ ਦੀ ਪੁਸਤਕ The Unheard Voices: Children in Need of Care and Protection ਰਿਲੀਜ਼ ਕੀਤੀ ਗਈ ਅਤੇ ਯੂਨੀਵਰਸਿਟੀ ਦੀ ਨਵੀਂ ਵੈੱਬਸਾਈਟ ਵੀ ਲਾਂਚ ਕੀਤੀ ਗਈ। ਅੰਤ ਵਿੱਚ ਐਸੋਸੀਏਟ ਡੀਨ ਡਾ. ਅਮਿਤੋਜ ਸਿੰਘ ਨੇ ਸਭ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਡਾ. ਕਵਿਤਾ ਸਹਾਰਨ ਵੱਲੋਂ ਕੀਤਾ ਗਿਆ।

# ਤੇਜ਼ ਰਫ਼ਤਾਰ ਕਾਰ ਦੀ ਟੱਕਰ ਨਾਲ ਮੋਟਰਸਾਈਕਲ ਚਾਲਕ ਦੀ ਮੌਤ

**ਘੱਗਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਘੱਗਾ ਪੁਲਸ ਵੱਲੋਂ ਸੜਕ ਹਾਦਸੇ 'ਚ ਮਾਰੇ ਗਏ ਮੋਟਰਸਾਈਕਲ ਚਾਲਕ ਦੀ ਮੌਤ ਦੇ ਦੋਸ਼ਾਂ ਤਹਿਤ ਦੋਸ਼ੀ ਕਾਰ ਚਾਲਕ ਖ਼ਿਲਾਫ਼ ਕੇਸ ਦਰਜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ।

ਸ਼ਿਕਾਇਤ ਦਰਜ ਕਰਵਾਉਂਦਿਆਂ ਗੁਰਜੀਤ ਸਿੰਘ ਪੁੱਤਰ ਜਾਗਰ ਸਿੰਘ ਵਾਸੀ ਪਿੰਡ ਬਲਵੇੜਾ ਥਾਣਾ ਚੀਕਾ ਜ਼ਿਲ੍ਹਾ ਕੈਥਲ ਹਰਿਆਣਾ ਨੇ ਦੱਸਿਆ ਕਿ ਮਿਤੀ 19-4-2026 ਨੂੰ ਸ਼ਾਮੀਂ ਲਗਭਗ ਸਵਾ 7 ਵਜੇ ਦੇ ਕਰੀਬ ਉਸ ਦਾ ਭਰਾ ਸੁਰੇਸ਼ ਕੁਮਾਰ ਆਪਣੇ ਮੋਟਰਸਾਈਕਲ ਨੰਬਰ ਐੱਚ ਆਰ - 09 ਸੀ -2026 'ਤੇ ਸਵਾਰ ਹੋ ਕੇ ਅਨਾਜ ਮੰਡੀ ਘੱਗਾ ਨਜ਼ਦੀਕ ਜਾ ਰਿਹਾ ਸੀ। ਜਿਥੇ ਇਕ ਕਾਰ ਦੇ ਡਰਾਈਵਰ ਨੇ ਆਪਣੀ ਕਾਰ ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਨਾਲ ਲਿਆ ਕੇ ਉਸ ਦੇ ਭਰਾ ਵਿੱਚ ਮਾਰੀ । ਇਸ ਐਕਸੀਡੈਂਟ ਵਿਚ ਉਸ ਦੇ ਭਰਾ ਦੀ ਮੌਕੇ 'ਤੇ ਹੀ ਦਰਦਨਾਕ ਮੌਤ ਹੋ ਗਈ ।

ਪੁਲਸ ਨੇ ਪੀੜਤ ਦੇ ਬਿਆਨਾਂ 'ਤੇ ਕਥਿਤ ਕਾਰ ਨੰਬਰ ਪੀ ਬੀ -11 ਡੀ ਐੱਫ -4499 ਦੇ ਡਰਾਈਵਰ ਗੁਰਧਿਆਨ ਸਿੰਘ ਵਾਸੀ ਪਿੰਡ ਬੂਟਾ ਸਿੰਘ ਵਾਲਾ ਥਾਣਾ ਘੱਗਾ ਖਿਲਾਫ ਮੁਕੱਦਮਾ ਨੰਬਰ 34, ਮਿਤੀ 20-4-2026, ਧਾਰਾ 281,106, 324 ਬੀ ਐੱਨ ਐੱਸ ਤਹਿਤ ਥਾਣਾ ਘੱਗਾ ਵਿਖੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਤ੍ਰਿਪੜੀ ਵਿਖੇ ਲਗਾਇਆ ਗਿਆ ਮੁਫਤ ਆਈ ਸਕਰੀਨਿੰਗ ਕੈਂਪ

**ਪਟਿਆਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕੇ ਦੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸਿਵਲ ਸਰਜਨ ਪਟਿਆਲਾ ਡਾ.ਸ਼ੈਲੀ ਜੇਤਲੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਡਾ.ਪ੍ਰਨੀਤ ਕੌਰ ਦੀ ਅਗਵਾਈ ਵਿੱਚ ਦਸ਼ਮੇਸ਼ ਨਗਰ ਕਮਿਉਨਿਟੀ ਸੇਂਟਰ ਤ੍ਰਿਪੜੀ ਵਿਖੇ ਅੱਖਾਂ ਦਾ ਮੁਫਤ ਮੈਡੀਕਲ ਚੈਕਅੱਪ ਲਗਾਇਆ ਗਿਆ ਜਿਸ ਵਿੱਚ ਅੱਖਾਂ ਦੇ ਮਾਹਿਰ ਡਾ. ਕਮਲਦੀਪ ਸਿੰਘ ਵੱਲੋਂ ਮਰੀਜਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਇਸ ਕੈਂਪ ਵਿੱਚ 135 ਤੋਂ ਵੱਧ ਮਰੀਜਾ ਦੀ ਨਿਗ੍ਹਾ ਦੀ ਜਾਂਚ ਕੀਤੀ ਗਈ। 16 ਮਰੀਜਾਂ ਦੇ ਕੇਟਾਰੇਕਟ ਡਿਟੇਕਟ ਕੀਤਾ ਗਿਆ। ਮੌਕੇ ਤੇ ਮੌਜੂਦ 70 ਦੇ ਕਰੀਬ ਲੋੜਵੰਦ ਮਰੀਜਾਂ ਨੂੰ ਮੁਫਤ ਐਨਕਾਂ ਅਤੇ ਦਵਾਈਆਂ ਦੀ ਵੰਡ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆ ਐਸ.ਐਮ.ਓ ਡਾ.ਪ੍ਰਨੀਤ ਕੌਰ ਨੇ ਮਰੀਜਾਂ ਨੂੰ ਦੱਸਿਆ ਕਿ ਗਰਮੀ ਦੇ ਮੌਸਮ ਦੇ ਚਲਦਿਆਂ ਮਰੀਜ ਘਰੋਂ ਬਾਹਰ ਨਿਕਲਣ ਸਮੇਂ ਆਪਣੀ ਅੱਖਾਂ ਤੇ ਐਨਕਾਂ ਲਗਾ ਕੇ ਰੱਖਣ। ਉਹਨਾਂ ਕਿਹਾ ਕਿ ਮਰੀਜ ਹਰ ਛੇ ਮਹੀਨਾ ਬਾਦ ਆਪਣੀ ਅੱਖਾਂ ਦੀ ਜਾਂਚ ਜ਼ਰੂਰ ਕਰਵਾਉਣ। ਮਰੀਜ ਆਪਣੀ ਖੁਰਾਕ ਵਿੱਚ ਹਰੀਆਂ ਸਬਜੀਆਂ, ਦੁੱਧ, ਦਹੀ, ਫਲ ਆਦਿ ਦਾ ਇਸਤਮਾਲ ਕਰਨ ਤਾਂ ਕਿ ਉਹਨਾਂ ਦੀ ਅੱਖਾਂ ਦੀ ਨਿਗ੍ਹਾ ਠੀਕ ਰਹੇ। ਇਸ ਮੌਕੇ ਵੇਦ ਸ਼੍ਰੀ ਵੇਦ ਕਪੂਰ, ਸ਼੍ਰੀ ਚਰਨਜੀਤ ਸਿੰਘ, ਸ਼੍ਰੀਮਤੀ ਜਤਿੰਦਰ ਕੌਰ ਅਤੇ ਸਿਹਤ ਕਰਮਚਾਰੀ ਮੌਜੂਦ ਸਨ।

# ਖੇਤਾਂ ਵਿੱਚ ਪਈ ਤੂੜੀ ਅੱਗ ਲੱਗਣ ਕਾਰਨ ਸੜ ਕੇ ਹੋਈ ਸੁਆਹ

**ਘੱਗਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਿਆਨਕ ਅੱਗ ਲੱਗਣ ਨਾਲ ਖੇਤਾਂ ਵਿੱਚ ਪਈ 10 ਟਰਾਲੀਆਂ ਦੇ ਕਰੀਬ ਤੂੜੀ ਸੜ ਕੇ ਸੁਆਹ ਹੋ ਗਈ ।

ਪ੍ਰਾਪਤ ਜਾਣਕਾਰੀ ਅਨੁਸਾਰ ਕੁਲਵੰਤ ਸਿੰਘ ਪੁੱਤਰ ਗੁਰਜੀਤ ਸਿੰਘ ਵਾਸੀ ਬਾਦਸ਼ਾਹਪੁਰ ਮੰਡੀ ਉਗੋਕੇ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅੱਜ ਉਨ੍ਹਾਂ ਨੇ 10 ਟਰਾਲੀਆਂ ਦੇ ਕਰੀਬ ਤੂੜੀ ਤਿਆਰ ਕਰਵਾਈ ਸੀ। ਜੋ ਖੇਤ ਵਿੱਚ ਹੀ ਪਈ ਸੀ ਅਤੇ ਦੋ ਟਰਾਲੀਆਂ ਦੇ ਕਰੀਬ ਤਿਆਰ ਕਰਵਾਉਣੀ ਬਾਕੀ ਰਹਿੰਦੀ ਸੀ । ਲੇਬਰ ਨੂੰ ਕੰਮ ਹੋਣ ਕਾਰਨ ਅੱਜ ਉਹ ਵਿੱਚੋਂ ਹਟ ਕੇ ਚਲੇ ਗਏ । ਜਿਸ ਕਾਰਨ ਤੂੜੀ ਅੰਦਰ ਨਾ ਸੁੱਟੀ ਗਈ। ਜਿਸ ਕਾਰਨ ਇਹ ਹਾਦਸਾ ਵਾਪਰਿਆ । ਮੌਕੇ 'ਤੇ ਪਹੁੰਚੀ ਫਾਇਰ ਬਰਗੇਡ ਦੀ ਗੱਡੀ ਵੱਲੋਂ ਅੱਗ 'ਤੇ ਕਾਬੂ ਪਾਇਆ ਗਿਆ । ਪਰ ਅੱਗ ਇੰਨੀ ਜ਼ਿਆਦਾ ਤੇਜ਼ੀ ਨਾਲ ਫੈਲੀ ਕਿ ਪਲਾਂ ਵਿੱਚ ਤੂੜੀ ਸੜ ਕੇ ਸੁਆਹ ਹੋ ਗਈ ।

ਅੱਗ ਦੇ ਕਾਰਨਾਂ ਬਾਰੇ ਦੱਸਦਿਆਂ ਕੁਲਵੰਤ ਸਿੰਘ ਨੇ ਦੱਸਿਆ ਕਿ ਇਹ ਅੱਗ ਕਿਸੇ ਸ਼ਰਾਰਤੀ ਅਨਸਰ ਦੀ ਗਲਤੀ ਕਾਰਨ ਬੀੜੀ ਸਿਗਰਟ ਤੋਂ ਲੱਗੀ ਹੋ ਸਕਦੀ ਹੈ।

# ਕੇਦਾਰਨਾਥ ਮੰਦਰ ਵਿੱਚ ਮੋਬਾਈਲ 'ਤੇ ਪੂਰੀ ਪਾਬੰਦੀ, ਨਿਯਮ ਤੋੜਨ ਵਾਲਿਆਂ 'ਤੇ ਕਾਰਵਾਈ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰਾਖੰਡ ਦੇ ਪ੍ਰਸਿੱਧ ਧਾਰਮਿਕ ਸਥਾਨ ਕੇਦਾਰਨਾਥ ਮੰਦਰ ਵਿੱਚ ਮੰਦਰ ਪ੍ਰਸ਼ਾਸਨ ਵੱਲੋਂ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਮਹੱਤਵਪੂਰਨ ਫੈਸਲਾ ਲਿਆ ਗਿਆ ਹੈ। ਹੁਣ ਮੰਦਰ ਦੇ ਅੰਦਰ ਮੋਬਾਈਲ ਫੋਨ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਹੈ। ਮੰਦਰ ਕਮੇਟੀ ਦੇ ਅਨੁਸਾਰ, ਸ਼ਰਧਾਲੂਆਂ ਨੂੰ ਮੰਦਰ ਪ੍ਰੰਗਣ ਵਿੱਚ ਮੋਬਾਈਲ ਲੈ ਕੇ ਜਾਣ, ਫੋਟੋਆਂ ਖਿੱਚਣ, ਵੀਡੀਓ ਬਣਾਉਣ ਜਾਂ ਸੋਸ਼ਲ ਮੀਡੀਆ ਲਈ ਰੀਲਾਂ ਤਿਆਰ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਪ੍ਰਸ਼ਾਸਨ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਮੰਦਰ ਵਿੱਚ ਤਾਇਨਾਤ ਅਧਿਕਾਰੀ ਨਿਯਮਾਂ ਦੀ ਪਾਲਨਾ ਯਕੀਨੀ ਬਣਾਉਣਗੇ ਅਤੇ ਪਾਬੰਦੀਸ਼ੁਦਾ ਖੇਤਰਾਂ ਵਿੱਚ ਮੋਬਾਈਲ ਮਿਲਣ 'ਤੇ ਉਹਨਾਂ ਨੂੰ ਜ਼ਬਤ ਵੀ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ, ਕੇਦਾਰਨਾਥ ਯਾਤਰਾ ਦੌਰਾਨ ਵਧ ਰਹੀ ਭੀੜ ਨੂੰ ਦੇਖਦਿਆਂ ਪੁਲੀਸ ਵੱਲੋਂ ਟਰੈਫਿਕ ਪ੍ਰਬੰਧਾਂ ਨੂੰ ਲੈ ਕੇ ਵੀ ਵਿਆਪਕ ਤਿਆਰੀ ਕੀਤੀ ਗਈ ਹੈ। ਮੁੱਖ ਮਾਰਗਾਂ ਅਤੇ ਸੰਪਰਕ ਸੜਕਾਂ 'ਤੇ ਵਾਹਨਾਂ ਦੀ ਸੁਚਾਰੂ ਆਵਾਜਾਈ ਲਈ ਵਾਧੂ ਪੁਲੀਸ ਬਲ ਤਾਇਨਾਤ ਕੀਤਾ ਜਾਵੇਗਾ। ਯਾਤਰੀਆਂ ਦੀ ਸਹੂਲਤ ਲਈ ਯਾਤਰਾ ਮਾਰਗਾਂ 'ਤੇ ਪੱਕੇ ਅਤੇ ਅਸਥਾਈ ਪਾਰਕਿੰਗ ਸਥਾਨਾਂ ਦੀ ਵੀ ਵਿਵਸਥਾ ਕੀਤੀ ਗਈ ਹੈ, ਤਾਂ ਜੋ ਟਰੈਫਿਕ ਜਾਮ ਤੋਂ ਬਚਿਆ ਜਾ ਸਕੇ। ਮੰਦਰ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਇਸ ਫੈਸਲੇ ਨਾਲ ਸ਼ਰਧਾਲੂ ਭਗਤੀ ਅਤੇ ਧਾਰਮਿਕ ਕਰਮਾਂ ਵੱਲ ਵੱਧ ਧਿਆਨ ਕੇਂਦ੍ਰਿਤ ਕਰ ਸਕਣਗੇ। ਹਾਲ ਹੀ ਵਿੱਚ ਮੰਦਰ ਅੰਦਰ ਬਣੀਆਂ ਕੁਝ ਵੀਡੀਓਜ਼ ਦੇ ਵਾਇਰਲ ਹੋਣ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ ਹੈ, ਜਿਸਨੂੰ ਧਾਰਮਿਕ ਵਰਗਾਂ ਵੱਲੋਂ ਵੀ ਸਮਰਥਨ ਮਿਲ ਰਿਹਾ ਹੈ।

# ਪੁਨੀਤ ਗੁਪਤਾ ਗੋਪੀ ਵੱਲੋਂ ਮੈਡੀਕਲ ਸੁਪਰਡੈਂਟ ਡਾ. ਗੋਇਲ ਸਨਮਾਨਿਤ

**ਪਟਿਆਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਘੇ ਸਮਾਜ-ਸੇਵਕ ਤੇ ਹਰ ਸਮੇਂ ਜ਼ਰੂਰਤਮੰਦਾਂ ਦੀ ਮਦਦ ਕਰਨ ਵਾਲੇ ਪੁਨੀਤ ਗੁਪਤਾ ਗੋਪੀ ਨੇ ਮਾਤਾ ਕੌਸ਼ਲਿਆ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਵਿਕਾਸ ਗੋਇਲ ਨੂੰ ਉਨ੍ਹਾਂ ਦੀਆਂ ਬਿਹਤਰੀਨ ਸੇਵਾਵਾਂ ਲਈ ਸਨਮਾਨਤ ਕੀਤਾ। ਇਸ ਮੌਕੇ ਪੁਨੀਤ ਗੁਪਤਾ ਨੇ ਕਿਹਾ ਕਿ ਮੈਡੀਕਲ ਸਪੁਰਡੈਂਟ ਡਾ. ਵਿਕਾਸ ਗੋਇਲ ਵੱਲੋਂ ਆਪਣੀਆਂ ਸੇਵਾਵਾਂ ਵਧੀਆਂ ਤਰੀਕੇ ਨਾਲ ਨਿਭਾਈਆਂ ਜਾ ਰਹੀਆਂ ਹਨ।

ਸਿਹਤ ਇਕ ਮਹੱਤਵਪੂਰਨ ਵਿਭਾਗ ਹੈ, ਕਿਉਂਕਿ ਜ਼ਿਆਦਾਤਰ ਜ਼ਰੂਰਤਮੰਦ ਇਲਾਜ ਲਈ ਸਰਕਾਰੀ ਵਿਭਾਗਾਂ ਚ ਹੀ ਆਉਂਦੇ ਹਨ। ਇਸ ਲਈ ਮਾਤਾ ਕੌਸ਼ਲਿਆ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਵਿਕਾਸ ਗੋਇਲ ਨੇ ਹਮੇਸ਼ਾ ਲੋਕਾਂ ਸੇਵਾ 'ਚ ਹਾਜ਼ਰ ਰਹਿੰਦੇ ਹਨ । ਡਾ. ਵਿਕਾਸ ਗੋਇਲ ਨੇ ਕਿਹਾ ਕਿ ਉਨ੍ਹਾਂ ਵੱਲੋਂ ਹਮੇਸ਼ਾ ਆਪਣਾ ਫਰਜ਼ ਨਿਭਾਇਆ ਹੈ। ਉਨ੍ਹਾਂ ਪੁਨੀਤ ਗੁਪਤਾ ਗੋਪੀ ਦਾ ਧੰਨਵਾਦ ਵੀ ਕੀਤਾ।

# ਨਗਰ ਨਿਗਮ ਸਵੀਪਰ ਯੂਨੀਅਨ ਦੀ ਚੋਣ ਆਯੋਜਿਤ

**ਪਟਿਆਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ 8:00 ਵਜੇ ਤੋਂ 5:00 ਵਜੇ ਤੱਕ ਨਗਰ ਨਿਗਮ ਸਵੀਪਰ ਯੂਨੀਅਨ ਦੀ ਚੋਣ ਹੋਈ। ਜਿਸ ਵਿੱਚ ਇੱਕ ਪਾਸੇ ਬੱਬੂ ਸੇਲਵਾਨ ਜਿਨ੍ਹਾਂ ਦਾ ਚੋਣ ਨਿਸ਼ਾਨ ਤ੍ਰਿਸ਼ੂਲ ਸੀ ਅਤੇ ਦੂਜੇ ਪਾਸੇ ਸ਼ਮੀ ਸੋਦੇ ਜਿਹਨਾਂ ਦਾ ਚੋਣ ਨਿਸ਼ਾਨ ਸ਼ੇਰ ਸੀ। ਜਿਹੜੀਆਂ 18—04—2026 ਨੂੰ ਵੋਟਿੰਗ ਹੋਈ। ਜਿਸ ਦਾ ਰਿਜਲਟ 18—04—2026 ਨੂੰ ਸ਼ਾਮ 6:00 ਵਜੇ ਆਇਆ। ਜਿਸ ਵਿੱਚ ਬਾਬੂ ਰਾਮ ਸੇਲਬਾਨ ਨੇ ਟੋਟਲ 811 ਵਿਚੋਂ 573 ਵੋਟਾਂ ਬਾਬੂ ਰਾਮ ਸੇਲਵਾਨ ਅਤੇ ਸ਼ਮੀ ਸੋਦੇ ਨੂੰ 234 ਵੋਟਾਂ ਪਈਆਂ। ਬਾਬੂ ਪ੍ਰਧਾਨ 339 ਵੋਟਾਂ ਨਾਲ ਜੇਤੂ ਰਹੇ। ਜਿਸ ਵਿੱਚ ਬੱਬੂ ਪ੍ਰਧਾਨ ਬਹੁਤ ਵੱਡੀ ਲੀਡ ਨਾਲ ਰਿਕਾਰਡ ਤੋੜ ਵੋਟਾਂ ਨਾਲ ਜੇਤੂ ਰਹੇ। ਜਿਸ ਵਿੱਚ ਪ੍ਰਧਾਨ ਨੇ ਮੁਲਾਜਮਾਂ ਅਤੇ ਪਟਿਆਲਾ ਸ਼ਹਿਰ ਦੇ ਆਪਣੇ ਸਮਾਜ ਦੇ ਪ੍ਰਧਾਨ ਦਿਵਾਉਣ ਦਾ ਅਤੇ ਆਪਣੀ ਸਾਰੀ ਟੀਮ ਦਾ ਤਹਿ ਦਿਲੋ ਧੰਨਵਾਦ ਕੀਤਾ ਗਿਆ।

ਵਿਸ਼ੇਸ਼ ਤੌਰ ਤੇ ਡਾ. ਬੀ.ਆਰ. ਅੰਬੇਡਕਰ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਸੋਨੂੰ ਸੇਸਵਾਲ, ਵਾਇਸ ਪ੍ਰਧਾਨ ਅਮਰਜੀਤ, ਮੋਨੂੰ ਰੱਖੜਾ ਜੀ, ਅਮਨਦੀਪ (ਬਾਦਲ) ਦਾ ਧੰਨਵਾਦ ਕੀਤਾ ਗਿਆ ਅਤੇ ਧੀਰੋ ਨਗਰ ਤੋਂ ਹੈਪੀ ਲੋਹਟ, ਸੰਜੇ ਕਲੋਨੀ ਤੋਂ ਪਵਨ ਭੂਮਕ ਜੀ ਤੇ ਕੈਲੀਰੀਕਲ ਯੂਨੀਅਨ ਦੇ ਪ੍ਰਧਾਨ ਕੇਵਲ ਕ੍ਰਿਸ਼ਨ ਜੀ ਅਤੇ ਉਨ੍ਹਾਂ ਟੀਮ ਦਾ ਧੰਨਵਾਦ ਕੀਤਾ ਗਿਆ ਤੇ ਡਰਾਇਵਰ ਯੂਨੀਅਨ ਦੇ ਪ੍ਰਧਾਨ ਸੀਤਾ ਰਾਮ ਦਾ ਵਿਸ਼ੇਸ਼ ਤੌਰ ਤੇ ਬੱਬੂ ਪ੍ਰਧਾਨ ਵੱਲੋਂ ਸਾਰੀਆਂ ਜਥੇਬੰਦੀਆਂ ਤੇ ਮੁਲਾਜਮਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ।

ਪ੍ਰਧਾਨ ਕਰਮਜੀਤ ਲਚਕਾਣੀ, ਚੇਅਰਮੈਨ ਅਜੇ ਚੌਧਰੀ, ਸੁਨਿਲ ਗਾਗਟ ਨਾਭਾ ਜਿਲ੍ਹਾ ਪ੍ਰਧਾਨ ਪਟਿਆਲਾ, ਅਜੇ ਹੰਸ ਦਾ ਵੀ ਵਿਸ਼ੇਸ਼ ਤੌਰ ਤੇ ਬੱਬੂ ਪ੍ਰਧਾਨ ਅਤੇ ਟੀਮ ਵੱਲੋਂ ਧੰਨਵਾਦ ਕੀਤਾ।

# 1984 ਸਿੱਖ ਕਤਲੇਆਮ 'ਚ ਸੱਜਣ ਕੁਮਾਰ ਦੀ ਅਪੀਲ 'ਤੇ ਜੁਲਾਈ 'ਚ ਸੁਣਵਾਈ ਕਰੇਗਾ ਸੁਪਰੀਮ ਕੋਰਟ

## 7 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਸਾਬਕਾ ਕਾਂਗਰਸੀ ਆਗੂ ਦੀ ਪਤਨੀ ਦੀ ਬਿਮਾਰੀ ਦਾ ਦਿੱਤਾ ਹਵਾਲਾ

**ਨਵੀਂ ਦਿੱਲੀ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿੱਚ ਦੋਸ਼ੀ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਉਸ ਪਟੀਸ਼ਨ 'ਤੇ ਜੁਲਾਈ ਵਿੱਚ ਸੁਣਵਾਈ ਕਰਨ ਲਈ ਸਹਿਮਤੀ ਜਤਾਈ ਹੈ, ਜਿਸ ਵਿੱਚ ਉਸ ਨੇ ਆਪਣੀ ਸਜ਼ਾ ਨੂੰ ਚੁਣੌਤੀ ਦਿੱਤੀ ਹੈ। ਅਦਾਲਤ ਨੂੰ ਦੱਸਿਆ ਗਿਆ ਕਿ ਦੋਸ਼ੀ ਪਹਿਲਾਂ ਹੀ ਸੱਤ ਸਾਲ ਤੋਂ ਵੱਧ ਸਮਾਂ ਜੇਲ੍ਹ ਵਿੱਚ ਕੱਟ ਚੁੱਕਾ ਹੈ। 80 ਸਾਲਾ ਸੱਜਣ ਕੁਮਾਰ 31 ਦਸੰਬਰ, 2018 ਤੋਂ ਜੇਲ੍ਹ ਵਿੱਚ ਹੈ, ਜਦੋਂ ਉਸ ਨੇ ਦਿੱਲੀ ਹਾਈ ਕੋਰਟ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਆਤਮ ਸਮਰਪਣ ਕੀਤਾ ਸੀ।

ਇਹ ਮਾਮਲਾ ਦੱਖਣੀ-ਪੱਛਮੀ ਦਿੱਲੀ ਦੀ ਪਾਲਮ ਕਾਲੋਨੀ ਦੇ ਨਗਰ ਪਾਰਟ-1 ਇਲਾਕੇ ਨਾਲ ਸਬੰਧਤ ਹੈ, ਜਿੱਥੇ 1-2 ਨਵੰਬਰ 1984 ਨੂੰ ਪੰਜ ਸਿੱਖਾਂ ਦਾ ਕਤਲ ਕਰ ਦਿੱਤਾ ਗਿਆ ਸੀ ਅਤੇ ਰਾਜ ਨਗਰ ਪਾਰਟ-2 ਵਿੱਚ ਇੱਕ ਗੁਰਦੁਆਰਾ ਸਾਹਿਬ ਨੂੰ ਅੱਗ ਲਗਾ ਦਿੱਤੀ ਗਈ ਸੀ। ਦੱਸਣਯੋਗ ਹੈ ਕਿ ਦਿੱਲੀ ਹਾਈ ਕੋਰਟ ਨੇ ਹੇਠਲੀ ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਬਰੀ ਕਰਨ ਦੇ ਫੈਸਲੇ ਨੂੰ ਉਲਟਾਉਂਦੇ ਹੋਏ ਉਸ ਨੂੰ ਦੋਸ਼ੀ ਕਰਾਰ ਦਿੱਤਾ ਸੀ। ਇਸ ਤੋਂ ਇਲਾਵਾ, 25 ਫਰਵਰੀ 2025 ਨੂੰ ਦਿੱਲੀ ਦੀ ਇੱਕ ਹੋਰ ਅਦਾਲਤ ਨੇ ਸਰਸਵਤੀ ਵਿਹਾਰ ਇਲਾਕੇ ਵਿੱਚ ਪਿਓ-ਪੁੱਤ ਦੇ ਕਤਲ ਦੇ ਮਾਮਲੇ ਵਿੱਚ ਵੀ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਅਦਾਲਤ ਵਿੱਚ ਸੱਜਣ ਕੁਮਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਗੋਪਾਲ ਸ਼ੰਕਰਨਾਰਾਇਣਨ ਨੇ ਜਸਟਿਸ ਜੇ.ਕੇ. ਮਾਹੇਸ਼ਵਰੀ ਅਤੇ ਜਸਟਿਸ ਅਤੁਲ ਐਸ. ਚਾਂਦੂਰਕਰ ਦੇ ਬੈਂਚ ਅੱਗੇ ਦਲੀਲ ਦਿੱਤੀ ਕਿ ਕੁਮਾਰ ਪਿਛਲੇ ਸੱਤ ਸਾਲਾਂ ਅਤੇ ਚਾਰ ਮਹੀਨਿਆਂ ਤੋਂ ਜੇਲ੍ਹ ਵਿੱਚ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ ਕੁਮਾਰ ਨੇ ਕਦੇ ਪੈਰੋਲ ਜਾਂ ਕਿਸੇ ਹੋਰ ਰਾਹਤ ਦੀ ਮੰਗ ਨਹੀਂ ਕੀਤੀ। ਵਕੀਲ ਨੇ ਭਾਵੁਕ ਪੱਖ ਰੱਖਦਿਆਂ ਕਿਹਾ ਕਿ ਸੱਜਣ ਕੁਮਾਰ ਦੀ ਪਤਨੀ ਦੀ ਸਿਹਤ ਬਹੁਤ ਖਰਾਬ ਹੈ ਅਤੇ ਉਹ ਹਿੱਲਣ-ਜੁਲਣ ਤੋਂ ਅਸਮਰੱਥ ਹੈ, ਜਿਸ ਕਾਰਨ ਕੁਮਾਰ ਤਿਹਾੜ ਜੇਲ੍ਹ ਜਾਣ ਤੋਂ ਬਾਅਦ ਇੱਕ ਵਾਰ ਵੀ ਆਪਣੀ ਪਤਨੀ ਨੂੰ ਨਹੀਂ ਮਿਲ ਸਕਿਆ।

ਬੈਂਚ ਨੇ ਇਨ੍ਹਾਂ ਦਲੀਲਾਂ ਨੂੰ ਨੋਟ ਕਰਦਿਆਂ ਸੱਜਣ ਕੁਮਾਰ ਦੀ ਅਪੀਲ 'ਤੇ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਜੁਲਾਈ ਦੇ ਆਖਰੀ ਹਫ਼ਤੇ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਭੜਕੇ ਸਿੱਖ ਵਿਰੋਧੀ ਦੰਗਿਆਂ ਵਿੱਚ ਲਗਭਗ 3,000 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸਿੱਖ ਸਨ। ਸੱਜਣ ਕੁਮਾਰ ਦੀ ਇਹ ਅਪੀਲ ਦਿੱਲੀ ਹਾਈ ਕੋਰਟ ਦੇ ਉਸ 2013 ਦੇ ਫੈਸਲੇ ਵਿਰੁੱਧ ਹੈ ਜਿਸ ਨੇ ਉਸ ਦੀ ਬਰੀਅਤ ਨੂੰ ਸਜ਼ਾ ਵਿੱਚ ਬਦਲ ਦਿੱਤਾ ਸੀ।

**ਪੰਜਾਬ ਦੀ ਸਿਆਸਤ ਵਿੱਚ ਵੱਡਾ ਉਲਟਫੇਰ**

# ਰਾਘਵ ਚੱਢਾ ਅਤੇ ਸੰਦੀਪ ਪਾਠਕ 'ਆਪ' ਛੱਡ ਕੇ ਭਾਜਪਾ ਵਿੱਚ ਸ਼ਾਮਲ

**ਨਵੀਂ ਦਿੱਲੀ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਦੀ ਸਿਆਸਤ ਵਿੱਚ ਅੱਜ ਵੱਡੀ ਹਲਚਲ ਦੇਖਣ ਨੂੰ ਮਿਲੀ ਹੈ। ਆਮ ਆਦਮੀ ਪਾਰਟੀ ਦੇ ਦੋ ਦਿੱਗਜ਼ ਆਗੂਆਂ ਰਾਘਵ ਚੱਢਾ ਅਤੇ ਸੰਦੀਪ ਪਾਠਕ ਨੇ ਪਾਰਟੀ ਤੋਂ ਅਸਤੀਫਾ ਦੇ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਇਸ ਘਟਨਾ ਨੂੰ ਪੰਜਾਬ ਦੀਆਂ ਆਉਣ ਵਾਲੀਆਂ ਚੋਣਾਂ ਦੇ ਲਿਹਾਜ਼ ਨਾਲ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਇਹ ਦੋਵੇਂ ਆਗੂ ਪਾਰਟੀ ਦੀ ਰਣਨੀਤੀ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਸਨ।

ਉਨ੍ਹਾਂ ਦੇ ਇਸ ਕਦਮ ਨਾਲ ਜਿੱਥੇ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ, ਉੱਥੇ ਹੀ ਭਾਜਪਾ ਪੰਜਾਬ ਵਿੱਚ ਆਪਣੀ ਸਥਿਤੀ ਮਜ਼ਬੂਤ ਹੁੰਦੀ ਦੇਖ ਰਹੀ ਹੈ।

# ਕੇਂਦਰ ਸਰਕਾਰ ਨੇ ਲਾਰੈਂਸ ਆਫ ਪੰਜਾਬ ਵੈੱਬ ਸੀਰੀਜ਼ 'ਤੇ ਰੋਕ ਲਗਾਈ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਸਰਕਾਰ ਨੇ ਲਾਰੈਂਸ ਆਫ ਪੰਜਾਬ ਵੈੱਬ ਸੀਰੀਜ਼ 'ਤੇ ਰੋਕ ਲਗਾ ਦਿੱਤੀ ਹੈ। ਇਸ ਦੀ ਗੱਲ ਦੀ ਜਾਣਕਾਰੀ ਅੱਜ ਕੇਂਦਰੀ ਸੂਚਨਾ ਮੰਤਰਾਲੇ ਨੇ ਪੰਜਾਬ-ਹਰਿਆਣਾ ਹਾਈਕੋਰਟ ਵਿੱਚ ਸਾਂਝੀ ਕੀਤੀ ਹੈ। ਦਰਅਸਲ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੀਵਨ 'ਤੇ ਆਧਾਰਿਤ ਇਸ ਸੀਰੀਜ਼ ਦੀ ਰਿਲੀਜ਼ 'ਤੇ ਰੋਕ ਲਗਾਉਣ ਦੀ ਮੰਗ ਨੂੰ ਲੈ ਕੇ ਹਾਈ ਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ ਦਾਖਲ ਕੀਤੀ ਸੀ। ਪਟੀਸ਼ਨ 'ਤੇ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਲਾਰੈਂਸ ਆਫ ਪੰਜਾਬ 'ਤੇ ਪਾਬੰਦੀ ਵਾਲਾ ਪੱਤਰ ਸਾਂਝਾ ਕੀਤਾ ਹੈ।

ਉੱਥੇ ਹੀ ਬੀਤੇ ਦਿਨ ਪੰਜਾਬ ਪੁਲੀਸ ਨੇ ਵੀ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਇਸ ਵੈੱਬ ਸੀਰੀਜ਼ ਉੱਤੇ ਰੋਕ ਲਗਾਏ ਜਾਣ ਦੀ ਮੰਗ ਕੀਤੀ ਸੀ। ਸਾਈਬਰ ਕ੍ਰਾਈਮ ਦੇ ਸਪੈਸ਼ਲ ਡੀਜੀਪੀ ਨੇ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਇਸ ਵੈੱਬ ਸੀਰੀਜ਼ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਜ਼ਿੰਦਗੀ ਅਤੇ ਸਿੱਧੂ ਮੂਸੇਵਾਲਾ ਦੇ ਕਤਲ ਵਰਗੀਆਂ ਅਪਰਾਧਿਕ ਵਾਰਦਾਤਾਂ ਨੂੰ ਦਿਖਾਇਆ ਜਾਣਾ ਹੈ। ਇਸ ਸੀਰੀਜ਼ ਵਿੱਚ ਇਹ ਵੀ ਦਿਖਾਇਆ ਜਾਵੇਗਾ ਕਿ ਕਿਵੇਂ ਉਹ (ਲਾਰੈਂਸ) ਇੱਕ ਵਿਦਿਆਰਥੀ ਆਗੂ ਤੋਂ ਅਪਰਾਧ ਦੀ ਦੁਨੀਆ ਦੇ ਸਿਖਰ ਤੱਕ ਪਹੁੰਚਿਆ। ਪੱਤਰ 'ਚ ਕਿਹਾ ਗਿਆ ਸੀ ਕਿ ਇਸ ਵੈੱਬ ਸੀਰੀਜ਼ ਨੂੰ ਲੈ ਕੇ ਸਮਾਜ ਦੇ ਵੱਖ-ਵੱਖ ਵਰਗਾਂ 'ਚ ਤਿੱਖਾ ਪ੍ਰਤੀਕਰਮ ਹੈ ਅਤੇ ਵੈੱਬ ਸੀਰੀਜ਼ 'ਚ ਅਪਰਾਧ ਨੂੰ ਵਡਿਆਇਆ ਗਿਆ ਹੈ, ਜਿਸ ਦਾ ਨੌਜਵਾਨਾਂ 'ਤੇ ਮਾੜਾ ਅਸਰ ਪਵੇਗਾ।ਚੇਤੇ ਰਹੇ ਕਿ ਓ ਟੀ ਟੀ ਪਲੇਟਫਾਰਮ ਜ਼ੀ ਫਾਈਵ (ZEEE) 'ਤੇ 27 ਅਪਰੈਲ ਨੂੰ 'ਲਾਰੈਂਸ ਆਫ਼ ਪੰਜਾਬ' ਵੈੱਬ ਸੀਰੀਜ਼ ਰਿਲੀਜ਼ ਹੋਣ ਵਾਲੀ ਸੀ।

# 'ਇਹ ਘਟੀਆ ਸੂਝ-ਬੂਝ ਦਾ ਪ੍ਰਤੀਕ': ਭਾਰਤ ਨੇ ਟਰੰਪ ਵੱਲੋਂ ਸਾਂਝੀ ਕੀਤੀ 'ਨਰਕ' ਵਾਲੀ ਟਿੱਪਣੀ ਦਾ ਦਿੱਤਾ ਜਵਾਬ

## ਅਮਰੀਕੀ ਰੇਡੀਓ ਹੋਸਟ ਦੀ ਵਿਵਾਦਤ ਪੋਸਟ ਰਾਸ਼ਟਰਪਤੀ ਟਰੰਪ ਨੇ ਕੀਤੀ ਸੀ ਰੀ-ਪੋਸਟ; ਭਾਰਤ ਨੇ ਟਿੱਪਣੀ ਨੂੰ ਦੱਸਿਆ 'ਗੁੰਮਰਾਹਕੁੰਨ' ਤੇ 'ਅਣਉਚਿਤ'

**ਨਵੀਂ ਦਿੱਲੀ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਇੱਕ ਵਿਵਾਦਤ ਪੋਸਟ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਇਸ ਪੋਸਟ ਵਿੱਚ ਭਾਰਤ ਅਤੇ ਕੁਝ ਹੋਰ ਦੇਸ਼ਾਂ ਲਈ 'ਨਰਕ' (Hellholes) ਵਰਗੇ ਇਤਰਾਜ਼ਯੋਗ ਸ਼ਬਦਾਂ ਦੀ ਵਰਤੋਂ ਕੀਤੀ ਗਈ ਸੀ। ਭਾਰਤ ਨੇ ਇਸ ਟਿੱਪਣੀ ਨੂੰ 'ਘਟੀਆ ਸੂਝ-ਬੂਝ' ਵਾਲੀ ਅਤੇ 'ਅਣਉਚਿਤ' ਕਰਾਰ ਦਿੱਤਾ ਹੈ। ਇਹ ਸਾਰਾ ਵਿਵਾਦ ਅਮਰੀਕੀ ਰੇਡੀਓ ਹੋਸਟ ਮਾਈਕਲ ਸੇਵੇਜ ਵੱਲੋਂ ਜਨਮ ਦੇ ਅਧਾਰ 'ਤੇ ਮਿਲਣ ਵਾਲੀ ਨਾਗਰਿਕਤਾ (Birthright Citizenship) ਬਾਰੇ ਸੁਪਰੀਮ ਕੋਰਟ ਦੇ ਇੱਕ ਕੇਸ 'ਤੇ ਚਰਚਾ ਦੌਰਾਨ ਸ਼ੁਰੂ ਹੋਇਆ।

ਸੇਵੇਜ ਨੇ ਤਰਕ ਦਿੱਤਾ ਸੀ ਕਿ ਕੁਝ ਪਰਵਾਸੀ ਅਮਰੀਕੀ ਕਾਨੂੰਨਾਂ ਦਾ ਨਾਜਾਇਜ਼ ਫ਼ਾਇਦਾ ਉਠਾਉਂਦੇ ਹਨ ਅਤੇ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਦਿਵਾਉਣ ਲਈ ਗਰਭ ਅਵਸਥਾ ਦੇ ਆਖਰੀ ਦਿਨਾਂ ਵਿੱਚ ਅਮਰੀਕਾ ਪਹੁੰਚਦੇ ਹਨ। ਇਸ ਦੌਰਾਨ ਉਨ੍ਹਾਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਦਾ ਨਾਮ ਲੈਂਦਿਆਂ ਇਨ੍ਹਾਂ ਨੂੰ 'ਧਰਤੀ ਦੇ ਨਰਕ' ਕਹਿ ਕੇ ਸੰਬੋਧਨ ਕੀਤਾ।



ਰਾਸ਼ਟਰਪਤੀ ਡੋਨਲਡ ਟਰੰਪ ਨੇ ਇਨ੍ਹਾਂ ਅਪਮਾਨਜਨਕ ਟਿੱਪਣੀਆਂ ਨੂੰ ਆਪਣੇ ਸੋਸ਼ਲ ਮੀਡੀਆ ਖਾਤੇ 'ਤੇ ਰੀ-ਪੋਸਟ ਕਰਕੇ ਮੁੜ ਹਵਾ ਦਿੱਤੀ, ਜਿਸ ਕਾਰਨ ਭਾਰਤ ਦੇ ਕੂਟਨੀਤਕ ਹਲਕਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਭਾਰਤੀ ਵਿਦੇਸ਼ ਮੰਤਰਾਲੇ ਨਾਲ ਜੁੜੇ ਸੂਤਰਾਂ ਅਨੁਸਾਰ, ਅਜਿਹੇ ਗੈਰ-ਜ਼ਿੰਮੇਵਾਰਾਨਾ ਬਿਆਨ ਦੋਵਾਂ ਦੇਸ਼ਾਂ ਦੇ ਮਜ਼ਬੂਤ ਸਬੰਧਾਂ ਦੀ ਮਰਿਆਦਾ ਦੇ ਖ਼ਿਲਾਫ਼ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਚੋਣਾਂ ਜਾਂ ਕਾਨੂੰਨੀ ਬਹਿਸਾਂ ਦੌਰਾਨ ਅਕਸਰ ਅਜਿਹੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਇੱਕ ਰਾਸ਼ਟਰਪਤੀ ਵੱਲੋਂ ਅਜਿਹੀਆਂ ਟਿੱਪਣੀਆਂ ਨੂੰ ਅੱਗੇ ਵਧਾਉਣਾ ਕੌਮਾਂਤਰੀ ਸਬੰਧਾਂ ਵਿੱਚ ਕੁੜੱਤਣ ਪੈਦਾ ਕਰ ਸਕਦਾ ਹੈ। ਭਾਰਤ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਜਿਹੀਆਂ ਗੁੰਮਰਾਹਕੁੰਨ ਧਾਰਨਾਵਾਂ ਨੂੰ ਸਵੀਕਾਰ ਨਹੀਂ ਕਰੇਗਾ।

# ਕੇਜਰੀਵਾਲ ਕੇਂਦਰ ਵੱਲੋਂ ਅਲਾਟ ਕੀਤੇ ਬੰਗਲੇ ਵਿੱਚ ਹੋਏ ਸ਼ਿਫਟ

**ਨਵੀਂ ਦਿੱਲੀ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸ਼ੁੱਕਰਵਾਰ ਨੂੰ ਲੋਧੀ ਐਸਟੇਟ ਦੇ ਬੰਗਲਾ ਨੰਬਰ 95 (ਟਾਈਪ-VII) ਵਿੱਚ ਸ਼ਿਫਟ ਹੋ ਗਏ ਹਨ। ਪਾਰਟੀ ਮੁਤਾਬਕ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਇਹ ਸਰਕਾਰੀ ਰਿਹਾਇਸ਼ ਅਲਾਟ ਕੀਤੀ ਹੈ।

ਐਕਸ 'ਤੇ ਇੱਕ ਪੋਸਟ ਵਿੱਚ ਕੇਜਰੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਵਜੋਂ ਉਨ੍ਹਾਂ ਦੇ ਅਹੁਦੇ ਨੂੰ ਦੇਖਦੇ ਹੋਏ, ਅਦਾਲਤ ਦੇ ਨਿਰਦੇਸ਼ਾਂ ਤੋਂ ਬਾਅਦ ਕੇਂਦਰ ਨੇ ਹਾਲ ਹੀ ਵਿੱਚ ਉਨ੍ਹਾਂ ਨੂੰ ਇਹ ਬੰਗਲਾ ਅਲਾਟ ਕੀਤਾ ਸੀ।

ਕੇਜਰੀਵਾਲ ਨੇ ਕਿਹਾ, ਪਿਛਲੇ ਦਿਨੀਂ ਅਦਾਲਤ ਦੇ ਹੁਕਮਾਂ 'ਤੇ ਕੇਂਦਰ ਸਰਕਾਰ ਨੇ ਮੈਨੂੰ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਵਜੋਂ ਇੱਕ ਘਰ ਅਲਾਟ ਕੀਤਾ ਹੈ। ਮੈਂ ਹੁਣ ਆਪਣੇ ਪਰਿਵਾਰ ਸਮੇਤ ਉਸ ਘਰ ਵਿੱਚ ਸ਼ਿਫਟ ਹੋ ਗਿਆ ਹਾਂ।

ਟਾਈਪ-VII ਬੰਗਲੇ ਦੀ ਇਹ ਅਲਾਟਮੈਂਟ ਪਿਛਲੇ ਸਾਲ ਅਕਤੂਬਰ ਵਿੱਚ ਕੀਤੀ ਗਈ ਸੀ, ਜਿਸ ਤੋਂ ਬਾਅਦ 'ਆਪ' ਨੇ ਪੁਸ਼ਟੀ ਕੀਤੀ ਸੀ ਕਿ ਕੇਜਰੀਵਾਲ 95, ਲੋਧੀ ਐਸਟੇਟ ਵਾਲੀ ਰਿਹਾਇਸ਼ ਵਿੱਚ ਰਹਿਣ ਲਈ ਜਾਣਗੇ।

ਪਾਰਟੀ ਨੇ ਉਸ ਸਮੇਂ ਦੱਸਿਆ ਸੀ ਕਿ ਦਿੱਲੀ ਹਾਈ ਕੋਰਟ ਵੱਲੋਂ ਇਸ ਮਾਮਲੇ 'ਤੇ ਕੇਂਦਰ ਸਰਕਾਰ ਨੂੰ ਲਗਾਈ ਗਈ ਫਟਕਾਰ ਤੋਂ ਬਾਅਦ ਹੀ ਇਹ ਅਲਾਟਮੈਂਟ ਹੋਈ ਹੈ। ਕੇਜਰੀਵਾਲ ਮੁੱਖ ਮੰਤਰੀ ਹੁੰਦਿਆਂ ਸਿਵਲ ਲਾਈਨਜ਼ ਦੇ 6, ਫਲੈਗ ਸਟਾਫ ਰੋਡ ਵਾਲੇ ਘਰ ਵਿੱਚ ਰਹਿੰਦੇ ਸਨ। ਸਤੰਬਰ 2024 ਵਿੱਚ ਅਸਤੀਫ਼ਾ ਦੇਣ ਤੋਂ ਬਾਅਦ, ਉਹ 'ਆਪ' ਦੇ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਦੇ ਸਰਕਾਰੀ ਬੰਗਲੇ ਵਿੱਚ ਸ਼ਿਫਟ ਹੋ ਗਏ ਸਨ।

# ਪੁਲਿਸ ਨੇ ਲਾਪਰਵਾਹੀ ਨਾਲ ਵਾਹਨ ਚਲਾਉਣ ਅਤੇ ਜਾਨੀ ਨੁਕਸਾਨ ਪਹੁੰਚਾਉਣ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ

**ਲੁਧਿਆਣਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਲੇਰਕੋਟਲਾ ਰੋਡ 'ਤੇ ਸਥਿਤ ਗ੍ਰੀਨ ਵੁੱਡ ਢਾਬੇ ਦੇ ਨਜ਼ਦੀਕ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਨੇ ਇੱਕ ਹੱਸਦਾ-ਖੇਡਦਾ ਪਰਿਵਾਰ ਉਜਾੜ ਦਿੱਤਾ ਹੈ। ਇੱਕ ਤੇਜ਼ ਰਫ਼ਤਾਰ ਟਿੱਪਰ ਦੀ ਲਪੇਟ ਵਿੱਚ ਆਉਣ ਕਾਰਨ ਇੱਕ ਨੌਜਵਾਨ ਦੀ ਦਰਦਨਾਕ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ ਅਤੇ ਪੀੜਤ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਅਹਿਮਦਗੜ੍ਹ ਦੇ ਅਜੀਮਾਬਾਦ ਵਾਸੀ ਰਵੀ ਮੁਹੰਮਦ ਨੇ ਦੱਸਿਆ ਕਿ ਉਸ ਦਾ ਭਰਾ ਦਿਲਸ਼ਾਦ ਮੁਹੰਮਦ ਆਪਣੀ ਬਰੀਜ਼ਾ ਕਾਰ ਵਿੱਚ ਜਾ ਰਿਹਾ ਸੀ। ਇਸ ਦੌਰਾਨ ਮੁਲਜ਼ਮ ਲਖਵਿੰਦਰ ਸਿੰਘ ਨੇ ਆਪਣੇ ਟਿੱਪਰ ਨੂੰ ਬੇਹੱਦ ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਨਾਲ ਚਲਾਉਂਦਿਆਂ ਕਾਰ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਦਿਲਸ਼ਾਦ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਹਸਪਤਾਲ ਲਿਜਾਂਦੇ ਸਮੇਂ ਤੋੜਿਆ ਦਮ ਹਾਦਸੇ ਤੋਂ ਤੁਰੰਤ ਬਾਅਦ ਜ਼ਖ਼ਮੀ ਨੌਜਵਾਨ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ, ਪਰ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਦਿਲਸ਼ਾਦ ਮੁਹੰਮਦ ਨੇ ਰਸਤੇ ਵਿੱਚ ਹੀ ਦਮ ਤੋੜ ਦਿੱਤਾ। ਨੌਜਵਾਨ ਪੁੱਤ ਦੀ ਮੌਤ ਦੀ ਖ਼ਬਰ ਮਿਲਦਿਆਂ ਹੀ ਘਰ ਵਿੱਚ ਮਾਤਮ ਛਾ ਗਿਆ। ਪਰਿਵਾਰਕ ਮੈਂਬਰਾਂ ਅਨੁਸਾਰ ਦਿਲਸ਼ਾਦ ਦੇ ਜਾਣ ਨਾਲ ਉਨ੍ਹਾਂ ਦੇ ਜੀਵਨ ਵਿੱਚ ਅਜਿਹਾ ਖਲਾਅ ਪੈਦਾ ਹੋ ਗਿਆ ਹੈ ਜੋ ਕਦੇ ਨਹੀਂ ਭਰਿਆ ਜਾ ਸਕਦਾ। ਪੁਲਿਸ ਵੱਲੋਂ ਕੇਸ ਦਰਜ ਮਾਮਲੇ ਦੀ ਜਾਂਚ ਕਰ ਰਹੇ ਅਧਿਕਾਰੀ ਧਰਮ ਸਿੰਘ ਨੇ ਦੱਸਿਆ ਕਿ ਰਵੀ ਮੁਹੰਮਦ ਦੇ ਬਿਆਨਾਂ ਦੇ ਆਧਾਰ 'ਤੇ ਟਿੱਪਰ ਚਾਲਕ ਲਖਵਿੰਦਰ ਸਿੰਘ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਜੇਲ੍ਹ ਮੰਤਰੀ ਵੱਲੋਂ ਪਟਿਆਲਾ ਸੈਂਟਰਲ ਜੇਲ੍ਹ ਵਿਖੇ ਉਜਾਲਾ ਨਰਸਰੀ ਅਤੇ ਨਵੀਂ ਲਾਇਬ੍ਰੇਰੀ ਦਾ ਉਦਘਾਟਨ

**ਪਟਿਆਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸੰਸਦੀ ਮਾਮਲਿਆਂ, ਐਨ.ਆਰ.ਆਈ. ਮਾਮਲਿਆਂ ਅਤੇ ਜੇਲ੍ਹਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਸੈਂਟਰਲ ਜੇਲ੍ਹ ਪਟਿਆਲਾ ਦਾ ਵਿਸ਼ੇਸ਼ ਦੌਰਾ ਕਰਦਿਆਂ ਜੇਲ੍ਹ ਪ੍ਰਬੰਧਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ।

ਇਸ ਮੌਕੇ ਉਨ੍ਹਾਂ ਉਜਾਲਾ ਨਰਸਰੀ ਅਤੇ ਨਵੀਂ ਤਿਆਰ ਕੀਤੀ ਗਈ ਜੇਲ੍ਹ ਲਾਇਬ੍ਰੇਰੀ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਉਜਾਲਾ ਨਰਸਰੀ ਦਾ ਮਕਸਦ ਕੈਦੀਆਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਵਧਾਉਣਾ ਅਤੇ ਉਨ੍ਹਾਂ ਨੂੰ ਰਚਨਾਤਮਕ ਗਤੀਵਿਧੀਆਂ ਨਾਲ ਜੋੜਨਾ ਹੈ। ਨਵੀਂ ਲਾਇਬ੍ਰੇਰੀ ਕੈਦੀਆਂ ਨੂੰ ਸਿੱਖਿਆ ਅਤੇ ਜਾਣਕਾਰੀ ਪ੍ਰਾਪਤ ਕਰਨ ਦੇ ਵਧੀਆ ਮੌਕੇ ਪ੍ਰਦਾਨ ਕਰੇਗੀ, ਜਿਸ ਨਾਲ ਉਹ ਆਪਣੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆ ਸਕਣਗੇ। ਜੇਲ੍ਹ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਜੇਲ੍ਹਾਂ ਨੂੰ ਸੁਧਾਰ ਅਤੇ ਪੁਨਰਵਾਸ ਦੇ ਕੇਂਦਰਾਂ ਵਿੱਚ ਤਬਦੀਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇਲ੍ਹਾਂ ਨੂੰ ਨਸ਼ਾ-ਮੁਕਤ ਬਣਾਉਣਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ ਅਤੇ ਇਸ ਦਿਸ਼ਾ ਵਿੱਚ ਜੇਲ੍ਹ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਉਨ੍ਹਾਂ ਸ਼ਲਾਘਾ ਕੀਤੀ। ਆਪਣੇ ਦੌਰੇ ਦੌਰਾਨ ਮੰਤਰੀ ਨੇ ਜੇਲ੍ਹ ਹਸਪਤਾਲ, ਬੈਰਕਾਂ ਅਤੇ ਆਮ ਆਦਮੀ ਕਲੀਨਿਕ ਸਮੇਤ ਵੱਖ-ਵੱਖ ਇਕਾਈਆਂ ਦੀ ਜਾਂਚ ਕੀਤੀ ਅਤੇ ਕੈਦੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।

# ਚੰਡੀਗੜ੍ਹ ਟ੍ਰੈਫਿਕ ਪੁਲਿਸ ਨੇ ਔਬਸਟ੍ਰਕਟਿਵ ਸਲੀਪ ਐਪਨੀਆ 'ਤੇ ਵਰਕਸ਼ਾਪ ਦਾ ਆਯੋਜਨ ਕੀਤਾ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਟ੍ਰੈਫਿਕ ਪੁਲਿਸ ਨੇ ਅੱਜ ਟ੍ਰੈਫਿਕ ਲਾਇਨਸ, ਸੈਕਟਰ 29, ਯੂ.ਟੀ. ਚੰਡੀਗੜ੍ਹ ਵਿਖੇ ÷ਔਬਸਟ੍ਰਕਟਿਵ ਸਲੀਪ ਐਪਨੀਆ ਦਾ ਸਾਇਲੈਂਟ ਬਰਡਨ ਵਿਸ਼ੇ 'ਤੇ ਵਰਕਸ਼ਾਪ ਆਯੋਜਿਤ ਕੀਤੀ। ਇਹ ਸੈਸ਼ਨ ਡਾ. ਸੰਦੀਪ ਬਾਂਸਲ, ਪ੍ਰੋਫੈਸਰ ਅਤੇ ਇੰਚਾਰਜ ਸਲੀਪ ਲੈਬ, ਈਐੱਨਟੀ ਵਿਭਾਗ, ਪੀਜੀਆਈਐੱਮਈਆਰ, ਚੰਡੀਗੜ੍ਹ, ਅਤੇ ਇੰਡੀਅਨ ਐਸੋਸੀਏਸ਼ਨ ਆਵ? ਸਰਜਨਜ਼ ਫੌਰ ਸਲੀਪ ਐਪਨੀਆ (ਏਐੱਸਐੱਸਏ/ASSA) ਦੇ ਪ੍ਰਧਾਨ ਦੇ ਤਾਲਮੇਲ ਨਾਲ ਆਯੋਜਿਤ ਕੀਤਾ ਗਿਆ। ਇਸ ਵਿੱਚ ਕੁੱਲ 93 ਡ੍ਰਾਇਵਰਾਂ ਅਤੇ ਟ੍ਰੈਫਿਕ ਕਰਮੀਆਂ ਨੇ ਹਿੱਸਾ ਲਿਆ।

ਡਾ. ਬਾਂਸਲ ਨੇ ਸਲੀਪ ਐਪਨੀਆ ਦੇ ਕਾਰਨਾਂ, ਸਿਹਤ ਜੋਖਮਾਂ ਅਤੇ ਰੋਕਥਾਮ ਉਪਾਵਾਂ 'ਤੇ ਚਾਨਣਾ ਪਾਇਆ, ਅਤੇ ਹੋਰ ਸਲਾਹ-ਮਸ਼ਵਰੇ ਲਈ ਪੀਜੀਆਈਐੱਮਈਆਰ ਹੈਲਪਲਾਇਨ ਅਤੇ ਓਪੀਡੀ ਵੇਰਵੇ ਸਾਂਝੇ ਕੀਤੇ। ਇਸ ਪਹਿਲ ਦਾ ਉਦੇਸ਼ ਡ੍ਰਾਇਵਰਾਂ ਅਤੇ ਟ੍ਰੈਫਿਕ ਕਰਮੀਆਂ ਦੇ ਦਰਮਿਆਨ ਜਾਗਰੂਕਤਾ ਵਧਾਉਣਾ ਹੈ, ਜੋ ਸੜਕ ਸੁਰੱਖਿਆ ਅਤੇ ਪਬਲਿਕ ਹੈਲਥ ਵਿੱਚ ਸੁਧਾਰ ਕਰਨ ਵਿੱਚ ਯੋਗਦਾਨ ਪਾਉਂਦੀ ਹੈ।

# ਪੰਜਾਬ ਪੁਲਿਸ ਦਾ 'ਸੰਪਰਕ ਅਭਿਆਨ' ਨੌਜਵਾਨਾਂ ਨੂੰ ਗੈਂਗਸਟਰਾਂ ਦੀ ਹਨ੍ਹੇਰੀ ਦੁਨੀਆਂ 'ਚ ਸ਼ਾਮਲ ਹੋਣ ਦੇ ਮਾਰੂ ਪ੍ਰਭਾਵਾਂ ਤੋਂ ਜਾਗਰੂਕ ਕਰਵਾ ਰਿਹੈ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤਾ ਗਿਆ 'ਸੰਪਰਕ ਅਭਿਆਨ'—ਜਿਸ ਤਹਿਤ ਪੁਲਿਸ ਮੁਲਾਜ਼ਮ ਸੂਬੇ ਦੇ ਵਸਨੀਕਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਦੇ ਹਨ ਅਤੇ ਉਨ੍ਹਾਂ ਦਾ ਹੱਲ ਕਰਦੇ ਹਨ। ਇਸ ਦੇ ਨਾਲ ਹੀ ਕਮਿਊਨਿਟੀ ਪੁਲਿਸਿੰਗ ਨੂੰ ਉਤਸ਼ਾਹਿਤ ਕਰਕੇ ਨਸ਼ਿਆਂ ਦੀ ਸਮੱਸਿਆ ਨੂੰ ਨਜਿੱਠਣ ਵਾਲਾ ਇਹ ਅਭਿਆਨ ਹੁਣ ਨੌਜਵਾਨਾਂ ਨੂੰ ਗੈਂਗਸਟਰਾਂ ਦੀ 'ਹਨ੍ਹੇਰੀ ਦੁਨੀਆ' ਬਾਰੇ ਜਾਗਰੂਕ ਕਰਨ ਲਈ ਇੱਕ ਖੁੱਲ੍ਹਾ ਸੰਵਾਦ ਮੰਚ ਬਣਦਾ ਜਾ ਰਿਹਾ ਹੈ। ਜ਼ਿਲ੍ਹਿਆਂ, ਪਿੰਡਾਂ ਅਤੇ ਸ਼ਹਿਰਾਂ ਦੇ ਪੱਧਰ 'ਤੇ ਨਿਯਮਿਤ ਸੰਵਾਦ ਨਾਲ ਪੁਲਿਸ ਨੂੰ ਨੌਜਵਾਨਾਂ ਨਾਲ ਖੁੱਲ੍ਹ ਕੇ ਗੱਲਬਾਤ ਕਰਨ ਦਾ ਮੌਕਾ ਮਿਲਿਆ ਹੈ, ਜਿਸ ਨਾਲ ਉਨ੍ਹਾਂ ਨੂੰ ਇਹ ਸਮਝਾਉਣ ਵਿੱਚ ਸਫ਼ਲਤਾ ਮਿਲੀ ਹੈ ਕਿ ਗੈਂਗ ਕਿਵੇਂ ਨੌਜਵਾਨ ਪੀੜ੍ਹੀ ਨੂੰ ਆਪਣੇ ਜਾਲ ਵਿੱਚ ਫਸਾ ਕੇ ਉਨ੍ਹਾਂ ਦਾ ਭਵਿੱਖ ਖ਼ਰਾਬ ਕਰਦੇ ਹਨ।

ਪੰਜਾਬ ਸਰਕਾਰ ਵੱਲੋਂ ਸਮਰਥਿਤ 'ਗੈਂਗਸਟਰਾਂ 'ਤੇ ਵਾਰ' ਅਭਿਆਨ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਪੁਲਿਸ ਨੇ ਪਾਇਆ ਹੈ ਕਿ ਗੈਂਗਸਟਰ ਨੌਜਵਾਨਾਂ ਨੂੰ ਛੇਤੀ ਅਤੇ ਸੁਖਾਲੇ ਢੰਗ ਨਾਲ ਪੈਸਾ ਕਮਾਉਣ, ਪਦਾਰਥਕ ਸੁੱਖ-ਸੁਵਿਧਾਵਾਂ ਜਾਂ ਵਿਦੇਸ਼ ਵਿੱਚ ਵਸਾਉਣ ਦੇ ਝੂਠੇ ਵਾਅਦਿਆਂ ਰਾਹੀਂ ਅਪਰਾਧ ਵਿੱਚ ਸ਼ਾਮਲ ਹੋਣ ਲਈ ਲੁਭਾਉਂਦੇ ਹਨ—ਜੋ ਅਸਲ ਵਿੱਚ ਇੱਕ ਭਰਮ ਹੁੰਦਾ ਹੈ, ਜਿਸਨੂੰ ਕਈ ਨੌਜਵਾਨ ਸ਼ੁਰੂ ਵਿੱਚ ਸਮਝ ਨਹੀਂ ਪਾਉਂਦੇ।

ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਕਿਹਾ ਕਿ ਇਹ ਸੈਸ਼ਨ ਨੌਜਵਾਨਾਂ ਨੂੰ ਇਨ੍ਹਾਂ ਮਾਰੂ ਖ਼ਤਰਿਆਂ ਦੀ ਸਪੱਸ਼ਟ ਤਸਵੀਰ ਦਿਖਾ ਰਹੇ ਹਨ —ਜਿਸਦਾ ਜ਼ਮੀਨੀ ਪੱਧਰ 'ਤੇ ਮਜ਼ਬੂਤ ਪ੍ਰਭਾਵ ਵੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਨੇ ਕਿਹਾ, ਨੌਜਵਾਨ ਆਪਣੇ ਭਵਿੱਖ ਦਾ ਨਿਰਮਾਣ ਕਰਨ ਅਤੇ ਸੂਬੇ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦੀ ਸਮਰੱਥ ਹਨ। ਪਰ ਅਸੀਂ ਵੇਖਿਆ ਹੈ ਕਿ ਉਹ ਬੜੀ ਆਸਾਨੀ ਨਾਲ ਗੁੰਮਰਾਹ ਹੋ ਜਾਂਦੇ ਹਨ। ਜਿਹੜੇ ਲੋਕ ਇਨ੍ਹਾਂ ਨੈੱਟਵਰਕਾਂ ਨੂੰ ਚਲਾਉਂਦੇ ਹਨ ਅਕਸਰ ਉਹ ਆਪ ਦੂਰ ਰਹਿਕੇ ਭਰਤੀ ਕੀਤੇ ਨੌਜਵਾਨਾਂ ਤੋਂ ਅਪਰਾਧ ਕਰਵਾਉਂਦੇ ਹਨ, ਜਿਨ੍ਹਾਂ ਦੇ ਨਤੀਜੇ ਉਹਨਾਂ ਨੂੰ ਭਵਿੱਖ ਵਿੱਚ ਭੁਗਤਣੇ ਪੈਂਦੇ ਹਨ। ਇਸ ਲਈ ਜ਼ਰੂਰੀ ਹੈ ਕਿ ਨੌਜਵਾਨ ਸਮੇਂ ਸਿਰ ਇਸ ਜਾਲ ਨੂੰ ਪਛਾਣਨ ਅਤੇ ਇਸ ਤੋਂ ਫਾਸਲਾ ਬਣਾ ਕੇ ਰੱਖਣ।

ਕੰਵਲਜੀਤ ਕੌਰ, ਜਿਸਨੇ ਹਾਲ ਵਿੱਚ ਹੀ ਇੱਕ ਸੈਸ਼ਨ ਵਿੱਚ ਭਾਗ ਲਿਆ ਸੀ, ਨੇ ਇਸਨੂੰ ਅੱਖਾਂ ਖੋਲ੍ਹਣ ਵਾਲਾ ਅਨੁਭਵ ਦੱਸਿਆ। ਉਸਨੇ ਕਿਹਾ, ਇਸ ਨਾਲ ਸਾਨੂੰ ਸਮਝ ਆਈ ਕਿ ਗੈਂਗ ਕਿਵੇਂ ਭਾਵੁਕ ਨੌਜਵਾਨਾਂ ਦਾ ਫ਼ਾਇਦਾ ਚੁੱਕਦੇ ਹਨ।

ਅੰਤ ਵਿੱਚ ਖ਼ਤਰਾ ਉਸੇ ਵਿਅਕਤੀ ਨੂੰ ਝੱਲਣਾ ਪੈਂਦਾ ਹੈ ਜੋ ਇਸ ਵਿੱਚ ਸ਼ਾਮਲ ਹੁੰਦਾ ਹੈ। ਅਜਿਹੇ ਸੈਸ਼ਨ ਜਾਰੀ ਰਹਿਣੇ ਚਾਹੀਦੇ ਹਨ। ਪਿਛਲੇ ਸਾਲ ਸ਼ੁਰੂ ਕੀਤੀ ਗਈ ਇਸ ਪਹਿਲ ਨੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਲੋਕਾਂ ਲਈ ਪੁਲਿਸ ਨਾਲ ਜੁੜਨ, ਆਪਣੀਆਂ ਸਮੱਸਿਆਵਾਂ ਤੇ ਚਿੰਤਾਵਾਂ ਸਾਂਝੀਆਂ ਕਰਨ ਅਤੇ ਆਸਾਨੀ ਨਾਲ ਆਪਣੀ ਗੱਲ ਰੱਖਣ ਦੇ ਯੋਗ ਬਣਾਇਆ ਹੈ। ਸਮੇਂ ਦੇ ਨਾਲ ਇਹ ਸਿੱਧਾ ਸੰਵਾਦ ਕਮਿਊਨਿਟੀਆਂ ਨੂੰ ਸੁਰੱਖਿਅਤ ਰੱਖਣ ਲਈ ਸਾਂਝੀ ਜ਼ਿੰਮੇਵਾਰੀ ਦੀ ਭਾਵਨਾ ਵੀ ਵਿਕਸਿਤ ਕਰ ਰਿਹਾ ਹੈ।

ਇਹ ਅਭਿਆਨ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਨੂੰ ਵੀ ਮਜ਼ਬੂਤੀ ਦੇ ਰਿਹਾ ਹੈ, ਜਿਸ ਵਿੱਚ ਲੋਕਾਂ ਤੋਂ ਮਿਲੀ ਸੂਹ/ਜਾਣਕਾਰੀ ਪੁਲਿਸ ਨੂੰ ਸਥਾਨਕ ਚੁਣੌਤੀਆਂ ਨੂੰ ਬਿਹਤਰ ਸਮਝਣ ਵਿੱਚ ਮਦਦ ਕਰ ਰਹੀ ਹੈ । ਸੀਨੀਅਰ ਅਧਿਕਾਰੀਆਂ ਅਤੇ ਫੀਲਡ ਕਰਮਚਾਰੀਆਂ ਨੇ ਵਿਦਿਆਰਥੀਆਂ, ਪਿੰਡਾਂ ਦੇ ਸਰਪੰਚਾਂ ਅਤੇ ਪਰਿਵਾਰਾਂ ਨਾਲ ਗੱਲਬਾਤ ਕਰਕੇ ਨਾ ਸਿਰਫ਼ ਅਪਰਾਧ, ਬਲਕਿ ਵਿਅਕਤੀਆਂ ਅਤੇ ਸਮਾਜ 'ਤੇ ਉਸਦੇ ਡੂੰਘੇ ਪ੍ਰਭਾਵਾਂ ਬਾਰੇ ਵੀ ਚਰਚਾ ਕੀਤੀ ਹੈ।

ਜਿਵੇਂ-ਜਿਵੇਂ ਇਹ ਸੈਸ਼ਨ ਦੂਰ-ਦੁਰਾਡੇ ਦੇ ਖੇਤਰਾਂ ਤੱਕ ਪਹੁੰਚ ਰਹੇ ਹਨ, ਲੋਕਾਂ ਦੀ ਪ੍ਰਤੀਕਿਰਿਆ ਵਿੱਚ ਵੀ ਸਪੱਸ਼ਟ ਬਦਲਾਅ ਨਜ਼ਰ ਆ ਰਿਹਾ ਹੈ। ਕਈ ਲੋਕ ਅੱਗੇ ਆ ਕੇ ਇਸ ਪਹਿਲ ਦੀ ਸਰਾਹਨਾ ਕਰ ਰਹੇ ਹਨ ਅਤੇ ਅਜਿਹੇ ਪ੍ਰਭਾਵਾਂ ਤੋਂ ਸਾਵਧਾਨ ਰਹਿਣ ਦੀ ਮਹੱਤਤਾ ਨੂੰ ਸਵੀਕਾਰ ਰਹੇ ਹਨ।

ਇਸ ਸਾਲ ਜਨਵਰੀ ਤੋਂ ਹੁਣ ਤੱਕ 28 ਜ਼ਿਲ੍ਹਿਆਂ ਵਿੱਚ 2800 ਤੋਂ ਵੱਧ ਅਜਿਹੇ ਸੈਸ਼ਨ ਕਰਵਾਏ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਹਰ ਉਮਰ ਵਰਗ ਦੇ ਲੋਕਾਂ ਨੇ ਹਿੱਸਾ ਲਿਆ। ਸਕਾਰਾਤਮਕ ਪ੍ਰਤੀਕਿਰਿਆ ਨਾਲ ਪੁਲਿਸ ਨੂੰ ਇਹ ਕੋਸ਼ਿਸ਼ਾਂ ਹੋਰ ਵਧਾਉਣ ਲਈ ਉਤਸ਼ਾਹ ਮਿਲਿਆ ਹੈ।

# ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ ਦਾ ਪਹਿਲਾ ਕਨਵੋਕੇਸ਼ਨ ਉਤਸ਼ਾਹ ਅਤੇ ਮਾਣ ਨਾਲ ਮਨਾਇਆ

## ਰਾਜਪਾਲ ਪੰਜਾਬ ਵਲੋਂ ਕਨਵੋਕੇਸ਼ਨ ਦੌਰਾਨ,125 ਪੋਸਟ ਗ੍ਰੈਜੂਏਟ ਅਤੇ 435 ਅੰਡਰਗ੍ਰੈਜੂਏਟ ਡਿਗਰੀਆਂ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀਆਂ ਗਈਆਂ

**ਸ੍ਰੀ ਹਰਗੋਬਿੰਦਪੁਰ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ ਦਾ ਪਹਿਲਾ ਕਨਵੋਕੇਸ਼ਨ ਬਹੁਤ ਉਤਸ਼ਾਹ ਅਤੇ ਮਾਣ ਨਾਲ ਮਨਾਇਆ ਗਿਆ।ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਐਸ. ਕੇ. ਮਿਸ਼ਰਾ ਦੀ ਸੂਝਵਾਨ ਅਗਵਾਈ ਹੇਠ ਇਹ ਇਤਿਹਾਸਕ ਮੌਕਾ ਯੂਨੀਵਰਸਿਟੀ ਦੇ ਸਫ਼ਰ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਸੀ ਅਤੇ ਵਿਦਿਆਰਥੀਆਂ ਦੇ ਅਕਾਦਮਿਕ ਉੱਤਮਤਾ, ਨਵੀਨਤਾ ਅਤੇ ਸੰਪੂਰਨ ਵਿਕਾਸ ਪ੍ਰਤੀ ਇਸਦੀ ਵਚਨਬੱਧਤਾ ਨੂੰ ਦਰਸਾਉਂਦਾ ਸੀ

ਇਸ ਸਮਾਰੋਹ ਦੀ ਪ੍ਰਧਾਨਗੀ ਮਾਣਯੋਗ ਚਾਂਸਲਰ, ਪੰਜਾਬ ਦੇ ਮਾਣਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਕੀਤੀ। ਇਸ ਸਮਾਗਮ ਵਿੱਚ ਮਾਣਯੋਗ ਮੰਤਰੀ ਸ਼੍ਰੀ ਲਾਲ ਚੰਦ ਕਟਾਰੂਚੱਕ (ਜੰਗਲਾਤ ਅਤੇ ਜੰਗਲੀ ਜੀਵ, ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ), ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਬਟਾਲਾ ਸ਼੍ਰੀ ਅਮਨ ਸ਼ੇਰ ਸਿੰਘ ਕਲਸੀ, ਵਿਧਾਇਕ ਬਾਬਾ ਬਕਾਲਾ ਸ਼੍ਰੀ ਦਲਬੀਰ ਸਿੰਘ ਟੌਂਗ, ਸ਼੍ਰੀ ਮੋਨੀਸ਼ ਕੁਮਾਰ, ਡਾਇਰੈਕਟਰ ਤਕਨੀਕੀ ਸਿੱਖਿਆ, ਪੰਜਾਬ ਸਰਕਾਰ ਸਮੇਤ ਕਈ ਉੱਘੀਆਂ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।ਡਾ. ਰਾਜੀਵ ਸੂਦ, ਵਾਈਸ ਚਾਂਸਲਰ, ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਫਰੀਦਕੋਟ, ਸ਼੍ਰੀ ਅਨੁਰਾਗ ਕੁੰਡੂ ਜੀ, ਮੈਂਬਰ ਪੰਜਾਬ ਵਿਕਾਸ ਕਮਿਸ਼ਨ, ਸ਼੍ਰੀ ਜਗਰੂਪ ਸਿੰਘ ਸੇਖਵਾਂ, ਡਿਪਟੀ ਕਮਿਸ਼ਨਰ ਗੁਰਦਾਸਪੁਰ, ਸ਼੍ਰੀ ਆਦਿਤਿਆ ਉੱਪਲ ਅਤੇ ਸ਼੍ਰੀ ਆਦਿਤਿਆ, ਐਸਐਸਪੀ, ਸਮੇਤ ਰਾਜ ਭਰ ਤੋਂ ਆਏ ਹੋਰ ਪਤਵੰਤੇ ਮਹਿਮਾਨ ਸ਼ਾਮਲ ਹੋਏ।ਆਪਣੇ ਸੰਬੋਧਨ ਵਿੱਚ, ਮਾਣਯੋਗ ਚਾਂਸਲਰ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਮਾਪਿਆਂ ਦੇ ਆਪਣੇ ਬੱਚਿਆਂ ਨੂੰ ਸਹੀ ਦਿਸ਼ਾ ਅਤੇ ਕਦਰਾਂ-ਕੀਮਤਾਂ ਦੇਣ ਦੇ ਸੁਹਿਰਦ ਯਤਨਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਦਿਆਰਥੀਆਂ ਦੇ ਚਰਿੱਤਰ ਅਤੇ ਭਵਿੱਖ ਨੂੰ ਘੜਨ ਵਿੱਚ ਮਾਪਿਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਫੈਕਲਟੀ ਮੈਂਬਰਾਂ ਦੀ ਉਨ੍ਹਾਂ ਦੇ ਸਮਰਪਣ ਅਤੇ ਵਚਨਬੱਧਤਾ ਲਈ ਵੀ ਪ੍ਰਸ਼ੰਸਾ ਕੀਤੀ। ਇਸ ਤੋਂ ਇਲਾਵਾ, ਉਨ੍ਹਾਂ ਨੇ ਡਾ. ਐਸ. ਕੇ. ਮਿਸ਼ਰਾ ਦੀ ਸ਼ਾਨਦਾਰ ਅਗਵਾਈ ਅਤੇ ਯੂਨੀਵਰਸਿਟੀ ਦੇ ਅਕਾਦਮਿਕ ਵਾਤਾਵਰਣ ਨੂੰ ਮਜ਼ਬੂਤ ਕਰਨ ਵਿੱਚ ਨਿਰੰਤਰ ਯਤਨਾਂ ਦੇ ਨਾਲ-ਨਾਲ ਸਥਾਨਕ ਖੇਤਰਾਂ ਅਤੇ ਪੰਜਾਬ ਰਾਜ ਭਰ ਵਿੱਚ ਸਮਾਜਿਕ ਕੰਮਾਂ ਪ੍ਰਤੀ ਉਨ੍ਹਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ

ਤਕਨੀਕੀ ਤਰੱਕੀ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਨੇ ਟਿੱਪਣੀ ਕੀਤੀ ਕਿ ਤਕਨਾਲੋਜੀ ਤੇਜ਼ੀ ਨਾਲ ਵਧ ਰਹੀ ਹੈ ਅਤੇ ਵਿਦਿਆਰਥੀਆਂ ਨੂੰ ਆਧੁਨਿਕ ਦੁਨੀਆ ਵਿੱਚ ਪ੍ਰਤੀਯੋਗੀ ਬਣੇ ਰਹਿਣ ਲਈ ਉੱਨਤ ਏ.ਆਈ ਪ੍ਰਣਾਲੀਆਂ ਦੇ ਨਾਲ-ਨਾਲ ਵਧਣ ਲਈ ਉਤਸ਼ਾਹਿਤ ਕੀਤਾ।ਕੈਬਨਿਟ ਮੰਤਰੀ ਸ਼੍ਰੀ ਲਾਲ ਚੰਦ ਕਟਾਰੂਚੱਕ ਨੇ ਆਪਣੇ ਸੰਬੋਧਨ ਦੌਰਾਨ ਸਿੱਖਿਆ ਵਿੱਚ ਉੱਤਮਤਾ ਨੂੰ ਉਤਸ਼ਾਹਿਤ ਕਰਨ ਅਤੇ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਲਈ ਡਾ. ਐਸ. ਕੇ. ਮਿਸ਼ਰਾ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਪੰਜਾਬ ਵਿਕਾਸ ਕਮਿਸ਼ਨ ਦੇ ਮੈਂਬਰ ਸ਼੍ਰੀ ਅਨੁਰਾਗ ਕੁੰਡੂ ਨੇ ਡਾ. ਮਿਸ਼ਰਾ ਦੀ ਫੈਕਲਟੀ ਅਤੇ ਸਟਾਫ ਨੂੰ ਪ੍ਰਭਾਵਸ਼ਾਲੀ ਮਾਰਗਦਰਸ਼ਨ ਦੇਣ ਲਈ ਪ੍ਰਸ਼ੰਸਾ ਕੀਤੀ ਅਤੇ ਵਿਦਿਆਰਥੀਆਂ ਨੂੰ ਸਮੱਸਿਆ ਹੱਲ ਕਰਨ ਵਾਲੇ ਅਤੇ ਨਵੀਨਤਾਕਾਰੀ ਬਣਨ ਦੀ ਸਲਾਹ ਦਿੱਤੀ ਜੋ ਸਮਾਜ ਵਿੱਚ ਅਰਥਪੂਰਨ ਯੋਗਦਾਨ ਪਾ ਸਕਦੇ ਹਨ ਸਮਾਰੋਹ ਦੀ ਸ਼ੁਰੂਆਤ ਰਾਸ਼ਟਰੀ ਗੀਤ ਵੰਦੇ ਮਾਤਰਮ ਦੀ ਪੇਸ਼ਕਾਰੀ ਨਾਲ ਹੋਈ।

# 'ਮੁੱਖ ਮੰਤਰੀ ਸਿਹਤ ਯੋਜਨਾ' ਹੇਠ ਨਕਦ-ਰਹਿਤ ਇਲਾਜ, ਨਿਊਰੋਲੋਜੀਕਲ ਐਮਰਜੈਂਸੀ ਦੌਰਾਨ ਤੁਰੰਤ ਸਿਹਤ ਸਹੂਲਤਾਂ ਬਣਾ ਰਿਹੈ ਯਕੀਨੀ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੀ ਸਿਹਤ ਪ੍ਰਣਾਲੀ ਦੇ ਜ਼ਮੀਨੀ ਪੱਧਰ 'ਤੇ ਸਾਕਾਰਾਤਮਕ ਅਤੇ ਜੀਵਨ-ਰੱਖਿਅਕ ਨਤੀਜੇ ਸਾਹਮਣੇ ਆ ਰਹੇ ਹਨ। ਪੰਜਾਬ ਸਰਕਾਰ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਫੈਸਲਾਕੁੰਨ ਕਦਮ ਸਾਬਿਤ ਹੋ ਰਹੀ ਹੈ। ਜਿਸ ਤਹਿਤ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਹੁਣ ਆਰਥਿਕ ਤੰਗੀ ਕਿਸੇ ਵੀ ਮਰੀਜ਼ ਦੇ ਇਲਾਜ ਦਰਮਿਆਨ ਰੁਕਾਵਟ ਨਾ ਬਣੇ।

ਹੁਸ਼ਿਆਰਪੁਰ ਦਾ ਇੱਕ ਹਾਲੀਆ ਮਾਮਲਾ ਇਸ ਬਦਲਾਅ ਨੂੰ ਦੀ ਪ੍ਰਤੱਖ ਸਬੂਤ ਹੈ। ਸੰਦੀਪ ਸਿੰਘ, ਜਿਸਨੂੰ ਤੀਵਰ ਇਸਕੀਮਿਕ ਸਟਰੋਕ ਹੋਇਆ ਸੀ, ਨੂੰ ਏਮਸ ਬਠਿੰਡਾ ਵਿੱਚ ਦਾਖ਼ਲ ਕਰਵਾਇਆ ਗਿਆ, ਜਿੱਥੇ ਉਸਦਾ 32,300 ਰੁਪਏ ਦਾ ਇਲਾਜ ਪੂਰੀ ਤਰ੍ਹਾਂ ਯੋਜਨਾ ਹੇਠ ਕਵਰ ਕੀਤਾ ਗਿਆ। ਉਸਦੇ ਪਿਤਾ ਜਗਜੀਤ ਸਿੰਘ ਨੇ ਕਿਹਾ, ਖੁਸ਼ਕਿਸਮਤੀ ਨਾਲ ਅਸੀਂ ਪਹਿਲਾਂ ਹੀ ਸਿਹਤ ਕਾਰਡ ਬਣਵਾ ਲਿਆ ਸੀ। ਇਸ ਨਾਲ ਇਲਾਜ ਦਾ ਸਾਰਾ ਖਰਚਾ ਕਵਰ ਹੋ ਗਿਆ। ਇਹ ਮਾਮਲਾ ਦਰਸਾਉਂਦਾ ਹੈ ਕਿ ਭਗਵੰਤ ਮਾਨ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਕਿਸ ਤਰ੍ਹਾਂ ਮੈਡੀਕਲ ਐਮਰਜੈਂਸੀ ਦੌਰਾਨ ਪਰਿਵਾਰਾਂ ਨੂੰ ਅਣ-ਕਿਆਸੇ ਆਰਥਿਕ ਬੋਝ ਤੋਂ ਬਚਾ ਰਹੀਆਂ ਹਨ।

ਮੁੱਖ ਮੰਤਰੀ ਦੇ ਮਜ਼ਬੂਤ ਸਿਹਤ ਪ੍ਰਣਾਲੀ ਦੇ ਸੁਪਨੇ ਤੋਂ ਪ੍ਰੇਰਿਤ ਹੋ ਕੇ, 'ਮੁੱਖ ਮੰਤਰੀ ਸਿਹਤ ਯੋਜਨਾ' ਹੇਠ ਹੁਣ ਤੱਕ 40 ਲੱਖ ਤੋਂ ਵੱਧ ਲੋਕਾਂ ਦੀ ਰਜਿਸਟ੍ਰੇਸ਼ਨ ਹੋ ਚੁੱਕੀ ਹੈ। ਇਹ ਯੋਜਨਾ ਸਰਕਾਰੀ ਅਤੇ ਨਿੱਜੀ ਸੂਚੀਬੱਧ ਹਸਪਤਾਲਾਂ ਵਿੱਚ 10 ਲੱਖ ਰੁਪਏ ਤੱਕ ਦਾ ਨਕਦ-ਰਹਿਤ ਇਲਾਜ ਪ੍ਰਦਾਨ ਕਰਦੀ ਹੈ, ਜਿਸ ਵਿੱਚ ਸਟ੍ਰੋਕ, ਸਿਰ ਦੀ ਸੱਟ, ਦੌਰੇ ਅਤੇ ਰੀੜ੍ਹ ਦੀ ਹੱਡੀ ਦੀ ਚੋਟ ਵਰਗੀਆਂ ਗੰਭੀਰ ਨਿਊਰੋਲੋਜੀਕਲ ਸਥਿਤੀਆਂ ਸ਼ਾਮਲ ਹਨ। ਉੱਚ ਪੱਧਰੀ ਮੈਡੀਕਲ ਸੇਵਾਵਾਂ ਤੱਕ ਪਹੁੰਚ ਵਧਾ ਕੇ, ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਮਿਆਰੀ ਸਿਹਤ ਸੇਵਾ ਕਿਸੇ ਰੁਸ਼ਖ਼ਦਾਰ ਦਾ ਕੋਈ ਵਿਸ਼ੇਸ਼ ਅਧਿਕਾਰ ਨਹੀਂ ਸਗੋਂ ਪੰਜਾਬ ਦੇ ਹਰੇਕ ਨਾਗਰਿਕ ਦਾ ਹੱਕ ਬਣੇ। ਪੰਜਾਬ ਭਰ ਦੇ ਮੈਡੀਕਲ ਮਾਹਿਰ ਮੰਨਦੇ ਹਨ ਕਿ ਉੱਚ ਰਕਤਚਾਪ (ਹਾਈਪਰਟੈਂਸ਼ਨ), ਡਾਇਬੀਟੀਜ਼ ਵਰਗੀਆਂ ਜੀਵਨਸ਼ੈਲੀ ਨਾਲ ਸਬੰਧਿਤ ਬੀਮਾਰੀਆਂ ਦੇ ਨਾਲ-ਨਾਲ ਸੜਕ ਹਾਦਸਿਆਂ ਅਤੇ ਵਧਦੀ ਉਮਰ ਵਾਲੀ ਆਬਾਦੀ ਕਾਰਨ ਨਿਊਰੋਲੋਜੀਕਲ ਐਮਰਜੈਂਸੀਆਂ ਦੇ ਮਾਮਲੇ ਵਧ ਰਹੇ ਹਨ। ਅਜਿਹੇ ਹਾਲਾਤਾਂ ਵਿੱਚ, ਭਗਵੰਤ ਮਾਨ ਸਰਕਾਰ ਦੀਆਂ ਨੀਤੀਆਂ ਹੇਠ ਮਿਲ ਰਹੀ ਤੁਰੰਤ ਮੈਡੀਕਲ ਸਹਾਇਤਾ ਬਹੁਤ ਮਹੱਤਵਪੂਰਨ ਸਾਬਤ ਹੋ ਰਹੀ ਹੈ, ਖ਼ਾਸ ਕਰਕੇ ਸਟ੍ਰੋਕ ਦੇ ਮਾਮਲਿਆਂ ਵਿੱਚ, ਜਿੱਥੇ ਇੱਕ-ਇੱਕ ਮਿੰਟ ਜ਼ਿੰਦਗੀ ਅਤੇ ਮੌਤ ਤੈਅ ਕਰਦਾ ਹੈ।

# ਪੰਜਾਬੀ ਆਲੋਚਨਾ ਪੱਖਪਾਤੀ ਰੁਚੀਆਂ ਦੀ ਸ਼ਿਕਾਰ

## ਡਾ. ਜੋਗਿੰਦਰ ਸਿੰਘ ਨਿਰਾਲਾ

• ਡਾ. ਭੁਪਿੰਦਰ ਸਿੰਘ ਬੇਦੀ
94170-61645

ਬਰਨਾਲੇ ਦੀ ਸਾਹਿਤਕ ਲਹਿਰ ਨੇ ਪੰਜਾਬੀ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਇੱਥੇ ਸਾਹਿਤ ਦੀ ਹਰ ਵੰਨਗੀ ਦੇ ਲੇਖਕ ਮੌਜੂਦ ਹਨ। ਡਾ. ਜੋਗਿੰਦਰ ਸਿੰਘ ਨਿਰਾਲਾ ਦਾ ਪੰਜਾਬੀ ਕਹਾਣੀ ਅਤੇ ਆਲੋਚਨਾ ਦੇ ਖੇਤਰ ਵਿਚ ਨਿਵੇਕਲਾ ਸਥਾਨ ਹੈ। ਉਨ੍ਹਾਂ ਨੇ ਹੁਣ ਤਕ ਛੇ ਕਹਾਣੀ ਸੰਗ੍ਰਹਿ ਪੰਜਾਬੀ ਵਿਚ ਲਿਖੇ ਹਨ। ਨਾਇਕ ਦੀ ਖੋਜ, ਪਰਿਸਥਿਤੀਆਂ, ਸੰਤਾਪ, ਰੱਜੇ ਪੁੱਜੇ ਲੋਕ ਉੱਤਰ ਕਥਾ ਅਤੇ ਚੋਣਵੀਆਂ ਕਹਾਣੀਆਂ। ਹਿੰਦੀ ਵਿਚ 'ਬਿਖਰ ਰਹਾ ਮਾਨਵ' ਤੇ 'ਜਨਮਾਂਤਰ' ਕਹਾਣੀ ਸੰਗ੍ਰਹਿ ਆਲੋਚਨਾ ਦੇ ਖੇਤਰ ਵਿਚ 'ਪੰਜਾਬੀ ਕਹਾਣੀ ਵਿਚ ਤਣਾਓ', 'ਕਹਾਣੀ ਦੀ ਰੂਪ ਰੇਖਾ' ਅਤੇ 'ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ' ਪੁਸਤਕਾਂ ਦੀ ਸਿਰਜਣਾ ਕੀਤੀ ਹੈ। ਇਸ ਤੋਂ ਇਲਾਵਾ ਉਹ ਪੰਜਾਬੀ ਮੈਗਜ਼ੀਨ 'ਮੁਹਾਂਦਰਾ' ਦੇ ਸੰਪਾਦਕ ਵੀ ਹਨ।

ਉਨ੍ਹਾਂ ਦਾ ਜਨਮ 10 ਅਕਤੂਬਰ, 1945 ਨੂੰ ਮਾਤਾ ਸੰਤ ਕੌਰ ਤੇ ਪਿਤਾ ਸ. ਲਾਲ ਸਿੰਘ ਰੁਪਾਲ ਦੇ ਘਰ ਬਰਨਾਲਾ ਵਿਖੇ ਹੋਇਆ। ਵਿੱਦਿਅਕ ਯੋਗਤਾ ਐੱਮ. ਏ. (ਪੰਜਾਬੀ-ਅੰਗਰੇਜ਼ੀ) ਅਤੇ ਪੀ.ਐੱਚ. ਡੀ. ਕੀਤੀ। ਡਾ. ਨਿਰਾਲਾ ਦੇ ਵੱਡੇ ਭਰਾ ਪ੍ਰੋ. ਪ੍ਰੀਤਮ ਸਿੰਘ ਰਾਹੀ ਦਾ ਵੀ ਬਰਨਾਲਾ ਸਕੂਲ ਆਫ਼ ਪੋਇਟਰੀ ਵਿਚ ਵਿਸ਼ੇਸ਼ ਦੇਣ ਹੈ। ਡਾ. ਨਿਰਾਲਾ ਨੇ ਆਪਣੇ ਜੀਵਨ ਵਿੱਚ ਬਹੁਤ ਸੰਘਰਸ਼ ਕੀਤਾ। ਇਕ ਫ਼ੌਜੀ ਤੋਂ ਜੀਵਨ ਸ਼ੁਰੂ ਕਰ ਕੇ ਪ੍ਰਿੰਸੀਪਲ ਰਿਟਾਇਰ ਹੋਏ। ਅੱਜ-ਕੱਲ੍ਹ ਉਹ 'ਮੁਹਾਂਦਰਾ' ਪੰਜਾਬੀ ਤ੍ਰੈ-ਮਾਸਿਕ ਦੇ ਸੰਪਾਦਕ ਹਨ। ਬਰਨਾਲੇ ਦੀਆਂ ਸਾਰੀਆਂ ਸਭਾਵਾਂ ਵਿਚ ਹੀ ਉਨ੍ਹਾਂ ਦਾ ਆਦਰਯੋਗ ਸਥਾਨ ਹੈ। ਪੇਸ਼ ਹੈ ਉਨ੍ਹਾਂ ਨਾਲ ਹੋਈ ਮੁਲਾਕਾਤ :

**• ਤੁਸੀਂ ਨਿੱਕੀ ਕਹਾਣੀ ਤੋਂ ਸਫ਼ਰ ਸ਼ੁਰੂ ਕੀਤਾ। ਤੁਹਾਡੀ ਕਹਾਣੀ ਸਮਕਾਲੀ ਕਹਾਣੀ ਤੋਂ ਨਿਰਾਲੀ ਸੁਰ ਵਾਲੀ ਹੋਣ ਦੇ ਨਾਲ-ਨਾਲ ਨਿਵੇਕਲੇ ਵਿਸ਼ਿਆਂ ਦੀ ਤਰਜਮਾਨੀ ਕਰਦੀ ਹੈ। ਤੁਸੀਂ ਇਸ ਵਿਧਾ ਨੂੰ ਕਿਉਂ ਚੁਣਿਆ?**

ਮੈਂ ਆਪਣਾ ਲੇਖਨ ਕਾਰਜ ਕਵਿਤਾ ਤੋਂ ਹੀ ਸ਼ੁਰੂ ਕੀਤਾ ਸੀ। ਪਰ ਜਗਤਾਰ (ਜਗੀਰ ਸਿੰਘ ਜਗਤਾਰ) ਦੇ ਸੁਝਾਓ ਅਨੁਸਾਰ ਮੈਂ ਕਹਾਣੀ ਲੇਖਨ ਵੱਲ ਪਰਤ ਗਿਆ ਕਿਉਂਜ ਮੇਰਾ ਵੱਡਾ ਭਰਾ ਪ੍ਰੀਤਮ ਸਿੰਘ ਰਾਹੀ ਕਵਿਤਾਕਾਰੀ ਕਰਦਾ ਸੀ। ਜਿੱਥੋਂ ਤਕ ਨਿਵੇਕਲੀ ਸੁਰ ਦਾ ਸੁਆਲ ਹੈ, ਮੈਂ ਇਕ ਵਿਦਰੋਹੀ ਜਿਹੀ ਕਿਸਮ ਦੀ ਸ਼ੈਅ ਹਾਂ, ਲਕੀਰ ਤੋਂ ਹਟ ਕੇ ਕੰਮ ਕਰਨ ਵਾਲਾ ਸ਼ਾਇਦ ਕਹਾਣੀਆਂ ਵੀ ਕੁਝ ਨਿਵੇਕਲੀਆਂ (ਅਲੋਕਾਰੀਆਂ ਨਹੀਂ) ਲਿਖ ਸਕਿਆ ਹਾਂ।

**• ਤੁਹਾਡੀ ਕਹਾਣੀ ਦੇ ਉਹ ਕਿਹੜੇ ਪੱਖ ਹਨ ਜੋ ਤੁਹਾਨੂੰ ਸਮਕਾਲੀ ਕਹਾਣੀਕਾਰਾਂ ਨਾਲੋਂ ਨਿਖੇੜਦੇ ਹਨ?**

ਸਮਕਾਲੀ ਕਹਾਣੀਕਾਰਾਂ ਨਾਲੋਂ ਨਿਖੜਨ ਵਾਲੀ ਨਹੀਂ ਪਰ ਕੁਝ ਨਵਾਂ ਕਰਨ ਦੀ ਚਾਹ ਨੇ ਜ਼ਰੂਰ ਪ੍ਰੇਰਣਾ ਦਿੱਤੀ। 1965 ਵਿਚ ਜਦੋਂ ਮੈਂ ਕਹਾਣੀ ਲਿਖਣੀ ਸ਼ੁਰੂ ਕੀਤੀ ਓਦੋਂ ਸਾਡੇ ਵੱਡੇ ਕਹਾਣੀਕਾਰ ਸੰਤ ਸਿੰਘ ਸੇਖੋਂ, ਦੁੱਗਲ, ਵਿਰਕ ਵੀ ਅਜੇ ਲਿਖ ਹੀ ਰਹੇ ਸਨ ਪਰ ਤੀਸਰੀ ਪੀੜ੍ਹੀ ਵੀ ਪਰਵੇਸ਼ ਕਰ ਰਹੀ ਸੀ। ਪੰਜਾਬੀ ਵਿਚ ਕਿਰਸਾਨੀ ਜੀਵਨ ਬਾਰੇ ਹੀ ਲਿਖਿਆ ਜਾ ਰਿਹਾ ਸੀ, ਪਰ ਮੈਂ ਮੱਧ ਸ਼੍ਰੇਣੀ ਨੂੰ ਆਪਣਾ ਵਿਸ਼ਾ ਖੇਤਰ ਚੁਣਿਆ। ਭਾਵੇਂ ਕਿ ਮੱਧ ਸ਼੍ਰੇਣੀ ਨੂੰ ਉਸ ਵੇਲੇ ਤਕ ਰੀਐਕਸ਼ਨਰੀ ਹੀ ਸਮਝਿਆ ਜਾਂਦਾ ਸੀ।

**• ਬਹੁਤ ਸਾਰੇ ਕਹਾਣੀਕਾਰਾਂ ਨੇ ਕਹਾਣੀ ਲਿਖਦਿਆਂ ਨਾਲ-ਨਾਲ ਨਾਵਲਾਂ ਦੀ ਸਿਰਜਣਾ ਕੀਤੀ ਹੈ। ਤੁਸੀਂ ਕੇਵਲ ਕਹਾਣੀ ਹੀ ਲਿਖੀ ਹੈ ਤੁਸੀਂ ਨਾਵਲ ਦੀ ਸਿਰਜਣਾ ਕਿਉਂ ਨਹੀਂ ਕੀਤੀ?**

ਮੈਂ ਕਹਾਣੀ ਨਾਲ ਪ੍ਰਤਿਬੱਧ ਰਿਹਾ ਹਾਂ। ਅਸਲ ਵਿਚ ਮੇਰਾ ਰੋਲ ਮਾਡਲ ਕੁਲਵੰਤ ਸਿੰਘ ਵਿਰਕ ਸੀ। ਵਿਰਕ ਸਾਹਿਬ ਦਾ ਪੱਕਾ ਮੱਤ ਸੀ ਕਿ ਸਿਰਫ਼ ਕਹਾਣੀ ਲਿਖ ਕੇ ਵੀ ਲੇਖਕ ਬਣਿਆ ਜਾ ਸਕਦੈ। ਇਹ ਗੱਲ ਉਨ੍ਹਾਂ ਮੈਨੂੰ ਐਗਰੀਕਲਚਰ ਯੂਨੀਵਰਸਿਟੀ ਦੀ ਨੌਕਰੀ ਦੌਰਾਨ ਵੀ ਕਹੀ ਸੀ। ਨਾਵਲ ਦਾ ਯੁੱਗ ਵੀ ਨਹੀਂ ਰਿਹਾ। ਕਿਸਦੇ ਕੋਲ ਸਮਾਂ ਹੈ ਵੱਡੇ-ਵੱਡੇ ਬਿਰਤਾਂਤਕ ਨਾਵਲ ਪੜ੍ਹਨ ਦਾ।

**• ਤੁਸੀਂ ਜੋ ਕੁਝ ਕਹਿਣਾ ਚਾਹੁੰਦੇ ਸੀ ਕੀ ਤੁਸੀਂ ਆਪਣੀਆਂ ਕਹਾਣੀਆਂ ਵਿਚ ਕਹਿ ਸਕੇ ਹੋ ਜਾਂ ਇਹ ਕਿਹਾ ਜਾਵੇ ਤੁਸੀਂ ਆਪਣੀ ਸਿਰਜਣਾ ਤੋਂ ਸੰਤੁਸ਼ਟ ਹੋ?**

ਸੰਤੁਸ਼ਟੀ ਤਾਂ ਜਿਉਂਦਾ ਬੰਦਾ ਪ੍ਰਾਪਤ ਕਰ ਹੀ ਨਹੀਂ ਸਕਦਾ, ਪਰ ਮੈਂ ਏਨਾ ਜ਼ਰੂਰ ਕਹਿ ਸਕਦਾ ਹਾਂ ਕਿ ਹਰੇਕ ਕਹਾਣੀ ਲਿਖ ਕੇ ਜੋ ਇਕ ਪ੍ਰਕਾਰ ਦਾ ਆਨੰਦ ਮਿਲਦਾ ਹੈ, ਉਹ ਕਿਸੇ ਵੀ ਤਰ੍ਹਾਂ ਦੀ 'ਸੰਤੁਸ਼ਟੀ' ਤੋਂ ਘੱਟ ਨਹੀਂ ਹੁੰਦਾ।

**• ਤੁਹਾਨੂੰ ਹੁਣ ਤਕ ਉਹ ਕਿਹੜੇ ਵੱਡੇ ਇਨਾਮ ਸਨਮਾਨ ਕਹਾਣੀ ਲਿਖਣ ਲਈ ਮਿਲੇ ਹਨ?**

ਕੋਈ ਵੀ ਇਨਾਮ ਛੋਟਾ ਜਾਂ ਵੱਡਾ ਨਹੀਂ ਹੁੰਦਾ। ਗੱਲ ਭਾਵਨਾ ਦੀ ਹੁੰਦੀ ਹੈ। ਬਾਕੀ ਲੇਖਕ ਇਨਾਮਾਂ ਲਈ ਨਹੀਂ ਲਿਖਦਾ, ਜੋ ਇਨਾਮਾਂ ਲਈ ਲਿਖਦਾ ਹੈ, ਉਹ ਲੇਖਕ ਨਹੀਂ ਹੁੰਦਾ। ਮੈਂ ਮਾਣ ਨਾਲ ਕਹਿ ਸਕਦਾਂ ਕਿ ਭਾਵੇਂ ਮੈਨੂੰ ਸਰਕਾਰੀ ਇਨਾਮ ਨਹੀਂ ਮਿਲਿਆ ਪਰ ਗ਼ੈਰ ਸਰਕਾਰੀ ਇਨਾਮ ਅਨੇਕਾਂ ਮਿਲੇ ਹਨ। ਅਸਲ ਵਿਚ ਸਰਕਾਰੀ ਇਨਾਮਾਂ ਲਈ ਜੋ 'ਜੁਗਾੜ' ਫਿਟ ਕਰਨਾ ਪੈਂਦਾ ਹੈ, ਉਹ 'ਕਲਾਕਾਰੀ' ਮੇਰੇ 'ਚ ਨਹੀਂ ਹੈ।

**• ਕਹਾਣੀ ਲਿਖਣ ਦੇ ਨਾਲ-ਨਾਲ ਤੁਹਾਡੇ ਵੱਡੇ ਭਰਾ ਪ੍ਰੋ. ਪ੍ਰੀਤਮ ਸਿੰਘ ਰਾਹੀ ਵਲੋਂ ਸ਼ੁਰੂ ਕੀਤੇ ਮੁਹਾਂਦਰੇ ਦੇ ਸੰਪਾਦਕ ਵੀ ਹੋ। ਤੁਹਾਡੇ ਕੋਲ ਬਹੁਤ ਸਾਰਾ ਸਾਹਿਤ ਛਪਣ ਲਈ ਆਉਂਦਾ ਹੈ। 'ਮੁਹਾਂਦਰਾ' ਬਾਰੇ ਆਪਣੇ ਤਜਰਬੇ ਸਾਂਝੇ ਕੀਤੇ ਜਾਣ?**

'ਮੁਹਾਂਦਰਾ' ਸਾਹਿਤਕ ਤ੍ਰੈਮਾਸਿਕ ਉੱਚ ਦਰਜੇ ਦਾ ਪਰਚਾ ਹੈ, ਜਿਹੜਾ 1968 ਵਿਚ ਪ੍ਰੋ. ਰਾਹੀ ਅਤੇ ਜੋਗਾ ਸਿੰਘ ਨੇ ਸ਼ੁਰੂ ਕੀਤਾ ਸੀ, ਪਰ ਕੁਝ ਕੁ ਸਾਲ ਚੱਲਣ ਤੋਂ ਬਾਅਦ ਬੰਦ ਹੋ ਗਿਆ। ਉਸ ਸਮੇਂ ਦੌਰਾਨ ਇਸ ਦੇ ਗੁਰੂ ਨਾਨਕ ਦੇਵ, ਕਲਕੱਤਾ, ਬੰਬਈ ਮਹਾਂਨਗਰ ਵਿਸ਼ੇਸ਼ ਅੰਕ ਬਹੁਤ ਚਰਚਿਤ ਹੋਏ। ਇਸ ਦਾ ਵਿਰੋਧ ਵੀ ਹੋਇਆ ਕਿਉਂਜ 'ਸਿਰਜਣਾ' ਵਾਲਿਆਂ ਨੇ ਇਸ ਨੂੰ ਆਪਣੇ ਵਿਰੋਧ ਵਿਚ ਲਿਆ। ਕਮਿਊਨਿਸਟ ਪਾਰਟੀਆਂ ਦੇ ਲੀਡਰਾਂ ਵਲੋਂ ਵੀ ਆਲੋਚਨਾ ਹੋਈ ਪਰ ਪਾਰਟੀਆਂ ਦੇ 'ਕੇਡਰ' ਨੇ ਇਸ ਨੂੰ ਅਪਣਾਈ ਰੱਖਿਆ। ਫਿਰ 2002 ਤੋਂ ਪ੍ਰੋ. ਰਾਹੀ ਨਾਲ ਮਿਲ ਕੇ ਦੁਬਾਰਾ ਸ਼ੁਰੂ ਕੀਤਾ ਗਿਆ। ਰਾਹੀ ਜੀ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਸਪੁੱਤਰ ਡਾ. ਰਾਹੁਲ ਰੁਪਾਲ ਤੇ ਮੈਂ ਜਾਰੀ ਰੱਖ ਰਹੇ ਹਾਂ।

**• ਬਤੌਰ ਪੰਜਾਬੀ ਆਲੋਚਕ ਤੁਹਾਡੀਆਂ ਕੀ ਪ੍ਰਾਪਤੀਆਂ ਹਨ?**

'ਪ੍ਰਾਪਤੀਆਂ' ਵਾਲੀ ਕੋਈ ਗੱਲ ਨਹੀਂ। ਅਸਲ ਵਿਚ ਆਲੋਚਨਾ ਵੱਲ ਪਰਤਣਾ ਮੇਰੀ ਅਕਾਦਮਿਕ ਮਜਬੂਰੀ ਸੀ। ਪੜ੍ਹਨ ਪੜ੍ਹਾਉਣ ਕਰਕੇ ਇਹ ਕੰਮ ਵੀ ਕਰਨਾ ਪਿਆ। ਇਕ ਮੈਂ ਸਮਝਦਾ ਸਾਂ ਕਿ ਪੰਜਾਬੀ ਆਲੋਚਨਾ ਸੰਕੀਰਨ ਅਤੇ ਪੱਖਪਾਤੀ ਰੁਚੀਆਂ ਦਾ ਸ਼ਿਕਾਰ ਹੈ। ਆਲੋਚਨਾ ਵਿਚ ਮੇਰੀਆਂ ਤਿੰਨ ਪੁਸਤਕਾਂ ਛਪ ਚੁੱਕੀਆਂ ਹਨ। 1. ਪੰਜਾਬੀ ਕਹਾਣੀ ਵਿਚ ਤਣਾਓ, 2. ਕਹਾਣੀ ਦੀ ਰੂਪ ਰੇਖਾ, 3. ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ। ਇਕ ਕਿਤਾਬ 'ਪਰਖ ਤੇ ਪੜਚੋਲ' ਤਿਆਰੀ ਅਧੀਨ ਹੈ।

**ਰੂਬਰੂ**

**ਮੈਨੂੰ ਗ਼ੈਰ ਸਰਕਾਰੀ ਇਨਾਮ ਅਨੇਕਾਂ ਮਿਲੇ ਹਨ। ਸਰਕਾਰੀ ਇਨਾਮਾਂ ਲਈ ਜੋ 'ਜੁਗਾੜ' ਫਿੱਟ ਕਰਨਾ ਪੈਂਦਾ ਹੈ, ਉਹ 'ਕਲਾਕਾਰੀ' ਮੇਰੇ 'ਚ ਨਹੀਂ ਹੈ।**

**• ਤੁਸੀਂ ਪੰਜਾਬੀ ਕਹਾਣੀ ਦੇ ਸਿਰਮੌਰ ਆਲੋਚਕ ਵੀ ਹੋ। ਤੁਸੀਂ ਪੰਜਾਬੀ ਕਹਾਣੀ ਵਿਚ ਤਣਾਅ ਦੇ ਵਿਸ਼ੇ 'ਤੇ ਪੀ.ਐੱਚ.ਡੀ. ਕੀਤੀ ਹੋਈ ਹੈ। ਆਧੁਨਿਕ ਕਹਾਣੀ ਬਾਰੇ ਤੁਹਾਡੇ ਕੀ ਵਿਚਾਰ ਹਨ?**

ਇਹ 'ਸਿਰਮੌਰ' ਸ਼ਬਦ ਤੋਂ ਮੈਨੂੰ ਬਹੁਤ ਚਿੜ੍ਹ ਹੈ। ਕੋਈ ਵੀ ਲੇਖਕ 'ਸਿਰਮੌਰ' ਨਹੀਂ ਹੁੰਦਾ। ਨਾ ਕੋਈ ਜਥੇਬੰਦੀ ਸਿਰਮੌਰ ਹੁੰਦੀ ਹੈ। ਸਭ ਆਪੋ-ਆਪਣੇ ਵਿੱਤ ਮੁਤਾਬਿਕ ਯੋਗਦਾਨ ਪਾ ਰਹੇ ਹਨ। ਜਿੱਥੋਂ ਤਕ ਪੀ.ਐੱਚ.ਡੀ. ਦੀ ਗੱਲ ਹੈ, ਮੇਰਾ ਪਹਿਲਾ ਇਸ਼ਕ 'ਕਹਾਣੀ' ਹੈ, ਇਸ ਲਈ ਮੈਂ ਇਸੇ ਵਿਧਾ ਉੱਪਰ ਪੀ.ਐੱਚ.ਡੀ. ਕਰਨਾ ਚਾਹੁੰਦਾ ਸਾਂ। ਪਰ ਉਸ ਸਮੇਂ ਤਕ (1980) ਕਹਾਣੀ ਦਾ ਵਿਸ਼ਾ ਮਾਹਿਰ ਪੰਜਾਬ ਵਿਚ ਕੋਈ ਨਹੀਂ ਸੀ। ਅਸਲ 'ਚ ਕਹਾਣੀ ਨੂੰ ਵਿਧਾ ਹੀ ਨਹੀਂ ਸੀ ਸਮਝਿਆ ਜਾਂਦਾ ਜਿਸ ਬਾਰੇ ਖੋਜ ਕੀਤੀ ਜਾ ਸਕੇ। (ਅੱਧੀ ਸਦੀ ਤੋਂ ਵੀ ਘੱਟ ਸਮੇਂ ਤੋਂ ਪੰਜਾਬੀ ਕਹਾਣੀ ਹੋਂਦ ਵਿਚ ਆਈ ਹੋਣ ਕਰ ਕੇ ਵੀ) ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਡਾ. ਗੁਰਬਖਸ਼ ਸਿੰਘ ਫ਼ਰੈਂਕ ਦੇ ਆਉਣ ਨਾਲ ਪੰਜਾਬੀ ਕਹਾਣੀ ਖੋਜ ਨੂੰ 'ਨਵਾਂ ਹੁਲਾਰਾ' ਮਿਲਿਆ।

'ਪੰਜਾਬੀ ਕਹਾਣੀ ਵਿਚ ਪੇਂਡੂ ਜੀਵਨ ਦੀ ਪੇਸ਼ਕਾਰੀ' ਵਿਸ਼ਾ ਲੈ ਕੇ ਉਨ੍ਹਾਂ ਕੋਲ ਗਿਆ ਪਰ ਡਾ. ਤੇਜਵੰਤ ਸਿੰਘ ਗਿੱਲ ਦੇ ਸੁਝਾਓ ਅਨੁਸਾਰ 'ਪੰਜਾਬੀ ਕਹਾਣੀ 'ਚ ਗ੍ਰਾਮੀਣ ਸਮਾਜਿਕ ਸਭਿਆਚਾਰਕ ਤਣਾਓ' ਵਿਸ਼ੇ ਅਧੀਨ ਰਜਿਸਟਰਡ ਹੋਇਆ ਪਰ ਜਿਵੇਂ ਤੁਹਾਨੂੰ ਪਤਾ ਹੀ ਹੈ ਕਿ 1980 ਤੋਂ ਬਾਅਦ ਪੰਜਾਬ ਵਿਚ ਕਾਲ਼ੇ ਦੌਰ ਦੇ ਦਿਨ ਸਨ ਅੰਮ੍ਰਿਤਸਰ ਜਾਣਾ ਵੀ ਬੜਾ ਮੁਹਾਲ ਸੀ, ਡਿਗਦੇ ਢਹਿੰਦੇ 1987 ਵਿਚ ਮੈਂ ਆਪਣੀ ਖੋਜ ਦਾ ਕੰਮ ਮੁਕਾ ਸਕਿਆ।

**• ਤੁਸੀਂ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਮੈਂਬਰ, ਮੀਤ ਪ੍ਰਧਾਨ ਅਤੇ ਲਿਖਾਰੀ ਸਭਾ ਬਰਨਾਲਾ ਦੇ ਨਾਲ ਲਗਾਤਾਰ ਜੁੜੇ ਰਹੇ ਹੋ। ਸਭਾਵਾਂ ਦੇ ਰੋਲ ਬਾਰੇ ਤੁਹਾਡਾ ਆਪਣਾ ਕੀ ਵਿਚਾਰ ਹੈ?**

ਲਿਖਾਰੀ ਸਭਾ ਬਰਨਾਲਾ ਮੈਂ ਅਤੇ ਕਰਤਾਰ ਕੈਂਥ ਨੇ 1960 ਵਿਚ ਬਣਾਈ ਸੀ। ਉਦੇਸ਼ ਨਵੇਂ ਤੇ ਨਵਯੁਵਕ ਲੇਖਕਾਂ ਨੂੰ 'ਮੰਚ' ਪ੍ਰਦਾਨ ਕਰਨਾ ਸੀ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਉਸ ਸਮੇਂ ਬੜੀ ਮਾਣ-ਮੱਤੀ ਸੰਸਥਾ ਸਮਝੀ ਜਾਂਦੀ ਸੀ ਪਰ ਇਹ ਅਕਾਦਮਿਕ ਜਿਹੀ ਸੰਸਥਾ ਸੀ। ਕਈ ਵਰ੍ਹੇ ਸਾਡੇ ਵਰਗੇ ਲੇਖਕਾਂ ਨੂੰ ਮੈਂਬਰੀ ਫਾਰਮ ਹੀ ਨਹੀਂ ਦਿੱਤੇ ਗਏ ਅਖੇ, ਨਾ ਭਾਈ ਤੁਸੀਂ ਸਭਾਵਾਂ ਵਾਲੇ ਹੋ, ਜੇ ਅਕਾਡਮੀ 'ਚ ਆ ਗਏ ਤਾਂ ਕਬਜ਼ਾ ਕਰ ਲਵੋਂਗੇ ਪਰ ਬਾਅਦ ਵਿਚ ਸੰਵਿਧਾਨਕ ਤਬਦੀਲੀਆਂ ਅਤੇ ਵਿਸ਼ੇਸ਼ ਤਰ੍ਹਾਂ ਦੇ ਕਾਬਜ਼ ਧੜੇ ਦੀ ਪਕੜ ਢਿੱਲੀ ਪੈਣ ਕਾਰਨ 'ਲੇਖਕ' ਵੀ ਮੈਂਬਰ ਬਣਨ ਲੱਗੇ ਅਤੇ 'ਅਹੁਦੇਦਾਰ' ਵੀ ਬਣੇ।

**• ਮੈਂ ਪਹਿਲਾਂ ਸਾਹਿਤਕ ਗੱਲਾਂ ਕੀਤੀਆਂ ਹਨ। ਹੁਣ ਮੈਂ ਤੁਹਾਡੇ ਸੰਘਰਸ਼ ਬਾਰੇ ਜਾਣਨ ਦਾ ਇਛੁਕ ਹਾਂ। ਸੰਖੇਪ ਵਿਚ ਆਪਣੇ ਕਰੀਅਰ ਬਾਰੇ ਪਾਠਕਾਂ ਨੂੰ ਦੱਸਣ ਦੀ ਖੇਚਲ ਕਰੋ?**

ਮੇਰਾ ਕਰੀਅਰ ਸਫ਼ਰ ਬਹੁਤ ਉੱਗੜਾ ਦੁੱਗੜਾ ਰਿਹਾ ਹੈ। ਬਚਪਨ ਗ਼ਰੀਬੀ ਵਿਚ ਬੀਤਿਆ, ਪਰਿਵਾਰ ਵੱਡਾ ਸੀ। ਅਸੀਂ ਛੇ ਭਰਾ ਅਤੇ ਇਕ ਭੈਣ, ਪਿਤਾ ਜੀ ਸਾਧੂ ਸੰਤ ਬਿਰਤੀ ਵਾਲੇ ਸਨ, ਕੋਈ ਨਿਸ਼ਚਿਤ ਕਾਰੋਬਾਰ ਨਹੀਂ। 1963 ਵਿਚ ਮੈਂ ਫ਼ੌਜ ਵਿਚ ਭਰਤੀ ਹੋਇਆ ਸਾਂ ਪਰ ਛੇਤੀ ਹੀ ਨਾਂ ਕਟਾ ਕੇ ਆ ਗਿਆ। ਫੇਰ ਪੜ੍ਹਾਈ ਜਾਰੀ ਰੱਖੀ। ਕੁਝ ਦੇਰ ਸਿਵਲ ਸਪਲਾਈ ਵਿਚ ਸਬਇੰਸਪੈਕਟਰ ਦੀ ਨੌਕਰੀ ਪਰ ਉੱਥੇ ਦਾ ਵਾਤਾਵਰਨ ਦੇਖ ਕੇ ਮਨ ਉਕਤਾ ਗਿਆ। ਛੇ ਸਾਲ ਬਿਜਲੀ ਬੋਰਡ ਵਿਚ ਕਲਰਕੀ ਕੀਤੀ। ਫੇਰ ਸੰਯੋਗਵਸ ਐਗਰੀਕਚਰ ਯੂਨੀਵਰਸਿਟੀ ਦੇ ਹੋਮ ਸਾਇੰਸ ਕਾਲਜ ਕਾਉਂਣੀ ਲਈ ਪਾਰਟ ਟਾਈਮ ਟੀਚਰ ਦੀ ਨਿਯੁਕਤੀ, ਪ੍ਰੋਫ਼ੈਸਰ (ਭਾਸ਼ਾਵਾਂ) ਵਜੋਂ 2005 ਵਿਚ ਸੇਵਾ-ਮੁਕਤ ਹੋਇਆ। ਫੇਰ ਤਾਰਿਕ ਕਾਲਜ, ਰਾਜੌਰੀ (ਜੰਮੂ-ਕਸ਼ਮੀਰ) ਵਿਖੇ ਪ੍ਰਿੰਸੀਪਲ 2014 'ਚ ਰੀਟਾਇਰ ਹੁਣ ਸਾਹਿਤਕਾਰੀ।

**• ਇਕ ਨਿੱਜੀ ਸੁਆਲ। ਤੁਸੀਂ ਆਪਣੇ ਪਿਆਰ ਵਿਆਹ ਬਾਰੇ ਵੀ ਦੱਸੋਂ। ਮੈਂ ਜਾਣਦਾ ਹਾਂ ਕਿ ਅੰਤਰ ਜਾਤੀ ਵਿਆਹ ਸ਼ਾਇਦ ਬਰਨਾਲੇ ਵਿਚ ਤੁਸੀਂ ਹੀ ਕਰਵਾ ਕੇ ਨਵੀਂ ਪਿਰਤ ਪਾਈ ਸੀ?**

ਇਹ ਤਾਂ ਤੁਹਾਨੂੰ ਪਤਾ ਹੀ ਹੈ, ਮੇਰੀ ਅੰਤਰ ਜਾਤੀ ਸ਼ਾਦੀ ਹੋਈ। ਪਹਿਲਾਂ ਪਹਿਲ ਵਿਰੋਧ ਵੀ ਝੱਲਣਾ ਪਿਆ ਪਰ ਹੌਲੀ-ਹੌਲੀ ਇਹ 'ਲਵ ਮੈਰਿਜ' ਸਿਰਫ਼ ਮੈਰਿਜ ਬਣ ਕੇ ਹੀ ਰਹਿ ਗਈ।

**• ਤੁਸੀਂ ਹੁਣ ਕੀ ਕਰ ਰਹੇ ਹੋ?**

ਮੈਂ ਹੁਣ 'ਮੁਹਾਂਦਰਾ' ਮੈਗਜ਼ੀਨ ਲਈ ਮੈਟਰ ਦੀ ਸੋਧ ਸੁਧਾਈ, ਸਾਹਿਤ ਪੜ੍ਹਨਾ, ਪਰਖ ਪੜਚੋਲ ਕਰਨਾ ਅਤੇ ਸਭਾਵਾਂ ਵਿਚ ਜਾ ਕੇ ਆਪਣਾ ਬਣਦਾ ਯੋਗਦਾਨ ਪਾ ਰਿਹਾ ਹਾਂ। •

---

• ਬਲਬੀਰ ਸਿੰਘ ਸੱਗੂ
9417170515

**ਦੁਨੀਆ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਹਜ਼ਾਰਾਂ ਵਿਅਕਤੀ ਹਨ ਜਿਨ੍ਹਾਂ ਨੇ ਆਪਣੀਆਂ ਖੂਬੀਆਂ ਵੱਲ ਧਿਆਨ ਦੇ ਕੇ ਸਖ਼ਤ ਮਿਹਨਤ ਕੀਤੀ ਤੇ ਲਗਨ ਸਦਕਾ ਜ਼ਿੰਦਗੀ ਦਾ ਪਾਸਾ ਹੀ ਪਲਟ ਕੇ ਰੱਖ ਦਿੱਤਾ...**

# ਕਿਵੇਂ ਬਣ ਸਕਦੇ ਹੋ ਮਹਾਨ

ਕੋਈ ਵੀ ਵਿਅਕਤੀ ਬਚਪਨ ਤੋਂ ਮਹਾਨ ਨਹੀਂ ਹੁੰਦਾ। ਉਸ ਮਹਾਨ ਵਿਅਕਤੀ ਦੇ ਪਿੱਛੇ ਉਸ ਦੀ ਸਖ਼ਤ ਮਿਹਨਤ, ਸਿਰੜ ਤੇ ਉਸ ਦੀਆਂ ਅੰਦਰਲੀਆਂ ਖ਼ਾਸ ਖੂਬੀਆਂ ਹੁੰਦੀਆਂ ਹਨ। ਨਾ-ਕਾਮਯਾਬ ਲੋਕ ਆਪਣੀਆਂ ਖੂਬੀਆਂ ਨੂੰ ਵਿਸਾਰ ਦਿੰਦੇ ਹਨ ਤੇ ਦੂਜੇ ਪਾਸੇ ਮਹਾਨ ਵਿਅਕਤੀਆਂ ਨੇ ਆਪਣੀਆਂ ਖੂਬੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਹੁੰਦਾ ਹੈ ਤੇ ਆਪਣੀਆਂ ਕਮਜ਼ੋਰੀਆਂ ਨੂੰ ਵਿਸਾਰਿਆ ਹੁੰਦਾ ਹੈ।

ਹਰ ਇਕ ਵਿਅਕਤੀ ਵਿਚ ਕੋਈ ਨਾ ਕੋਈ ਖੂਬੀ ਜ਼ਰੂਰ ਹੁੰਦੀ ਹੈ ਜਿਵੇਂ ਕਿ ਕਿਸੇ ਦੀ ਆਵਾਜ਼ ਸੁਰੀਲੀ ਹੁੰਦੀ ਹੈ, ਸੁੰਦਰ ਲਿਖਾਈ, ਚਿੱਤਰਕਾਰੀ, ਬੁੱਤ ਘੜਨਾ, ਤੇਜ਼ ਚਾਲ, ਸਰੀਰਕ ਤੌਰ 'ਤੇ ਤਕੜਾ, ਮਾਨਸਿਕ ਤੌਰ 'ਤੇ ਤੇਜ਼ ਆਦਿ। ਜੇ ਇਹ ਕਹਿ ਦਿੱਤਾ ਜਾਵੇ ਕਿ ਕੋਈ ਵੀ ਵਿਅਕਤੀ ਨਿਰਗੁਣ ਨਹੀਂ ਹੁੰਦਾ ਤਾਂ ਇਸ ਵਿਚ ਰਤਾ ਵੀ ਝੂਠ ਨਹੀਂ। ਪ੍ਰੰਤੂ ਜੋ ਵਿਅਕਤੀ ਆਪਣੀ ਖੂਬੀ ਪਛਾਣ ਕੇ ਉਸ 'ਤੇ ਧਿਆਨ ਕੇਂਦਰਿਤ ਕਰ ਕੇ ਕੰਮ ਕਰਦਾ ਹੈ ਉਹ ਇਕ ਦਿਨ ਆਪਣੀ ਮੰਜ਼ਿਲ 'ਚ ਸਫਲ ਹੋ ਜਾਂਦਾ ਹੈ। ਅਜਿਹਾ ਵਿਅਕਤੀ ਇਕ ਮਹਾਨ ਵਿਅਕਤੀ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ।

ਜੇ ਅਸੀਂ ਦੁਨੀਆ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਇਸ ਤਰ੍ਹਾਂ ਦੇ ਹਜ਼ਾਰਾਂ ਵਿਅਕਤੀ ਹਨ ਜਿਨ੍ਹਾਂ ਨੇ ਆਪਣੀਆਂ ਖੂਬੀਆਂ ਵੱਲ ਧਿਆਨ ਦੇ ਕੇ ਸਖ਼ਤ ਮਿਹਨਤ ਕੀਤੀ ਤੇ ਲਗਨ ਸਦਕਾ ਜ਼ਿੰਦਗੀ ਦਾ ਪਾਸਾ ਹੀ ਪਲਟ ਕੇ ਰੱਖ ਦਿੱਤਾ। ਇਬਰਾਹਿਮ ਲਿੰਕਨ ਜੋ ਇਕ ਗ਼ਰੀਬ ਪਰਿਵਾਰ 'ਚ ਪੈਦਾ ਹੋਇਆ ਨੂੰ ਸਕੂਲ ਜਾਣਾ ਵੀ ਬਹੁਤਾ ਨਸੀਬ ਨਹੀਂ ਸੀ ਹੋਇਆ ਪਰ ਉਸ ਦੀ ਸਖ਼ਤ ਮਿਹਨਤ ਤੇ ਲਗਨ ਨੇ ਹੀ ਇਕ ਦਿਨ ਉਸ ਨੂੰ ਅਮਰੀਕਾ ਦਾ ਰਾਸ਼ਟਰਪਤੀ ਬਣਾ ਦਿੱਤਾ। ਤੇਜ਼ ਦੌੜਨ ਵਾਲਾ ਮਿਲਖਾ ਸਿੰਘ ਇਕ ਸਧਾਰਨ ਵਿਅਕਤੀ ਹੀ ਸੀ। ਕਵਿੱਤਰੀ ਹਰਾਇਨੀ ਰੂਸ ਦੀ ਮਲਿਕਾ ਫੌਜ 'ਚ ਸਿਰਫ਼ ਇਕ ਨੌਕਰਾਣੀ ਹੀ ਸੀ। ਹਿਟਲਰ ਜਰਮਨੀ ਦਾ ਡਿਕਟੇਟਰ ਇਕ ਅਖ਼ਬਾਰ ਵੇਚਣ ਵਾਲਾ ਹੀ ਸੀ। ਛੋਟੇ ਕੱਦ ਦੇ ਮਾਲਕ ਚਾਰਲੀ ਚੈਪਲਿਨ ਤੇ ਜਾਨੀ ਵਾਕਰ ਨੇ ਦੁਨੀਆ 'ਤੇ ਆਪਣਾ ਨਾਂ ਚਮਕਾਇਆ। ਛੋਟੇ ਕੱਦ ਦਾ ਮਾਲਕ ਨੈਪੋਲੀਅਨ ਇਕ ਮਹਾਨ ਜਰਨੈਲ ਬਣਿਆ। ਸਾਡੇ ਦੇਸ਼ ਦੇ ਇਕ ਰਾਸ਼ਟਰਪਤੀ ਵੀ ਗ਼ਰੀਬ ਪਰਿਵਾਰ 'ਚ ਪੈਦਾ ਹੋਏ। ਸਾਡੇ ਹੀ ਦੇਸ਼ ਦੀ ਮੁੱਕੇਬਾਜ਼ ਮੈਰੀ ਕੌਮ ਵੀ ਇਕ ਅਜਿਹੀ ਉਦਾਹਰਨ ਹੈ। ਅਸਲ ਵਿਚ ਇਨ੍ਹਾਂ ਸਫਲ ਵਿਅਕਤੀਆਂ ਦੇ ਪਿੱਛੇ ਕੁਝ ਕੁ ਗੱਲਾਂ ਹੀ ਕੰਮ ਕਰਦੀਆਂ ਨਜ਼ਰ ਆਉਂਦੀਆਂ ਹਨ। ਇਨ੍ਹਾਂ ਨੇ ਆਪਣੀਆਂ ਕਮਜ਼ੋਰੀਆਂ ਨੂੰ ਅੱਖੋਂ ਪਰੋਖੇ ਕੀਤਾ। ਖੂਬੀਆਂ ਵੱਲ ਪੂਰਾ ਧਿਆਨ ਦਿੱਤਾ। ਸਖ਼ਤ ਮਿਹਨਤ ਤੇ ਆਤਮ ਵਿਸ਼ਵਾਸ ਦਾ ਪੱਲਾ ਨਹੀਂ ਛੱਡਿਆ।

ਕਹਿੰਦੇ ਹਨ ਕਿ ਚੰਗੇ ਵਿਚਾਰਾਂ ਤੋਂ ਹਮੇਸ਼ਾ ਚੰਗੇ ਕੰਮ ਹੁੰਦੇ ਹਨ। ਉਸੇ ਤਰ੍ਹਾਂ ਸਾਰਥਿਕ ਸੋਚ ਮਨੁੱਖ ਨੂੰ ਸਫਲਤਾ ਦੇ ਨੇੜੇ ਲੈ ਜਾਂਦੀ ਹੈ। ਅਸਫਲਤਾ ਤੋਂ ਕਦੇ ਵੀ ਨਿਰਾਸ਼ ਨਹੀਂ ਹੋਣਾ ਚਾਹੀਦਾ ਸਗੋਂ ਉਸ ਤੋਂ ਸਿੱਖਿਆ ਲੈ ਕੇ ਆਪਣੇ ਕੰਮ ਨੂੰ ਹੋਰ ਸੁੰਦਰ ਬਣਾਉਣਾ ਚਾਹੀਦਾ ਹੈ। ਅਸਫਲਤਾ ਨੂੰ ਦੇਖ ਕੇ ਕਦੇ ਨਿਰਾਸ਼ ਨਾ ਹੋਵੋ ਇਸ ਨਾਲ ਸਾਡੀ ਮਾਨਸਿਕ ਅਤੇ ਸਰੀਰਕ ਸ਼ਕਤੀ ਨੂੰ ਧੱਕਾ ਲੱਗਦਾ ਹੈ। ਸਿਰਫ਼ ਉਹੀ ਮਨੁੱਖ ਕਾਮਯਾਬ ਹੁੰਦਾ ਹੈ ਜੋ ਚੰਗੇ-ਮਾੜੇ ਨੂੰ ਪ੍ਰਮਾਣ ਕਰੇ ਤੇ ਸਾਰਥਿਕ ਹੱਲ ਸੋਚੇ। ਆਪਣੇ ਆਪ ਨੂੰ ਵਾਤਾਵਰਨ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰੇ। ਜਿਹੜੇ ਵਿਅਕਤੀ ਅਸਫਲਤਾਵਾਂ ਦੀ ਹਿੱਕ 'ਤੇ ਬੈਠੇ ਹਨ ਜਿੱਤ ਹਮੇਸ਼ਾ ਉਨ੍ਹਾਂ ਦੀ ਹੀ ਹੋਈ ਹੈ।

ਕਹਿੰਦੇ ਹਨ ਕਿ ਧੁੱਪ ਨਾਲ ਛਾਂ, ਉਚਾਈ ਨਾਲ ਡੂੰਘਾਈ, ਪਹਾੜ ਨਾਲ ਖੱਡਾਂ, ਦੁੱਖ ਦੇ ਨਾਲ ਸੁੱਖ, ਤੇਜ਼ ਤੂਫ਼ਾਨ ਤੋਂ ਬਾਅਦ ਸ਼ਾਂਤੀ, ਰਾਤ ਤੋਂ ਬਾਅਦ ਸਵੇਰਾ ਹਨ। ਉਸੇ ਤਰ੍ਹਾਂ ਖੂਬੀਆਂ ਦੇ ਨਾਲ ਹਰੇਕ ਵਿਅਕਤੀ 'ਚ ਕੁਝ-ਕੁ ਕਮਜ਼ੋਰੀਆਂ ਵੀ ਹੁੰਦੀਆਂ ਹਨ। ਗ਼ਰੀਬੀ, ਛੋਟਾ ਕੱਦ, ਕਾਲਾ ਰੰਗ, ਘੱਟ ਸੋਹਣਾ ਚਿਹਰਾ, ਮਾਨਸਿਕ ਜਾਂ ਸਰੀਰਕ ਪੱਖੋਂ ਕੋਈ ਵੀ ਦੋਸ਼ ਆਦਿ ਦੇ ਬਾਵਜੂਦ ਜੇ ਸਾਡਾ ਆਤਮ ਵਿਸ਼ਵਾਸ ਤੇ ਦ੍ਰਿੜ ਇਰਾਦੇ ਹੋਣ ਤਾਂ ਇਹ ਕੁਝ-ਕੁ ਕਮਜ਼ੋਰੀਆਂ ਸਾਨੂੰ ਆਪਣੇ ਮਨੋਰਥ ਪ੍ਰਾਪਤ ਕਰਨ 'ਚ ਰੋਕ ਨਹੀਂ ਸਕਦੀਆਂ। ਚਾਹੇ ਸਾਨੂੰ ਸਮਾਜ 'ਚੋਂ ਜਿੰਨੇ ਮਰਜ਼ੀ ਤਾਹਨੇ-ਮਿਹਣੇ ਮਿਲਦੇ ਰਹਿਣ। ਜੇ ਸਾਡੇ ਦੋਸਤ-ਮਿੱਤਰ ਸਾਡੀਆਂ ਖੂਬੀਆਂ ਅਤੇ ਸਮਰੱਥਾਵਾਂ ਤੋਂ ਸਾਨੂੰ ਜਾਣੂ ਕਰਵਾਉਂਦੇ ਰਹਿੰਦੇ ਹਨ ਤਾਂ ਇਹ ਤਾਹਨੇ-ਮਿਹਣੇ ਵੀ ਸਾਡੇ ਲਈ ਪ੍ਰੇਰਨਾ ਦਾ ਦਰਿਆ ਬਣਦੇ ਰਹਿੰਦੇ ਹਨ।

ਹੌਂਸਲਾ, ਜੋ ਕਿ ਮਨੁੱਖ ਲਈ ਇਕ ਸ਼ਕਤੀ ਵਧਾਉਣ ਦਾ ਜਰੀਆ ਹੈ। ਜਿਵੇਂ ਕਿਸੇ ਬਿਮਾਰ ਵਿਅਕਤੀ ਲਈ ਦਿੱਤਾ ਗਿਆ ਹੌਸਲਾ, ਦਵਾਈਆਂ ਨਾਲੋਂ ਕਈ ਗੁਣਾਂ ਵੱਧ ਫ਼ਾਇਦੇਮੰਦ ਹੁੰਦਾ ਹੈ, ਉਸੇ ਤਰ੍ਹਾਂ ਦੋਸਤਾਂ-ਮਿੱਤਰਾਂ ਦੁਆਰਾ ਦਿੱਤਾ ਗਿਆ ਹੌਸਲਾ ਸਾਨੂੰ ਉੱਚੀਆਂ ਮੰਜ਼ਲਾਂ 'ਤੇ ਲੈ ਜਾਂਦਾ ਹੈ। ਸੋ ਸਾਨੂੰ ਦੋ-ਚਾਰ ਦੋਸਤ ਇਹੋ ਜਿਹੇ ਜ਼ਰੂਰ ਬਣਾਉਣੇ ਚਾਹੀਦੇ ਹਨ ਜੋ ਸਾਡੀਆਂ ਖੂਬੀਆਂ ਸਮਝ ਕੇ ਉਨ੍ਹਾਂ ਨੂੰ ਉਭਾਰਨ 'ਚ ਸਾਡਾ ਸਾਥ ਦੇਣ। ਇਸ ਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਅਸੀਂ ਆਪਣਾ ਹੌਸਲਾ ਤੇ ਆਤਮ ਵਿਸ਼ਵਾਸ ਕਾਇਮ ਰੱਖੀਏ ਤਾਂ ਜੋ ਸਾਡੇ ਦੋਸਤ-ਮਿੱਤਰ ਵੀ ਸਾਡਾ ਸਾਥ ਦਿੰਦੇ ਰਹਿਣ।

ਸੋ ਕਦੇ ਵੀ ਆਪਣੀਆਂ ਕਮਜ਼ੋਰੀਆਂ ਦਾ ਰੋਣਾ ਨਾ ਰੋਵੋ। ਸਿਰਫ਼ ਖੂਬੀਆਂ ਵੱਲ ਧਿਆਨ ਕੇਂਦਰਤ ਰੱਖੋ। ਆਤਮ-ਵਿਸ਼ਵਾਸ, ਦ੍ਰਿੜ ਇਰਾਦੇ, ਸਖ਼ਤ ਮਿਹਨਤ ਦਾ ਪੱਲਾ ਫੜ ਕੇ ਪੂਰੀ ਲਗਨ ਨਾਲ ਆਪਣੇ ਕਾਰਜ 'ਚ ਰੁੱਝੇ ਰਹੋ। ਆਪਣੇ ਆਪ ਬਾਰੇ ਹਮੇਸ਼ਾ ਚੰਗਾ ਸੋਚੋ ਕਿਉਂਕਿ ਜੇ ਅਸੀਂ ਹੀ ਆਪਣੇ ਬਾਰੇ ਮਾੜਾ ਸੋਚਾਂਗੇ ਤਾਂ ਸਾਡੇ ਬਾਰੇ ਦੂਜਾ ਚੰਗਾ ਨਹੀਂ ਸੋਚੇਗਾ। •

---

• ਬਿੰਦਰ ਬਸਰਾ

# ਮੀਡੀਆ ਜਗਤ ਦੀ ਖ਼ਬਰ ਲੈਂਦੀ ਪੁਸਤਕ

## ਪ੍ਰੈੱਸ ਰੂਮ

ਜਗਤਾਰ ਸਿੰਘ ਭੁੱਲਰ ਖੋਜੀ ਤੇ ਸਿਰੜੀ ਬਿਰਤੀ ਵਾਲਾ ਨੌਜਵਾਨ ਮੀਡੀਆ ਕਰਮੀ ਹੈ। ਉਸ ਕੋਲ ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਆ ਦਾ ਨੇੜਲਾ, ਤਿੱਖਾ ਤੇ ਅਮੀਰ ਅਨੁਭਵ ਹੈ। ਇਹੀ ਅਨੁਭਵ ਉਸ ਦੀ ਨਵੀਂ ਪੁਸਤਕ 'ਪ੍ਰੈੱਸ ਰੂਮ' ਨੂੰ ਪੜ੍ਹਨ ਤੇ ਗੌਲਣਯੋਗ ਬਣਾਉਂਦਾ ਹੈ। ਹੱਥਲੀ ਪੁਸਤਕ 'ਚ ਭੁੱਲਰ ਨੇ ਭਾਰਤੀ ਮੀਡੀਆ ਅਤੇ ਵਿਸ਼ੇਸ਼ ਕਰ ਕੇ ਪੰਜਾਬੀ ਮੀਡੀਆ ਦੇ ਤਾਣੇ-ਬਾਣੇ ਦੀਆਂ ਲਸਰਾਂ 'ਚੋਂ ਹਰ ਰੰਗ ਨੂੰ ਉਭਾਰਿਆ ਹੈ। ਜਗਤਾਰ ਸਿੰਘ ਭੁੱਲਰ ਇਸ ਪੁਸਤਕ ਰਾਹੀਂ ਦੁਨੀਆ ਭਰ ਦੀ ਖ਼ਬਰ ਰੱਖਣ ਵਾਲੇ ਮੀਡੀਏ ਦੀ ਖ਼ਬਰ ਲੈਂਦਾ ਹੈ। ਇਸ ਤਰ੍ਹਾਂ ਕਰਦਿਆਂ ਉਹ ਨਿਡਰਤਾ ਤੇ ਬੇਬਾਕੀ ਦਾ ਲੜ ਨਹੀਂ ਛੱਡਦਾ ਜਿਸ ਸਦਕਾ ਉਹ ਜ਼ਿੰਦਗੀ ਦੇ ਹਰ ਪਹਿਲੂ ਨਾਲ ਜੁੜੇ ਸਰੋਕਾਰਾਂ 'ਤੇ ਪੱਤਰਕਾਰੀ ਦੇ ਪੈ ਰਹੇ ਚੰਗੇ-ਮਾੜੇ ਪ੍ਰਭਾਵਾਂ ਨੂੰ ਬੜੀ ਬਾਰੀਕੀ ਨਾਲ ਫੜਦਾ ਹੈ।

ਕਦੇ ਪੱਤਰਕਾਰੀ ਇਕ ਮਿਸ਼ਨ ਹੁੰਦਾ ਸੀ। ਇਸ ਮਿਸ਼ਨਰੀ ਭਾਵਨਾ ਕਰਕੇ ਇਸ ਨੂੰ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਉਹ ਦੌਰ ਭਾਵੇਂ ਆਜ਼ਾਦੀ ਸੰਗਰਾਮ ਦਾ ਰਿਹਾ ਹੋਵੇ ਜਾਂ ਉਸ ਤੋਂ ਬਾਅਦ ਦਾ। ਪਰ ਅੱਜ-ਕੱਲ੍ਹ ਮੀਡੀਆ ਇਕ ਪ੍ਰੋਡਕਟ ਬਣ ਗਿਆ ਹੈ। ਜਿਸ ਦਾ ਮੁੱਖ ਉਦੇਸ਼ ਹੁਣ ਲੋਕ ਭਲਾਈ ਨਾਲੋਂ ਵਧ ਕੇ ਮੁਨਾਫ਼ਾਮੁਖੀ ਹੈ। 'ਵੇਜ ਬੋਰਡ', ਪ੍ਰੈੱਸ ਕੌਂਸਲ ਆਫ ਇੰਡੀਆ-ਭਾਰਤੀ ਪ੍ਰੈੱਸ ਪ੍ਰੀਸ਼ਦ' ਲੇਖਾਂ 'ਚ ਭੁੱਲਰ ਨੇ ਮੀਡੀਆ ਦੇ ਸਿਧਾਂਤਾਂ ਦੀਆਂ ਧੱਜੀਆਂ ਉਡਾਉਣ ਵਾਲੇ ਵਰਤਾਰੇ ਨੂੰ ਨੰਗਾ ਕੀਤਾ ਹੈ।

'ਜਾਤ-ਪਾਤ ਦਾ ਡੰਗ' 'ਚ ਭਾਰਤੀ ਸਿਸਟਮ ਦੀ ਵਰਗ ਤੇ ਜਾਤ ਵੰਡ ਮੀਡੀਆ 'ਚ ਵੀ ਜਿਉਂ ਦੀ ਤਿਉਂ ਦਿਖਾਈ ਦਿੰਦੀ ਹੈ। ਇਥੇ ਮਿਹਨਤ ਨਾਲ ਕੀਤੀ ਪ੍ਰਾਪਤੀ ਨੂੰ ਵੀ ਜਾਤ ਨਾਲ ਜੋੜ ਕੇ ਪ੍ਰਚਾਰਿਆ ਜਾਂਦਾ ਹੈ। ਇਸ ਲੇਖ 'ਚ ਲੇਖਕ ਵੱਲੋਂ ਇਕ ਚਰਚਿਤ ਪੰਜਾਬੀ ਅਖ਼ਬਾਰ ਵੱਲੋਂ ਆਪਣੇ ਐਡੀਟੋਰੀਅਲ ਸਟਾਫ 'ਚ ਇਕ ਖ਼ਾਸ ਦਿੱਖ ਵਾਲਿਆਂ ਨੂੰ ਹੀ ਪਹਿਲ ਦੇਣ ਦੇ ਮੁੱਦੇ ਨੂੰ ਵੀ ਵਿਚਾਰਿਆ ਜਾਂਦਾ ਤਾਂ ਇਸ ਡੰਗ ਦੀ ਤੀਬਰਤਾ ਨੂੰ ਹੋਰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਸੀ। 'ਖਾੜਕੂਵਾਦ ਅਤੇ ਮੀਡੀਆ' ਲੇਖ 'ਚ ਪੱਤਰਕਾਰਾਂ ਦੇ ਦੋ ਪੁੜਾਂ ਵਿਚਾਲੇ ਪਿਸਣ ਦੀ ਗਾਥਾ ਹੈ। ਲੇਖਕ ਨੇ ਹਰ 'ਕਾਂਡ' ਨੂੰ ਬਹੁਤ ਨੀਝ ਨਾਲ ਫੜਨ ਦੀ ਕੋਸ਼ਿਸ਼ ਕੀਤੀ ਹੈ। ਇਸ ਲੇਖ 'ਚ ਉਹ ਸੁਮੀਤ ਸਿੰਘ ਨੂੰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਪੁੱਤਰ ਲਿਖਣ ਦਾ ਟਪਲਾ ਖਾ ਗਿਆ ਜਦ ਕਿ ਉਹ ਨਵਤੇਜ ਸਿੰਘ ਦਾ ਪੁੱਤਰ ਹੈ। 'ਖੁਫ਼ੀਆ ਏਜੰਸੀਆਂ ਦੀ ਸਾਂਝ' 'ਖੋਜੀ ਪੱਤਰਕਾਰੀ ਤੇ ਸੂਚਨਾ ਕਮਿਸ਼ਨ', 'ਸੁਪਰਕਾਪ (ਕੇ.ਪੀ.ਐੱਸ ਗਿੱਲ) ਨਾਲ ਅੱਧੀ ਰਾਤ' ਆਦਿ ਲੇਖਾਂ ਵਿਚ ਪੱਤਰਕਾਰਾਂ, ਪੁਲਿਸ ਅਤੇ ਏਜੰਸੀਆਂ ਦੀਆਂ ਆਪਸੀ ਸਾਂਝਾਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਪੰਜਾਬ ਪ੍ਰਤੀ ਪੁਲਿਸ ਅਤੇ ਏਜੰਸੀਆਂ ਦੀ 'ਪਹੁੰਚ' ਨੂੰ ਬਾਖੂਬੀ ਬਿਆਨਦੇ ਹਨ।

'ਸ਼੍ਰੋਮਣੀ ਪੱਤਰਕਾਰ ਐਵਾਰਡ' ਲੇਖ ਵੀ ਤਲਖ਼ ਸਚਾਈ ਬਿਆਨਦਾ ਹੈ। ਪਰ ਇਸ 'ਚ ਲੇਖਕ ਇਕ ਵਾਰ ਫੇਰ ਟਪਲਾ ਖਾਂਦਾ ਹੈ। ਜਿਸ 'ਚ ਉਸ ਨੇ ਇਕ ਸੰਪਾਦਕ ਨੂੰ 'ਸ਼੍ਰੋਮਣੀ ਪੱਤਰਕਾਰ' ਦਾ ਸਨਮਾਨ ਮਿਲਣ ਤੋਂ ਪਹਿਲਾਂ ਸ਼੍ਰੋਮਣੀ ਸਾਹਿਤਕਾਰ ਦਾ ਸਨਮਾਨ ਮਿਲਣ ਦਾ ਜ਼ਿਕਰ ਕੀਤਾ ਹੈ ਜਦ ਕਿ ਉਨ੍ਹਾਂ ਨੂੰ ਇਹ ਐਵਾਰਡ ਕਾਫ਼ੀ ਬਾਅਦ 'ਚ ਉਦੋਂ ਮਿਲਿਆ ਜਦੋਂ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ ਅਧਿਆਪਨ ਕਾਰਜ ਨਿਭਾ ਰਹੇ ਸਨ। ਮੀਡੀਆ ਜਗਤ ਦੀਆਂ ਮੌਜੂਦਾ ਨਿੱਗਰ ਕੜੀਆਂ ਦੇ ਨਾਲ-ਨਾਲ ਅੰਦਰੂਨੀ ਕਮਜ਼ੋਰੀਆਂ ਅਤੇ ਘਾਟਾਂ ਵਾਲੀ ਤਸਵੀਰ ਨੂੰ ਰੇਖਾਂਕਿਤ ਕਰਦੀਆਂ ਅਤੇ ਇਸ ਸਭ ਲਈ ਜ਼ਿੰਮੇਵਾਰ ਧਿਰਾਂ ਬਾਰੇ ਟਿੱਪਣੀਆਂ ਪੁਸਤਕ 'ਚ ਬਹੁਤ ਥਾਈਂ ਪਈਆਂ ਹਨ। ਇਸ ਖੇਤਰ 'ਚ ਵਿਕਾਊ ਪੱਤਰਕਾਰਾਂ ਅਤੇ ਆਪਣੀ ਜ਼ਮੀਰ ਦੀ ਆਵਾਜ਼ ਸੁਣਨ ਵਾਲਿਆਂ ਬਾਰੇ ਇਹ ਮੁੱਲਵਾਨ ਟਿੱਪਣੀ ਦੇਖੀ ਜਾ ਸਕਦੀ ਹੈ :

'ਗ਼ਰੀਬ ਤੇ ਮ੍ਰਾਤੜ ਪੱਤਰਕਾਰ ਓਹੀ ਹਨ ਜੋ ਆਪਣੀ ਜ਼ਮੀਰ, ਇਖ਼ਲਾਕ, ਇਮਾਨਦਾਰੀ ਤੇ ਨੈਤਿਕਤਾ ਉੱਤੇ ਪਹਿਰਾ ਦੇ ਰਹੇ ਹਨ, ਬਾਕੀ ਤਾਂ ਬਹੁਤ ਅਮੀਰ ਹੋ ਗਏ। ਲੱਖਾਂ-ਕਰੋੜਾਂ ਰੁਪਏ ਦੀਆਂ ਕੋਠੀਆਂ ਜਾਇਦਾਦਾਂ ਦੇ ਮਾਲਕ ਬਣ ਗਏ ਹਨ।' ਭਾਵੇਂ ਇਹ ਸਭ ਕੁਝ ਮਾਲਕ ਧਿਰਾਂ ਵਲੋਂ ਪੱਤਰਕਾਰਤਾ ਦੇ ਸਿਧਾਂਤਾਂ ਨੂੰ ਤਿਲਾਂਜਲੀ ਦੇਣ ਤੇ ਗ਼ੈਰ ਪੇਸ਼ੇਵਰ ਲੋਕਾਂ ਦੀ ਇਸ ਖੇਤਰ 'ਚ ਘੁਸਪੈਠ ਕਾਰਨ ਹੋਇਆ ਹੈ। ਪੁਸਤਕ ਦੇ ਅਹਿਮ ਹਿੱਸੇ 'ਪ੍ਰੈੱਸ ਰੂਮ' 'ਚ ਪੰਜਾਬੀ ਪੱਤਰਕਾਰੀ, ਪੰਜਾਬ ਦੇ ਮਸਲਿਆਂ ਅਤੇ ਉੱਥੇ ਹੁੰਦੇ ਹਾਸੇ ਠੱਠੇ ਦੀਆਂ ਝਲਕੀਆਂ ਕਮਾਲ ਦੀਆਂ ਹਨ। ਸਿਵਲ ਸਕੱਤਰੇਤ ਚੰਡੀਗੜ੍ਹ ਦੀ ਦੂਜੀ ਮੰਜ਼ਿਲ 'ਤੇ ਪੰਜਾਬ ਸਰਕਾਰ ਵਲੋਂ ਪੱਤਰਕਾਰਾਂ ਨੂੰ ਅਲਾਟ ਕੀਤਾ ਕਮਰਾ ਨੰਬਰ 31 ਨਵੇਂ ਪੱਤਰਕਾਰਾਂ ਲਈ ਬਹੁਤ ਖ਼ਾਸ ਥਾਂ ਹੈ ਜਿੱਥੇ ਉਹ ਮੀਡੀਆ ਖੇਤਰ ਵਿਚ ਵਿਚਰਨ ਲਈ ਦਾਅ ਪੇਚ ਸਿੱਖਦੇ ਹਨ। ਸੀਨੀਅਰ ਪੱਤਰਕਾਰਾਂ ਦੀਆਂ ਟਿੱਪਣੀਆਂ ਅਤੇ ਹਾਸਾ ਮਜ਼ਾਕ ਇਸ ਪੁਸਤਕ ਨੂੰ ਰੋਚਕਤਾ ਪ੍ਰਦਾਨ ਕਰਦੇ ਹਨ। ਅਧਿਕਾਰੀ ਲੇਖਕਾਂ ਦੀ ਸੂਚੀ 'ਚ ਜੀ.ਕੇ ਸਿੰਘ ਆਈਏਐੱਸ, ਐੱਨ.ਐੱਸ ਰਤਨ, ਡਾ. ਮਨਮੋਹਨ ਅਤੇ ਬਲਰਾਜ ਸਿੰਘ ਸਿੱਧੂ ਐੱਸਐੱਸਪੀ ਦੇ ਨਾਂ ਵੀ ਸ਼ਾਮਲ ਕੀਤੇ ਜਾ ਸਕਦੇ ਸਨ।

**ਪੱਤਰਕਾਰੀ ਕਦੇ ਮਿਸ਼ਨ ਹੁੰਦਾ ਸੀ। ਮਿਸ਼ਨਰੀ ਭਾਵਨਾ ਕਰਕੇ ਇਸ ਨੂੰ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਦੌਰ ਭਾਵੇਂ ਆਜ਼ਾਦੀ ਸੰਗਰਾਮ ਦਾ ਰਿਹਾ ਹੋਵੇ ਜਾਂ ਉਸ ਤੋਂ ਬਾਅਦ ਦਾ। ਪਰ ਅੱਜ ਮੀਡੀਆ ਇਕ ਪ੍ਰੋਡਕਟ ਬਣ ਗਿਆ ਹੈ...**

'ਮਲਵਈਆਂ ਦੀ ਸਰਦਾਰੀ' ਵਾਲੇ ਲੇਖ 'ਚ 'ਅੱਜ ਦੀ ਆਵਾਜ਼' ਦੇ ਸੰਸਥਾਪਕ ਸੰਪਾਦਕ ਭਰਪੂਰ ਸਿੰਘ ਬਲਬੀਰ, ਗੁਰਦੀਪ ਸਿੰਘ ਬਰਾੜ ਅਤੇ ਬਲਜੀਤ ਸਿੰਘ ਬਰਾੜ ਦੇ ਨਾਂ ਵੀ ਸ਼ਾਮਲ ਕੀਤੇ ਜਾਣੇ ਚਾਹੀਦੇ ਸਨ, ਜਿਨ੍ਹਾਂ ਨੂੰ ਅਣਗੌਲਿਆਂ ਕੀਤਾ ਗਿਆ ਹੈ। ਪੱਤਰਕਾਰੀ ਜਗਤ 'ਚ ਜਗਤਾਰ ਨਾਂ ਦੇ ਚਰਚੇ ਵਾਲਾ ਵਿਸ਼ਾ ਨਿਵੇਕਲਾ ਅਤੇ ਦਿਲਚਸਪ ਹੈ। ਪੱਤਰਕਾਰੀ 'ਚ ਨਾਮਣਾ ਖੱਟ ਰਹੀਆਂ ਔਰਤ ਪੱਤਰਕਾਰਾਂ ਦਾ ਜ਼ਿਕਰ ਵੀ ਔਰਤ ਸ਼ਕਤੀ ਪ੍ਰਤੀ ਸੰਜੀਦਗੀ ਦਾ ਨਮੂਨਾ ਹੈ। ਕੈਂਚੀ ਚੱਪਲਾਂ ਵਾਲਿਆਂ ਦੇ ਪੰਜਾਬ ਦੀ ਰਾਜਨੀਤੀ 'ਚ ਪ੍ਰਵੇਸ਼ ਨੂੰ ਜਿਸ ਢੰਗ ਨਾਲ ਪੇਸ਼ ਕੀਤਾ ਗਿਆ ਹੈ ਨੂੰ ਪੜ੍ਹਕੇ ਇਸ ਪੁਸਤਕ ਦੇ ਇਕ ਚੰਗੀ ਗਲਪ ਰਚਨਾ ਹੋਣ ਦਾ ਭੁਲੇਖਾ ਪੈਂਦਾ ਹੈ।

ਪੁਸਤਕ ਨੂੰ ਪੜ੍ਹਦਿਆਂ ਕਿਤੇ ਵੀ ਅਕੇਵਾਂ ਮਹਿਸੂਸ ਨਹੀਂ ਹੁੰਦਾ। ਹਰ ਲੇਖ ਜਾਣਕਾਰੀ ਭਰਪੂਰ ਹੈ। ਪਰੂਫ਼ ਰੀਡਿੰਗ ਅਤੇ ਵਾਕ ਬਣਤਰ ਦੀਆਂ ਕੁਝ ਉਕਾਈਆਂ ਰੜਕਦੀਆਂ ਹਨ ਪਰ ਮੀਡੀਆ ਜਗਤ ਬਾਰੇ ਸਿਧਾਂਤਕ ਅਤੇ ਵਿਹਾਰਕ ਜਾਣਕਾਰੀ ਪ੍ਰਦਾਨ ਕਰਦੀ ਇਹ ਪੁਸਤਕ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਇਕ ਅਨਮੋਲ ਤੋਹਫ਼ਾ ਹੈ। ਸਪਤਰਿਸ਼ੀ ਪਬਲੀਕੇਸ਼ਨਜ਼ ਚੰਡੀਗੜ੍ਹ ਵਲੋਂ ਪ੍ਰਕਾਸ਼ਤ 308 ਪੰਨਿਆਂ ਦੀ ਇਸ ਪੁਸਤਕ ਦੀ ਕੀਮਤ 300 ਰੁਪਏ ਹੈ। ਮੀਡੀਆ ਨਾਲ ਜੁੜੇ ਲੋਕਾਂ ਲਈ ਇਹ ਪੁਸਤਕ ਪੜ੍ਹਨ ਤੇ ਸਾਂਭਣਯੋਗ ਹੈ। •

---

# ਪੁਸਤਕ ਚਰਚਾ

'ਪੈਰਾਂ ਹੇਠ ਮਿੱਧੇ ਰਿਸ਼ਤੇ' ਸੁਖਵਿੰਦਰ ਸਿੰਘ ਮੁੱਲਾਂਪੁਰ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਉਸ ਨੇ ਕੁੱਲ ਨੌਂ ਕਹਾਣੀਆਂ ਸ਼ਾਮਲ ਕੀਤੀਆਂ ਹਨ। ਲੇਖਕ ਨੂੰ ਕਿਰਸਾਨੀ ਜੀਵਨ ਦਾ ਨੇੜਲਾ ਅਤੇ ਬਹੁਮੁਖੀ ਅਨੁਭਵ ਹੈ। ਵਿਸ਼ਵ ਮੰਡੀ ਦੀਆਂ ਫੈਲਦੀਆਂ ਹੋਈਆਂ ਬਿਮਾਰੀਆਂ ਕਿਵੇਂ ਪੰਜਾਬੀ ਕਿਸਾਨ ਦੇ ਦੁਖਾਂਤ ਵਿਚ ਵਾਧਾ ਕਰ ਰਹੀਆਂ ਹਨ। ਕਿਵੇਂ ਪੰਜਾਬ ਦਾ ਕਿਸਾਨ ਦਿਨੋ ਦਿਨ ਅਧੋਗਤੀ ਵੱਲ ਵੱਧ ਰਿਹਾ ਹੈ, ਕਿਵੇਂ ਉਸ ਦੇ ਦੁੱਖਾਂ ਸੰਤਾਪਾਂ ਵਿਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਇਹ ਸਾਰੀਆਂ ਮੁਸੀਬਤਾਂ ਅਤੇ ਰੁਕਾਵਟਾਂ ਦਾ ਇਨ੍ਹਾਂ ਕਹਾਣੀਆਂ ਵਿਚ ਜ਼ਿਕਰ ਕੀਤਾ ਗਿਆ ਹੈ।

'ਗੁਆਚੇ ਵਾਰਿਸ' ਇੰਦਰ ਸਿੰਘ ਜਿਹੇ ਕਿਸਾਨ ਦੀ ਕਹਾਣੀ ਹੈ ਜਿਸ ਦੇ ਬੱਚੇ ਪੜ੍ਹ ਲਿਖਕੇ ਆਪਣੇ ਜੱਦੀ ਕਿੱਤੇ ਕਿਰਸਾਨੀ ਤੋਂ ਬੇਮੁੱਖ ਹੋ ਜਾਂਦੇ ਹਨ ਤੇ ਦੁੱਖ ਭੋਗਦੇ ਹਨ ਤੇ ਆਪਣੇ ਮਾਪਿਆਂ ਲਈ ਵੀ ਸੰਤਾਪ ਦਾ ਕਾਰਨ ਬਣਦੇ ਹਨ। ਆਪਣੇ ਸੱਭਿਆਚਾਰ ਤੋਂ ਟੁੱਟੀ ਔਲਾਦ ਕਿਸੇ ਤਣ-ਪੱਤਣ ਨਹੀਂ ਲੱਗਦੀ। 'ਪੈਰਾਂ ਹੇਠ ਮਿੱਧੇ ਰਿਸ਼ਤੇ' ਦੀ ਦੀਪੀ ਵਾਰ-ਵਾਰ ਵਿਆਹ ਕਰਵਾ ਕੇ, ਥਾਂ ਪਰ ਥਾਂ ਦੁੱਖ ਭੋਗਦੀ ਹੈ। ਸਾਰੇ ਰਿਸ਼ਤੇਦਾਰ ਹੀ ਉਸ ਲਈ ਕੰਡੇ ਬੀਜਣ ਵਾਲੇ ਸਿੱਧ ਹੁੰਦੇ ਹਨ। ਉਸ ਦੇ ਆਪਣੇ ਢਿੱਡੋਂ ਕੱਢੇ ਬੱਚੇ ਵੀ ਉਸ ਨਾਲ ਧੋਖਾ ਤੇ ਬੇਰਹਿਮੀ ਦਾ ਵਰਤਾਓ ਕਰਦੇ ਹਨ। ਇਸ ਕਹਾਣੀ ਦੀ ਬਣਤਰ ਨਾਵਲਿਟ ਜਾਂ ਨਾਵਲ ਵਾਲੀ ਭਾਸਦੀ ਹੈ। ਪੰਜ 'ਡਾਲਰ ਦਾ ਨੋਟ' ਦੀ ਕੁੜੀ ਪਾਤਰ ਵਿਦੇਸ਼ਾਂ 'ਚ ਪੈਸਾ ਤਾਂ ਕਮਾ ਲੈਂਦੀ ਹੈ ਪਰ ਆਪਣੇ ਸਭਿਆਚਾਰ ਤੋਂ ਹੀਣੀ ਹੋ ਜਾਂਦੀ ਹੈ। ਉਹ ਇਕ ਪ੍ਰਸ਼ਨ ਵੀ ਖੜ੍ਹਾ ਕਰਦੀ ਹੈ ਕਿ ਸਾਡੇ ਮੁਲਕਾਂ ਵਿਚ ਕੰਮ ਮਿਲ ਜਾਂਦਾ ਤਾਂ ਪੱਛਮੀ ਮੁਲਕਾਂ ਵਿਚ ਕਾਹਤੋਂ ਆਉਣਾ ਸੀ।

'ਸੁੱਕੇ ਖੂਹ ਦਾ ਪਾਣੀ' ਦੀ ਇੰਦਰ ਕੌਰ ਆਪਣੇ ਪੁਰਾਣੇ ਦੇਸੀ ਜੀਵਨ ਵਿਚ ਰਹਿ ਕੇ ਹੀ ਖ਼ੁਸ਼ੀ ਮਹਿਸੂਸ ਕਰਦੀ ਹੈ, ਉਸ ਨੂੰ ਨਵੀਆਂ ਰਹੁ ਰੀਤਾਂ ਵਿਚ ਆਨੰਦ ਨਹੀਂ ਆਉਂਦਾ। 'ਜ਼ਹਿਰੀਲਾ ਨਾਗ' ਕਹਾਣੀ ਪਿੰਡਾਂ ਵਿਚ ਪ੍ਰਚੱਲਿਤ ਇਸ ਮਣੌਤ ਨੂੰ ਸਾਕਾਰ ਕਰਦੀ ਹੈ ਕਿ ਨਾਗ ਬਦਲਾਖ਼ੋਰ ਹੁੰਦੇ ਹਨ। । 'ਥੇਹ ਵਾਲਾ ਜਿੰਨ' ਪੇਂਡੂ ਅੰਧ ਵਿਸ਼ਵਾਸ ਵਿਚ ਫਸੇ ਲੋਕਾਂ ਦਾ ਸੰਤਾਪ ਜ਼ਾਹਿਰ ਕਰਦੀ ਹੈ। ਵਿਗਿਆਨਕ ਸੋਚ ਹੀ ਉਨ੍ਹਾਂ ਨੂੰ ਇਸ ਮਕੜ ਜਾਲ 'ਚੋਂ ਕੱਢ ਸਕਦੀ ਹੈ।

• ਕੇ. ਐੱਲ. ਗਰਗ

ਸ਼ਾਇਰ ਮਦਨ ਵੀਰਾ ਬਾਗ਼ੀ ਸੁਰ ਵਾਲਾ ਕਵੀ ਹੈ। ਉਹ ਸਮਾਜ 'ਚ ਵਾਪਰ ਰਹੀਆਂ ਘਟਨਾਵਾਂ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਬਾਰੀਕੀ ਨਾਲ ਉਨ੍ਹਾਂ 'ਤੇ ਕਟਾਖਸ਼ ਕਰਦਾ ਹੈ। ਮਦਨ ਵੀਰਾ ਸਮਾਜਕ, ਰਾਜਸੀ ਤੇ ਆਰਥਿਕ ਪਹਿਲੂਆਂ ਨੂੰ ਕੰਨੋਂ ਫੜਦਾ ਹੈ। ਉਹ ਹੋ ਰਹੇ ਵਾਕਿਆ ਨੂੰ ਹੋਣੀ ਨਹੀਂ, ਸਾਜ਼ਿਸ਼ ਆਖਦਾ ਹੈ। ਕਾਵਿ ਸੰਗ੍ਰਹਿ ਦਾ ਨਾਂ ਵੀ ਇਹੀ ਦੱਸਦਾ ਹੈ ਕਿ ਇਹ ਨਾਬਰਾਂ ਦੀ ਲਿਖਤ ਹੈ, ਜਿਨ੍ਹਾਂ ਦੀ ਪੈੜ ਉਲਟੀ ਹੈ। ਮਦਨ ਵੀਰਾ ਪਹਿਲੀ ਕਵਿਤਾ 'ਚ ਹੀ ਘਰ, ਸਮਾਜ ਤੇ ਦੇਸ਼ ਦੇ ਕੌੜੇ ਸੱਚ 'ਤੇ ਬੇਬਾਕੀ ਨਾਲ ਉਂਗਲ ਧਰਦਾ ਹੈ। ਉਹ ਬਾਗ਼ੀ ਹੈ ਉਨ੍ਹਾਂ ਸਾਰੀਆਂ ਅਖੌਤੀ ਬੰਦਸ਼ਾਂ ਤੋਂ ਜੋ ਮਾਨਵੀ ਵਿਕਾਸ 'ਚ ਅੜਿੱਕਾ ਬਣਦੀਆਂ ਹਨ। ਉਸ ਦੀ ਹਰ ਕਵਿਤਾ ਸਿਆਸੀ ਹੈ, ਉਹ ਸਿਆਸੀ ਵਰਤਾਰਿਆਂ ਨੂੰ ਚਿਤਾਵਨੀ ਦਿੰਦਾ ਹੈ, ਚੁਣੌਤੀ ਦਿੰਦਾ ਹੈ। ਉਸ ਨੂੰ ਆਪਣੇ ਨਾਲ ਹੋ ਰਹੇ ਦੀ 'ਪਛਾਣ' ਹੈ। ਉਹ 'ਖ਼ਾਰਜ' ਕਰ ਬੇਦਾਵਾ ਲਿਖਦਾ ਹੈ, ਦੇਸ਼ ਦੇ ਜਾਅਲੀ ਨਿਜ਼ਾਮ ਨੂੰ। ਬਨਾਵਟੀ ਧਾਰਮਿਕ ਰਿਵਾਜਾਂ ਦੇ ਜੋ 'ਗੁਰ' ਨੇ ਕਵੀ ਉਨ੍ਹਾਂ ਨੂੰ ਭੰਡਦਾ ਹੈ।

ਉਸ ਦੀ ਕਵਿਤਾ ਕਿਰਤੀ ਨਾਲ ਮਿਲਾਪ ਕਰਵਾਉਂਦੀ ਹੈ। ਕਵੀ 'ਪਥੇਰੇ' ਨੂੰ ਮਿਲਦਾ ਹੈ, ਪਥੇਰਾ ਹੋ ਜਾਂਦਾ ਹੈ। ਕਵਿਤਾ ਲਿਖਦਾ ਹੈ, ਕਵਿਤਾ ਪਥੇਰਾ ਹੋ ਜਾਂਦੀ ਹੈ। ਪਥੇਰਾ ਹੋਣਾ ਕੀ ਹੈ, ਕਵਿਤਾ ਪੜ੍ਹ ਪਾਠਕ ਵੀ ਪਥੇਰਾ ਹੋ ਜਾਂਦਾ ਹੈ। ਨਵ-ਪੂੰਜੀਵਾਦ ਨੇ ਦੁਨੀਆ ਨੂੰ ਇਕ ਮੰਡੀ ਬਣਾ ਦਿੱਤਾ ਹੈ। ਜਿੱਥੇ ਹਰ ਸ਼ੈਅ ਵਸਤੂ ਦੇ ਰੂਪ 'ਚ ਦੇਖੀ ਜਾਂਦੀ ਹੈ, ਅਜਿਹੇ ਮਾਹੌਲ 'ਚ ਕਵੀ ਚੁਣੌਤੀ ਦਿੰਦਾ ਹੈ। ਨਿੱਜੀਕਰਨ ਨੇ ਕਿੰਝ ਪਰਿਵਾਰਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ ਤੇ ਘਰਾਂ 'ਚ ਬਜ਼ੁਰਗਾਂ ਦੀ ਹੋਣੀ ਨੂੰ ਕਵੀ ਭਾਂਪਦਾ ਹੈ। ਉਹ ਲੋਰੀਆਂ, ਕਹਾਣੀਆਂ ਤੇ ਹੁੰਗਾਰਿਆਂ ਨੂੰ ਲੱਭ ਰਿਹਾ ਲਿਖਦਾ ਹੈ-

*...ਤਿੜਕ ਰਹੇ ਨੇ*
*ਭਾਵੁਕ ਰਿਸ਼ਤਿਆਂ ਦੇ*
*ਪੀੜ੍ਹ-ਪਾਵੇ*
*ਤੇ ਮੇਰੇ ਸ਼ਹਿਰ 'ਚ ਵੀ*
*ਬਣ ਗਿਆ ਹੈ 'ਓਲਡ ਏਜ ਹੋਮ'*
*ਤਾਂ ਦੱਸੋ*
*ਲੋਰੀਆਂ ਕੌਣ ਸੁਣਾਉਂਦਾ ਏ?*

• ਅਕਾਸ਼ਦੀਪ

ਬਹੁਵਿਧਾਵੀ ਲੇਖਕ ਬਲਜਿੰਦਰ ਮਾਨ ਨੇ ਬਾਲ ਸਾਹਿਤ ਸਿਰਜਣਾ, ਬਾਲ ਰਸਾਲੇ ਦੀ ਸੰਪਾਦਨਾ, ਅਨੁਵਾਦ, ਸੱਭਿਆਚਾਰਕ ਮੇਲੇ ਤੇ ਬਾਲ ਲੇਖਕ ਮੁਕਾਬਲੇ ਆਦਿ ਖੇਤਰਾਂ ਵਿਚ ਆਪਣੇ ਆਪ ਨੂੰ ਸਮਰਪਿਤ ਕਰ ਕੇ ਨਾਮਣਾ ਖੱਟਿਆ ਹੈ। ਦਰਜਨਾਂ ਪੁਸਤਕਾਂ ਦੇ ਰਚੇਤਾ ਬਲਜਿੰਦਰ ਮਾਨ ਨੇ ਪੰਜਾਬ ਸਿੱਖਿਆ ਦੇ ਸਮਰਪਿਤ, ਪੁਰਸਕਾਰਿਤ ਅਤੇ ਸਨਮਾਨਜਨਕ ਚਾਨਣ ਦੇ ਵਣਜਾਰਿਆਂ ਦੀਆਂ ਸਿੱਖਿਆ, ਸਾਹਿਤ ਅਤੇ ਹੋਰ ਖੇਤਰਾਂ ਵਿਚ ਪ੍ਰਾਪਤੀਆਂ ਨੂੰ ਪੁਸਤਕ 'ਪੰਜਾਬ ਦੇ ਰੌਸ਼ਨ ਚਿਰਾਗ਼' ਵਿਚ ਸ਼ਾਮਲ ਕਰ ਕੇ ਇਕ ਨਵਾਂ ਮੀਲ ਪੱਥਰ ਗੱਡਿਆ ਹੈ।

ਇਸ ਪੁਸਤਕ ਵਿਚ ਸ਼ਾਮਲ 61 ਸਿੱਖਿਆ ਸ਼ਾਸਤਰੀਆਂ ਵਿੱਚੋਂ ਅਮਰੀਕ ਸਿੰਘ ਤਲਵੰਡੀ. ਡਾ. ਅਰਮਨਪ੍ਰੀਤ, ਗਿਆਨੀ ਹਰਕੰਵਲ ਸਿੰਘ ਸੈਲਾਨੀ, ਅਵਤਾਰ ਲੰਗੇਰੀ, ਪ੍ਰਿੰ. ਵਿਜੈ ਕੁਮਾਰ, ਡਾ. ਸਿਮਰਤ ਸੁਮੈਰਾ ਅਤੇ ਡਾ. ਧਰਮਪਾਲ ਸਾਹਿਲ ਵਰਗੇ ਕਿੰਨੇ ਹੀ ਹੋਰ ਸਾਹਿਤਕ ਖੇਤਰ ਵਿਚ ਵੀ ਆਪਣੀ ਜ਼ਿਕਰਯੋਗ ਥਾਂ ਬਣਾਈ ਬੈਠੇ ਹਨ। ਬਲਜਿੰਦਰ ਨੇ ਨੈਸ਼ਨਲ ਅਵਾਰਡੀ ਅਤੇ ਹੋਰ ਖੇਤਰਾਂ ਵਿਚ ਰਾਸ਼ਟਰੀ ਪੱਧਰ 'ਤੇ ਮੱਲ੍ਹਾਂ ਮਾਰਨ ਵਾਲੇ ਅਧਿਆਪਕਾਂ ਦੇ ਜੀਵਨ, ਉਨ੍ਹਾਂ ਦੀ ਕਾਰਜ ਸ਼ੈਲੀ, ਨਿਵੇਕਲੀਆਂ ਉਪਲਬਧੀਆਂ ਅਤੇ ਸਿੱਖਿਆ ਤੇ ਸਮਾਜ 'ਤੇ ਪੈਂਦੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਪ੍ਰਭਾਵ ਨੂੰ ਪੁਸਤਕ ਰੂਪ ਵਿਚ ਪਾਠਕਾਂ ਸਾਹਮਣੇ ਰੱਖਣ ਦਾ ਉਪਰਾਲਾ ਕੀਤਾ ਹੈ ਤਾਂ ਜੋ ਸਿੱਖਿਆ ਖੇਤਰ ਵਿਚ ਇਨ੍ਹਾਂ ਰੋਸ਼ਨ ਚਿਰਾਗ਼ਾਂ ਤੋਂ ਹੋਰ ਨਵੇਂ-ਪੁਰਾਣੇ ਅਧਿਆਪਕ ਪ੍ਰੇਰਨਾ ਲੈ ਸਕਣ। ਬਲਜਿੰਦਰ ਮਾਨ ਦੀ ਇਸ ਕਿਰਤ ਨੇ ਉਨ੍ਹਾਂ ਲੋਕਾਂ ਨੂੰ ਆਪਣੇ ਦੰਦਾਂ ਹੇਠ ਉਂਗਲ ਦੱਬਣ ਲਈ ਮਜਬੂਰ ਕਰ ਦਿੱਤਾ ਹੈ, ਜਿਨ੍ਹਾਂ ਦੀ ਉਂਗਲ ਹਰ ਸਮੇਂ ਅਧਿਆਪਕਾਂ ਦੇ ਕੰਮਕਾਰ 'ਤੇ ਉੱਠਦੀ ਰਹਿੰਦੀ ਸੀ। ਇਨ੍ਹਾਂ ਮੁਖੀਆਂ ਤੇ ਅਧਿਆਪਕਾਂ ਨੇ ਇਸ ਤਰ੍ਹਾਂ ਸਾਧਨਹੀਣ ਤੇ ਅਣਸੁਖਾਵੀਆਂ ਹਾਲਤਾਂ ਵਿਚ ਪ੍ਰਸ਼ਾਸਨ ਵਲੋਂ ਪੜ੍ਹਾਉਣ ਤੋਂ ਇਲਾਵਾ ਹੋਰ ਕਈ ਤਰ੍ਹਾਂ ਦੇ ਸਰੀਰਕ ਤੇਮਾਨਸਿਕ ਦਬਾਵਾਂ-ਤਣਾਵਾਂ ਹੇਠ ਨਵੀਆਂ ਲੀਹਾਂ ਪਾਈਆਂ ਹਨ। ਪੁਸਤਕ ਦੀ ਸ਼ੈਲੀ ਸਰਲ, ਸਪਸ਼ਟ ਤੇ ਰੌਚਕ ਹੈ।



ਅਜੋਕੇ 'ਗਲੋਬਲਾਈਜੇਸ਼ਨ' ਨੇ ਜਿੱਥੇ ਵਿਸ਼ਵ ਭਰ ਦੇ ਮਨੁੱਖਾਂ ਦੀ ਆਰਥਿਕਤਾ ਅਤੇ ਜੀਵਨ ਸ਼ੈਲੀ ਨੂੰ ਪ੍ਰਭਾਵਿਤ ਕੀਤਾ ਹੈ, ਉੱਥੇ ਇਸ ਵਿਸ਼ਵ ਵਰਤਾਰੇ ਦਾ ਪ੍ਰਭਾਵ ਸਾਡੀਆਂ ਕੋਮਲ ਕਲਾਵਾਂ ਅਤੇ ਵਿਸ਼ੇਸ਼ ਕਰ ਕੇ 'ਪੰਜਾਬੀ ਨਾਟਕ' ਨੇ ਵੀ ਕਬੂਲਿਆ ਹੈ। ਪੁਸਤਕ 'ਪੰਜਾਬੀ ਨਾਟ ਮੰਚ ਦੇ ਗਲੋਬਲੀ ਪਸਾਰ' ਵਿਚ ਪੰਜਾਬੀ ਨਾਟਕ ਨਾਲ ਜੁੜੀਆਂ 40 ਪ੍ਰਸਿੱਧ ਹਸਤੀਆਂ ਵਲੋਂ ਲਿਖੇ ਗਏ ਲੇਖਾਂ ਦੀ ਸੰਪਾਦਨਾ ਪ੍ਰੋ. ਰਵਿੰਦਰ ਕੌਰ ਵਲੋਂ ਕੀਤੀ ਗਈ ਹੈ। ਇਸ ਵੱਡਅਕਾਰੀ ਤੇ ਮਹੱਤਵਪੂਰਨ ਪੁਸਤਕ ਦੀ ਸੰਪਾਦਨਾ ਵਿਚ ਡਾ. ਜਸਪ੍ਰੀਤ ਕੌਰ ਗੁਲਾਟੀ, ਪ੍ਰੋ. ਅਮਨਦੀਪ ਕੌਰ, ਪ੍ਰੋ. ਮਨਪ੍ਰੀਤ ਕੌਰ ਅਤੇ ਪ੍ਰੋ. ਸੰਦੀਪ ਕੌਰ ਵਲੋਂ ਵੀ ਸੰਪਾਦਕੀ ਸਹਿਯੋਗ ਦਿੱਤਾ ਗਿਆ ਹੈ।

'ਪੰਜਾਬੀ ਨਾਟ-ਮੰਚ ਦੇ ਗਲੋਬਲੀ ਪਸਾਰਾਂ ਨੂੰ ਵੱਖੋ ਵੱਖਰੇ ਦ੍ਰਿਸ਼ਟੀਕੋਣ ਅਤੇ ਸਰੋਕਾਰਾਂ ਦੇ ਜਾਵੀਏ ਤੋਂ ਡਾ. ਪਰਮਜੀਤ ਵਰਮਾ, ਪ੍ਰੋ. ਗੁਰਜੀਤ ਕੌਰ, ਡਾ, ਰਵਿੰਦਰ ਕੌਰ, ਪ੍ਰੋ. ਮਨਪ੍ਰੀਤ ਕੌਰ ਭੱਟੀ, ਪ੍ਰੋ. ਸੀਮਾ, ਵੀਰਪਾਲ ਕੌਰ, ਪ੍ਰੋ. ਅਮਨਦੀਪ ਕੌਰ, ਸੁਖਵਿੰਦਰ ਕੌਰ, ਰਾਜਵਿੰਦਰ ਕੌਰ, ਡਾ. ਵੰਦਨਾ ਕਪੂਰ, ਪ੍ਰੋ. ਹਰਪ੍ਰੀਤ ਕੌਰ ਕਾਹਲੋਂ, ਪ੍ਰੋ. ਨਵਜੋਤ ਕੌਰ, ਪਿੰਕੀ ਨਾਗਰਾ, ਸਰਬਜੀਤ ਸਿੰਘ, ਪ੍ਰੋ. ਹਰਪ੍ਰੀਤ ਸਿੰਘ, ਸਤਵੀਰ ਕੌਰ, ਡਾ. ਮੋਨਿਕਾ ਸਾਹਨੀ, ਪ੍ਰੋ. ਸੰਦੀਪ ਕੌਰ, ਬਲਜਿੰਦਰ ਕੌਰ, ਗੁਰਤੇਜ ਸਿੰਘ, ਕਮਲਪ੍ਰੀਤ ਕੌਰ, ਡਾ. ਸੁਖਵੀਰ ਕੌਰ, ਸੁਰਿੰਦਰ ਕੌਰ ਨਰੂਲਾ, ਡਾ. ਸੰਦੀਪ ਕੌਰ ਸੇਖੋਂ, ਡਾ. ਛਿੰਦਰਪਾਲ ਕੌਰ, ਡਾ. ਨਰਿੰਦਰ ਜੀਤ ਕੌਰ, ਡਾ. ਸਵਰਨਜੀਤ ਕੌਰ. ਡਾ. ਮਨਜੀਤ ਕੌਰ, ਜਿਓਤੀ, ਡਾ. ਵੰਦਨਾ, ਪ੍ਰੋ. ਰੇਨੂੰ, ਡਾ. ਦਮਨਜੀਤ ਕੌਰ ਬਾਗਾ, ਡਾ. ਰਜਿੰਦਰ ਪਾਲ ਕੌਰ, ਪ੍ਰੋ. ਵੀਨਾ ਅਰੋੜਾ, ਪ੍ਰੋ. ਅਮਨਿੰਦਰ ਪ੍ਰੀਤ ਚਹਿਲ ਅਤੇ ਡਾ. ਸੁਖਵੀਰ ਕੌਰ ਸ਼ੇਰਗਿਲ ਨੇ ਸੂਖਮ ਵਿਸ਼ਲੇਸ਼ਣ ਅਤੇ ਨਵੀਆਂ ਜਾਣਕਾਰੀਆਂ ਨਾਲ ਪੁਸਤਕ ਨੂੰ ਗਿਆਨਵਰਧਕ ਬਣਾ ਦਿੱਤਾ ਹੈ ਜੋ ਵਿਸ਼ੇਸ਼ ਕਰ ਕੇ ਪੰਜਵੀ ਪੀੜ੍ਹੀ ਦੇ ਨਾਟਕਕਾਰਾਂ ਲਈ ਇਕ ਇਨਸਾਈਕਲੋਪੀਡੀਆ ਦਾ ਕੰਮ ਕਰੇਗੀ। ਉਨ੍ਹਾਂ ਨੂੰ ਪੰਜਾਬੀ ਨਾਟ ਮੰਚ ਨੂੰ ਇਤਿਹਾਸਕ ਅਤੇ ਆਧੁਨਿਕ ਪਰਿਪੇਖ ਵਿਚ ਸਮਝਣ ਲਈ ਰਾਹ ਦਸੇਰੇ ਦਾ ਕੰਮ ਕਰੇਗੀ।

ਇਹ ਪੁਸਤਕ ਨਾਟ ਮੰਚ ਦੀ ਗਤੀਸ਼ੀਲਤਾ ਨੂੰ ਜਾਰੀ ਰੱਖਦੇ ਹੋਏ ਨਵੀਨਤਾ ਨੂੰ ਅਪਣਾਉਂਦੇ ਹੋਏ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਲਈ ਪ੍ਰੇਰਦੀ ਹੈ। ਪੰਜਾਬੀ ਨਾਟ ਮੰਚ ਨਾਲ ਸਬੰਧ ਰੱਖਣ ਵਾਲੇ ਵਿਅਕਤੀ ਲਈ ਉਸਾਰੂ ਤੇ ਵਿਆਪਕ ਸੋਚ ਪੈਦਾ ਕਰਨ ਵਿਚ ਸਹਾਇਕ ਸਿੱਧ ਹੁੰਦੀ ਹੈ ਅਤੇ ਵਿਸ਼ਵ ਪੱਧਰ 'ਤੇ ਪੰਜਾਬੀ ਨਾਟ ਮੰਚ ਨੂੰ ਪ੍ਰਫੁਲਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਦੀ ਸਮਰਥਾ ਰੱਖਦੀ ਹੈ। ਪ੍ਰੋ. ਰਵਿੰਦਰ ਕੌਰ ਅਤੇ ਉਨ੍ਹਾਂ ਦੇ ਸਹਿਯੋਗੀ ਸੰਪਾਦਕਾਂ ਵਲੋਂ ਪੰਜਾਬੀ ਨਾਟ ਮੰਚ ਲਈ ਕੀਤੇ ਗਏ ਇਸ ਵੱਡਮੁੱਲੇ ਕਾਰਜ ਦਾ ਸੁਆਗਤ ਕਰਨਾ ਬਣਦਾ ਹੈ।

• ਧਰਮਪਾਲ ਸਾਹਿਲ

# ਪਠਾਨਕੋਟ ’ਚ ਨਸ਼ਿਆਂ ਖ਼ਿਲਾਫ਼ ਜੰਗ, ਡੀ.ਏ.ਵੀ. ਸਕੂਲ ਤੋਂ ਮਿਸ਼ਨ ਚੌਕ ਤੱਕ ਗੂੰਜਿਆ ਨਸ਼ਾ ਮੁਕਤੀ ਦਾ ਸੰਦੇਸ਼

ਕੌਮੀ ਪੱਤ੍ਰਿਕਾ

ਪਠਾਨਕੋਟ 25 ਅਪ੍ਰੈਲ। ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਜ਼ਿਲ੍ਹਾ ਪਠਾਨਕੋਟ ਵਿੱਚ ਨਸ਼ਿਆਂ ਖਿਲਾਫ ਜਾਗਰੂਕਤਾ ਫੈਲਾਉਣ ਲਈ ਇੱਕ ਵਿਸ਼ਾਲ ਪੈਦਲ ਯਾਤਰਾ ਕੱਢੀ ਗਈ। ਇਹ ਯਾਤਰਾ ਡੀ. ਏ. ਵੀ. ਪਬਲਿਕ ਸਕੂਲ ਤੋਂ ਸ਼ੁਰੂ ਹੋ ਕੇ ਸ਼ਨੀਦੇਵ ਮੰਦਰ-ਏਪੀਕੇ ਰੋਡ-ਰਾਮਲੀਲਾ ਗਰਾਊਂਡ-ਮਿਸ਼ਨ ਚੌਕ ਰਾਹੀਂ ਗੁਜ਼ਰਦੀ ਹੋਈ ਸਲੈਕਟ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਪਠਾਨਕੋਟ ਵਿਖੇ ਸਮਾਪਤ ਹੋਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਵ ਸ੍ਰੀ ਵਿਵੇਕ ਪ੍ਰਤਾਪ ਸਿੰਘ ਸਕੱਤਰ ਪੰਜਾਬ ਰਾਜਪਾਲ, ਸ਼ਿਵ ਦੁਲਾਰ ਸਿੰਘ ਢਿੱਲੋਂ ਸਕੱਤਰ ਰੈੱਡ ਕ੍ਰਾਸ ਪੰਜਾਬ, ਡਾ. ਪੱਲਵੀ ਡਿਪਟੀ ਕਮਿਸ਼ਨਰ ਪਠਾਨਕੋਟ, ਅਸ਼ਵਨੀ ਸ਼ਰਮਾ ਵਿਧਾਇਕ ਪਠਾਨਕੋਟ, ਸਾਬਕਾ ਮੇਅਰ ਅਨਿਲ ਵਾਸੂ ਦੇਵਾ, ਜ਼ਿਲ੍ਹਾ ਪ੍ਰਧਾਨ ਸੁਰੇਸ਼ ਕੁਮਾਰ, ਸਾਬਕਾ ਸਪੀਕਰ ਦਿਨੇਸ਼ ਸਿੰਘ ਬੱਬੂ, ਸੀਮਾ ਕੁਮਾਰੀ ਸਾਬਕਾ ਵਿਧਾਇਕ, ਦਲਜਿੰਦਰ ਸਿੰਘ ਢਿੱਲੋਂ ਐਸਐਸਪੀ ਪਠਾਨਕੋਟ, ਅਰਸ਼ਦੀਪ ਸਿੰਘ ਐੱਸਡੀਐੱਮ ਪਠਾਨਕੋਟ ਅਤੇ ਹੋਰ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀ ਅਤੇ ਸ਼ਹਿਰ ਵਾਸੀ ਵੀ ਹਾਜ਼ਰ ਸਨ। ਇਸ ਮੌਕੇ ਸ਼ਹਿਰ ਦੇ ਪਤਵੰਤੇ ਵਿਅਕਤੀਆਂ, ਵਿਦਿਆਰਥੀਆਂ ਅਤੇ ਵੱਖ-ਵੱਖ ਸਮਾਜਿਕ ਸੰਸਥਾਵਾਂ ਦੇ ਮੈਂਬਰਾਂ ਨੇ ਹਿੱਸਾ ਲਿਆ ਅਤੇ ਨਸ਼ਾ ਮੁਕਤ ਸਮਾਜ ਬਣਾਉਣ ਦਾ ਸੰਦੇਸ਼ ਦਿੱਤਾ। ਉਹਨਾਂ ਵੱਲੋਂ ਵੱਖ-ਵੱਖ ਚੌਕਾਂ ਵਿੱਚ ਫੁੱਲਾਂ ਦੀ ਵਰਖਾ ਕਰਕੇ ਅਤੇ ਯਾਦਗਾਰ ਜਿਨਾਂ ਦੇ ਨਾਲ ਦੁਸ਼ਾਲੇ ਭੇਟ ਕਰਕੇ ਮਾਣਯੋਗ ਰਾਜਪਾਲ ਪੰਜਾਬ ਦੇ ਉਪਰਾਲੇ ਦਾ ਸਮਰਥਨ ਕੀਤਾ ਗਿਆ। ਇਸ ਦੌਰਾਨ ਸੰਬੋਧਨ ਕਰਦੇ ਹੋਏ ਰਾਜਪਾਲ ਗੁਲਾਬ ਚੰਦ ਕਟਾਰੀਆ ਜੀ ਨੇ ਕਿਹਾ ਕਿ ਨਸ਼ਾ ਸਿਰਫ ਇੱਕ ਵਿਅਕਤੀ ਨੂੰ ਹੀ ਨਹੀਂ ਬਲਕਿ ਪੂਰੇ ਪਰਿਵਾਰ ਅਤੇ ਸਮਾਜ ਨੂੰ ਬਰਬਾਦ ਕਰਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਇਸ ਲਈ ਸਰਕਾਰ ਦੇ ਨਾਲ-ਨਾਲ ਸਮਾਜ ਦੇ ਹਰ ਵਰਗ ਨੂੰ ਅੱਗੇ ਆਉਣਾ ਪਵੇਗਾ। ਉਨ੍ਹਾਂ ਕਿਹਾ ਕਿ ਸਕੂਲਾਂ ਅਤੇ ਕਾਲਜਾਂ ਵਿੱਚ ਜਾਗਰੂਕਤਾ ਮੁਹਿੰਮਾਂ ਨੂੰ ਹੋਰ ਤੇਜ਼ ਕੀਤਾ ਜਾਵੇ ਤਾਂ ਜੋ ਬੱਚਿਆਂ ਨੂੰ ਸ਼ੁਰੂ ਤੋਂ ਹੀ ਨਸ਼ਿਆਂ ਦੇ ਨੁਕਸਾਨ ਬਾਰੇ ਜਾਣਕਾਰੀ ਮਿਲ ਸਕੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਕਿਸੇ ਵੀ

ਤਰ੍ਹਾਂ ਦੀ ਨਸ਼ੇ ਨਾਲ ਸੰਬੰਧਿਤ ਗਤੀਵਿਧੀ ਦੇਖਣ ’ਤੇ ਤੁਰੰਤ ਪ੍ਰਸ਼ਾਸਨ ਨੂੰ ਸੂਚਿਤ ਕਰਨ। ਇਸ ਪੈਦਲ ਯਾਤਰਾ ਦਾ ਮੁੱਖ ਉਦੇਸ਼ ਸਮਾਜ ਵਿੱਚ ਨਸ਼ਿਆਂ ਖ਼?ਲਾਫ ਇੱਕ ਮਜ਼ਬੂਤ ਸੰਦੇਸ਼ ਦੇਣਾ ਅਤੇ ਲੋਕਾਂ ਨੂੰ ਇਸ ਮੁਹਿੰਮ ਨਾਲ ਜੁੜਨ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਉਹਨਾਂ ਵੱਲੋਂ ਨਸ਼ਿਆਂ ਖਿਲਾਫ ਜੋ ਮੁਹਿੰਮ ਸ਼ੁਰੂ ਕੀਤੀ ਗਈ ਸੀ, ਉਸ ਅਧੀਨ ਪੂਰੇ ਪੰਜਾਬ ਦੇ ਅੰਦਰ ਵੱਖ-ਵੱਖ ਜ਼ਿਲਿਆਂ ਦੇ ਵਿੱਚ ਪੈਦਲ ਯਾਤਰਾਵਾਂ ਕੱਢ ਕੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਅੱਜ ਖੁਸ਼ੀ ਦੀ ਗੱਲ ਹੈ ਕਿ ਜ਼ਿਲ੍ਹਾ ਪਠਾਨਕੋਟ ਵਿਖੇ ਵੀ ਇੱਕ ਪੈਦਲ ਯਾਤਰਾ ਕੱਢ ਕੇ ਲੋਕਾਂ ਨੂੰ ਇਹ ਸੰਦੇਸ਼ ਦਿੱਤਾ ਗਿਆ ਹੈ ਕਿ ਆਓ ਪੰਜਾਬ ਨੂੰ ਨਸ਼ਾ ਮੁਕਤ ਬਣਾਈਏ ਅਤੇ ਰੰਗਲੇ ਪੰਜਾਬ ਦੀ ਸਿਰਜਣਾ ਕਰੀਏ। ਉਹਨਾਂ ਕਿਹਾ ਕਿ ਮੈਨੂੰ ਹੋਰ ਵੀ ਬੜੀ ਖੁਸ਼ੀ ਹੋਈ ਕਿ ਇਸ ਦੌਰੇ ਦੌਰਾਨ ਕੁਝ ਪਿੰਡਾਂ ਨੇ ਇਹ ਸਪਸ਼ਟ ਰੂਪ ਵਿੱਚ ਕਿਹਾ ਕਿ ਉਹਨਾਂ ਦਾ ਪਿੰਡ ਬਿਲਕੁਲ ਨਸ਼ਾ ਮੁਕਤ ਹੈ ਅਤੇ ਮੇਰਾ ਇੱਕ ਉਹਨਾਂ ਪਿੰਡਾਂ ਨੂੰ ਸੁਝਾਅ ਹੈ ਕਿ ਉਹ ਆਪਣੇ ਪਿੰਡਾਂ ਦੇ ਵਾਰ ਇਹ ਬੋਰਡ ਜ਼ਰੂਰ ਲਗਵਾਉਣ ਕਿ ਇਹ ਪਿੰਡ ਨਸ਼ਾ ਮੁਕਤ ਹੈ ਇਸ ਦੇ ਨਾਲ ਹੋਰਨਾਂ ਲੋਕਾਂ ਤੇ ਵੀ ਇਸ ਦਾ ਬਹੁਤ ਚੰਗਾ ਪ੍ਰਭਾਵ ਪਵੇਗਾ। ਉਹਨਾਂ ਕਿਹਾ ਕਿ ਨਸ਼ੇ ਨੂੰ ਰੋਕਣ ਲਈ ਉਹਨਾਂ ਵੱਲੋਂ ਵੀ.ਡੀ. ਸੀਜ ਦੇ ਲਈ ਕੁਝ ਫੰਡ ਵੀ ਜਾਰੀ ਕੀਤੇ ਹਨ। ਮੇਰੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਪੀਲ ਹੈ ਕਿ ਇਹਨਾਂ ਫੰਡਾਂ ਦੀ ਵਰਤੋਂ ਉਹਨਾਂ ਮੈਂਬਰ ਸਾਹਿਬਾਨਾਂ ਲਈ ਨਕਦ ਇਨਾਮ ਦੇ ਕੇ ਕੀਤੀ ਜਾਵੇ ਜਿਨਾਂ ਨੇ ਨਸ਼ੇ ਨੂੰ ਬੰਦ ਕਰਾਉਣ ਦੇ ਲਈ ਆਪਣਾ ਵਿਸ਼ੇਸ਼ ਯੋਗਦਾਨ ਦਿੰਦੇ ਹੋਏ ਅਹਿਮ ਕਦਮ ਚੁੱਕੇ ਤਾਂ ਜੋ ਉਹਨਾਂ ਦੀ ਇਸ ਕਾਰਗੁਜ਼ਾਰੀ ਪ੍ਰਭਾਵਿਤ ਹੋ ਕੇ ਹੋਰ ਵੀ ਨੌਜਵਾਨ ਅੱਗੇ ਆਉਣ ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਬਣਾਇਆ ਜਾ ਸਕੇ। ਸਮਾਰੋਹ ਦੇ ਅੰਤ ਵਿੱਚ ਮਾਣਯੋਗ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਵੱਲੋਂ ਨਸ਼ੇ ਦੇ ਵਿਰੁੱਧ ਇੱਕ ਸਹੁੰ ਵੀ ਚੁਕਾਈ ਗਈ ਜਿਸ ਵਿੱਚ ਸਾਰਿਆਂ ਨੇ ਇਹ ਭਰੋਸਾ ਦਿੱਤਾ ਕਿ ਉਹ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣਗੇ।

## ਪੀ. ਜੀ. ਆਈ. ਜਾਣ ਵਾਲਿਆਂ ਲਈ ਰਾਹਤ ਭਰੀ ਖ਼ਬਰ, ਮਰੀਜ਼ਾਂ ਲਈ ਲਿਆ ਗਿਆ ਵੱਡਾ ਫ਼ੈਸਲਾ

ਚੰਡੀਗੜ੍ਹ 25 ਅਪ੍ਰੈਲ। ਇੱਥੇ ਪੀ. ਜੀ. ਆਈ. ਨੇ ਮਰੀਜ਼ਾਂ ਨੂੰ ਬਿਹਤਰ ਅਤੇ ਆਧੁਨਿਕ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ। ਸੰਸਥਾ ਨੇ 25 ਅਪ੍ਰੈਲ, 2026 ਤੋਂ ਆਪਣੀਆਂ ਨਿਊਰੋਲੋਜੀ ਅਤੇ ਨਿਊਰੋਸਰਜਰੀ ਓ. ਪੀ. ਡੀ. ਸੇਵਾਵਾਂ (ਟਰੋਮਾ ਓ. ਪੀ. ਡੀ. ਨੂੰ ਛੱਡ ਕੇ) ਨੂੰ ਐਡਵਾਂਸਡ ਨਿਊਰੋਸਾਇੰਸ ਸੈਂਟਰ ’ਚ ਤਬਦੀਲ ਕਰਨ ਦਾ ਫ਼ੈਸਲਾ ਕੀਤਾ ਹੈ। ਪੀ. ਜੀ. ਆਈ. ਪ੍ਰਸ਼ਾਸਨ ਦੇ ਅਨੁਸਾਰ ਨਵੇਂ ਓ. ਪੀ. ਡੀ. ਬਲਾਕ ’ਚ ਮੌਜੂਦਾ ਸਮੇਂ ਚੱਲ ਰਹੀਆਂ ਇਹ ਸੇਵਾਵਾਂ 25 ਅਪ੍ਰੈਲ ਨੂੰ ਦੁਪਹਿਰ ਤੋਂ ਬਾਅਦ ਬੰਦ ਕਰ ਦਿੱਤੀਆਂ ਜਾਣਗੀਆਂ ਤਾਂ ਜੋ ਨਵੀਂ ਜਗ?ਹਾ ’ਤੇ ਸੁਚਾਰੂ ਕਾਰਵਾਈਆਂ ਨੂੰ ਸੁਵਿਧਾ ਜਨਕ ਬਣਾਇਆ ਜਾ ਸਕੇ। ਨਵੀਂ ਓ. ਪੀ. ਡੀ. ਐਡਵਾਂਸਡ ਨਿਊਰੋਸਾਇੰਸ ਸੈਂਟਰ ਦੇ ਲੈਵਲ

2 ’ਤੇ ਕੰਮ ਕਰੇਗੀ। ਪੀ. ਜੀ. ਆਈ. ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਕਿਹਾ ਕਿ ਇਹ ਤਬਦੀਲੀ ਸਿਰਫ਼ ਇੱਕ ਸਥਾਨ ਬਦਲਣਾ ਨਹੀਂ ਹੈ, ਸਗੋਂ ਮਰੀਜ਼ਾਂ ਨੂੰ ਇੱਕ ਛੱਤ ਹੇਠ ਸਲਾਹ-ਮਸ਼ਵਰਾ, ਨਿਦਾਨ ਅਤੇ ਉੱਨਤ ਇਲਾਜ ਪ੍ਰਦਾਨ ਕਰਨ ਵੱਲ ਇੱਕ ਵੱਡਾ ਕਦਮ ਹੈ। ਇਹ ਇਲਾਜ ਪ੍ਰਕਿਰਿਆ ਨੂੰ ਤੇਜ਼ ਕਰੇਗਾ ਅਤੇ ਇੱਕ ਬਿਹਤਰ ਮਰੀਜ਼ ਅਨੁਭਵ ਪ੍ਰਦਾਨ ਕਰੇਗਾ। ਓ. ਪੀ. ਡੀ. ਦੇ ਸਮੇਂ ਅਤੇ ਦਿਨ ਉਹੀ ਰਹਿਣਗੇ। ਨਿਊਰੋਲੋਜੀ ਆਊਟਪੇਸ਼ੈਂਟ ਵਿਭਾਗ ਓ. ਪੀ. ਡੀ. ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਕੰਮ ਕਰੇਗਾ, ਵੀਰਵਾਰ ਨੂੰ ਸਵੇਰੇ 11:30 ਵਜੇ ਤੋਂ ਦੁਪਹਿਰ 1:00 ਵਜੇ ਤੱਕ ਇੱਕ ਵਿਸ਼ੇਸ਼ ਕਲੀਨਿਕ ਦੇ ਨਾਲ। ਨਿਊਰੋਸਰਜਰੀ ਆਊਟਪੇਸ਼ੈਂਟ ਵਿਭਾਗ ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ ਨੂੰ ਸਵੇਰੇ 8 ਵਜੇ ਤੋਂ ਸਵੇਰੇ 11 ਵਜੇ ਤੱਕ ਕੰਮ ਕਰੇਗਾ। ਮਰੀਜ਼ ਗੇਟ ਨੰਬਰ-3 ਰਾਹੀਂ ਐਡਵਾਂਸਡ ਨਿਊਰੋਸਾਇੰਸ ਸੈਂਟਰ ਤੱਕ ਪਹੁੰਚ ਕਰ ਸਕਣਗੇ। ਪ੍ਰਸ਼ਾਸਨ ਦਾ ਦਾਅਵਾ ਹੈ ਕਿ ਮਰੀਜ਼ਾਂ ਦੀ ਸਹੂਲਤ ਲਈ ਜ਼ਰੂਰੀ ਪ੍ਰਬੰਧ ਕੀਤੇ ਗਏ ਹਨ।

## ਟੈੱਟ ਪ੍ਰੀਖਿਆ ਦੇ ਸੈਂਟਰ ਚੰਡੀਗੜ੍ਹ ਸ਼ਿਫਟ ਹੋਣ ’ਤੇ ਭੜਕੇ ਅਧਿਆਪਕ, ਫ਼ੈਸਲੇ ਦਾ ਕੀਤਾ ਤਿੱਖਾ ਵਿਰੋਧ

ਲੁਧਿਆਣਾ 25 ਅਪ੍ਰੈਲ। ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ 25 ਅਪ੍ਰੈਲ ਨੂੰ ਕਰਵਾਈ ਜਾ ਰਹੀ ਟੈੱਟ ਪ੍ਰੀਖਿਆ ਲਈ ਜ਼ਿਲ੍ਹਾ ਪੱਧਰ ਦੀ ਬਜਾਏ ਚੰਡੀਗੜ੍ਹ ’ਚ ਸੈਂਟਰ ਬਣਾਏ ਜਾਣ ਕਾਰਨ ਪੂਰੇ ਪੰਜਾਬ ਦੇ ਅਧਿਆਪਕਾਂ ’ਚ ਭਾਰੀ ਨਾਰਾਜ਼ਗੀ

ਅਤੇ ਤਣਾਅ ਦੇਖਣ ਨੂੰ ਮਿਲ ਰਿਹਾ ਹੈ। ਉੱਪਰੋਂ ਸਵੇਰੇ 7:30 ਵਜੇ ਰਿਪੋਰਟਿੰਗ ਦਾ ਹੁਕਮ ਜਾਰੀ ਹੋਣ ਨਾਲ ਹਾਲਾਤ ਹੋਰ ਗੰਭੀਰ ਹੋ ਗਏ ਹਨ। ਈ. ਟੀ. ਟੀ. ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਸਿੱਧੂ ਨੇ ਇਸ ਫ਼ੈਸਲੇ ਨੂੰ ਤਾਨਾਸ਼ਾਹੀ ਕਰਾਰ ਦਿੰਦਿਆਂ ਕਿਹਾ ਕਿ ਪਹਿਲਾਂ ਹੀ ਸਰਕਾਰ ਦੀਆਂ ਨੀਤੀਆਂ ਤੋਂ ਅਧਿਆਪਕ ਵਰਗ ਪਰੇਸ਼ਾਨ ਸੀ, ਹੁਣ ਇਸ ਹੁਕਮ ਨੇ ਉਨ੍ਹਾਂ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ ਹੈ। ਫਿਰੋਜ਼ਪੁਰ, ਤਰਨਤਾਰਨ ਵਰਗੇ ਸਰਹੱਦੀ ਜ਼ਿਲ੍ਹਿਆਂ ਤੋਂ ਅਧਿਆਪਕ ਇੰਨੀ ਸਵੇਰੇ ਚੰਡੀਗੜ੍ਹ ਕਿਵੇਂ ਪਹੁੰਚਣਗੇ? ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਸ ਦੌਰਾਨ ਕਿਸੇ ਵੀ ਅਧਿਆਪਕ ਦਾ ਨੁਕਸਾਨ ਹੁੰਦਾ ਹੈ ਤਾਂ ਸਰਕਾਰ ਖ਼ੁਦ ਜ਼ਿੰਮੇਵਾਰ ਹੋਵੇਗੀ। ਇਸ ਮੁੱਦੇ ਨੂੰ ਸਿੱਖਿਆ ਮੰਤਰੀ ਦੇ ਸਾਹਮਣੇ ਵੀ ਚੁੱਕਿਆ ਗਿਆ ਪਰ ਕੋਈ ਠੋਸ ਕਾਰਵਾਈ ਨਹੀਂ ਹੋਈ। ਯੂਨੀਅਨ ਆਗੂਆਂ ਦਾ ਕਹਿਣਾ ਹੈ ਕਿ ਪ੍ਰੀਖਿਆ ਵਾਲੇ ਦਿਨ ਚੰਡੀਗੜ੍ਹ ’ਚ ਭਾਰੀ ਟ?ਰੈਫਿਕ ਜਾਮ ਦੀ ਸਥਿਤੀ ਬਣ ਸਕਦੀ ਹੈ ਅਤੇ ਕਈ ਅਣਸੁਖਾਵੀਆਂ ਘਟਨਾਵਾਂ ਵੀ ਵਾਪਰ ਸਕਦੀਆਂ ਹਨ। ਉੱਥੇ ਹੀ ਕਈ ਅਧਿਆਪਕਾਂ ਦੇ ਇੱਕੋ ਦਿਨ ’ਚ ਦੋ-ਦੋ ਪੇਪਰ ਹੋਣ ਕਾਰਨ ਉਨ੍ਹਾਂ ਨੂੰ ਇੱਕ ਦਿਨ ਪਹਿਲਾਂ ਤੇ ਬਾਅਦ ’ਚ ਵੀ ਸਫ਼ਰ ਕਰਨਾ ਪਵੇਗਾ, ਜਿਸ ਨਾਲ ਸਕੂਲਾਂ ਦਾ ਕੰਮਕਾਜ ਵੀ ਪ੍ਰਭਾਵਿਤ ਹੋਵੇਗਾ। ਯੂਨੀਅਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਫ਼ੈਸਲਾ ਵਾਪਸ ਨਾ ਲਿਆ ਤਾਂ ਵੱਡੇ ਪੱਧਰ ’ਤੇ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਲੋੜ ਪੈਣ ’ਤੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਵੀ ਕੀਤਾ ਜਾ ਸਕਦਾ ਹੈ।

## ਰੇਲਵੇ ਸਟੇਸ਼ਨ ’ਤੇ ‘ਫੋਰਟ?ਰੈਸ ਚੈੱਕ’ ਮੁਹਿੰਮ, 1840 ਬਿਨਾਂ ਟਿਕਟ ਯਾਤਰੀ ਫੜੇ, 8 ਲੱਖ ਤੋਂ ਵੱਧ ਦਾ ਜੁਰਮਾਨਾ ਵਸੂਲਿਆ

ਜੈਤੋ 25 ਅਪ੍ਰੈਲ। ਉੱਤਰ ਰੇਲਵੇ ਦੇ ਫਿਰੋਜ਼ਪੁਰ ਰੇਲ ਮੰਡਲ ਵੱਲੋਂ ਲੁਧਿਆਣਾ ਰੇਲਵੇ ਸਟੇਸ਼ਨ ’ਤੇ ਬਿਨਾਂ ਟਿਕਟ ਯਾਤਰਾ ਕਰਨ ਵਾਲੇ ਮੁਸਾਫ਼ਰਾਂ ਵਿਰੁੱਧ ਇਕ ਵਿਸ਼ੇਸ਼ ‘ਫੋਰਟ?ਰੈਸ ਚੈੱਕ’ ਮੁਹਿੰਮ ਚਲਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਵਪਾਰਕ ਪ੍ਰਬੰਧਕ ਪਰਮਦੀਪ ਸਿੰਘ ਸੈਣੀ ਨੇ ਦੱਸਿਆ ਕਿ ਇਸ ਸਖ਼ਤ ਚੈਕਿੰਗ ਦੌਰਾਨ ਕੁੱਲ 1840 ਬਿਨਾਂ ਟਿਕਟ ਯਾਤਰੀਆਂ ਨੂੰ ਕਾਬੂ ਕੀਤਾ ਗਿਆ। ਇਸ ਕਾਰਵਾਈ ਦੌਰਾਨ ਰੇਲਵੇ ਵਿਭਾਗ ਨੇ ਦੋਸ਼ੀ ਯਾਤਰੀਆਂ ਕੋਲੋਂ 8,06,935 ਰੁਪਏ ਦਾ ਰੇਲਵੇ ਮਾਲੀਆ ਜੁਰਮਾਨੇ ਵਜੋਂ ਵਸੂਲਿਆ ਹੈ। ਇਸ ਮੁਹਿੰਮ ਨੂੰ ਸਫਲ ਬਣਾਉਣ ਲਈ 20 ਟਿਕਟ ਚੈਕਿੰਗ ਸਟਾਫ਼ ਅਤੇ ਰੇਲਵੇ ਸੁਰੱਖਿਆ ਬਲ ਦੇ ਜਵਾਨਾਂ ਦੀ ਇਕ ਸਾਂਝੀ ਟੀਮ ਤਾਇਨਾਤ ਕੀਤੀ ਗਈ ਸੀ। ਸਰੋਤਾਂ ਅਨੁਸਾਰ ਰੇਲਵੇ ਵਿੱਚ ‘ਫੋਰਟ?ਰੈਸ ਚੈੱਕ’ ਇਕ ਅਜਿਹੀ ਵਿਸ਼ੇਸ਼ ਅਤੇ ਗੁਪਤ ਚੈਕਿੰਗ ਮੁਹਿੰਮ ਹੁੰਦੀ ਹੈ, ਜਿਸ ਦੇ ਤਹਿਤ ਕਿਸੇ ਖਾਸ ਸਟੇਸ਼ਨ, ਰੇਲ ਗੱਡੀ ਜਾਂ ਰੇਲ ਖੰਡ ਦੀ ਬਿਨਾਂ ਕਿਸੇ ਪੂਰਵ ਸੂਚਨਾ ਦੇ ਸਖ਼ਤੀ ਨਾਲ ਜਾਂਚ ਕੀਤੀ ਜਾਂਦੀ ਹੈ। ਇਸ ਦੌਰਾਨ ਰੇਲਵੇ ਸਟਾਫ਼ ਅਤੇ ਆਰ.ਪੀ.ਐੱਫ. ਵੱਲੋਂ ਯਾਤਰੀਆਂ ਦੀਆਂ ਟਿਕਟਾਂ, ਪਛਾਣ ਪੱਤਰਾਂ ਅਤੇ ਰੇਲਵੇ ਨਿਯਮਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਂਦੀ ਹੈ। ਇਸ ਦਾ ਮੁੱਖ ਮਨੋਰਥ ਬਿਨਾਂ ਟਿਕਟ ਸਫਰ ਕਰਨ ਵਾਲਿਆਂ ’ਤੇ ਰੋਕ ਲਗਾਉਣਾ ਅਤੇ ਰੇਲਵੇ ਦੇ ਮਾਲੀਏ ਦੀ ਸੁਰੱਖਿਆ ਯਕੀਨੀ ਬਣਾਉਣਾ ਹੈ। ਸੀਨੀਅਰ ਮੰਡਲ ਵਪਾਰਕ ਪ੍ਰਬੰਧਕ ਬਸੰਤ ਕੁਮਾਰ ਨੇ ਆਮ ਜਨਤਾ ਅਤੇ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਹਮੇਸ਼ਾ ਜਾਇਜ਼ ਟਿਕਟ ਲੈ ਕੇ ਹੀ ਸਫਰ ਕਰਨ। ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਯਾਤਰੀਆਂ ਦੀ ਸਹੂਲਤ ਅਤੇ ਰੇਲਵੇ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਭਵਿੱਖ ਵਿਚ ਵੀ ਅਜਿਹੀਆਂ ਸਖ਼ਤ ਚੈਕਿੰਗ ਮੁਹਿੰਮਾਂ ਜਾਰੀ ਰਹਿਣਗੀਆਂ।

# ਵਿਰੋਧੀ ਧਿਰ ਨੇ 70 ਕਰੋੜ ਔਰਤਾਂ ਨਾਲ ਕੀਤਾ ਵਿਸ਼ਵਾਸਘਾਤ: ਤਰੁਣ ਚੁੱਘ

ਕੌਮੀ ਪੱਤ੍ਰਿਕਾ

ਚੰਡੀਗੜ੍ਹ 25 ਅਪ੍ਰੈਲ। ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਵਿਰੋਧੀ ਧਿਰਾਂ ’ਤੇ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਕਿ ਸੰਸਦ ਵਿੱਚ 16 ਅਤੇ 17 ਅਪ੍ਰੈਲ ਨੂੰ ਜੋ ਹੋਇਆ, ਉਹ ਦੇਸ਼ ਦੀਆਂ ਲਗਭਗ 70 ਕਰੋੜ ਔਰਤਾਂ ਨਾਲ ਵਿਸ਼ਵਾਸਘਾਤ ਹੈ। ਚੁੱਘ ਨੇ ਦੋਸ਼ ਲਾਇਆ ਕਿ ਵਿਰੋਧੀ ਧਿਰ ਨੇ ਸਿਰਫ਼ ਇੱਕ ਬਿੱਲ ਦਾ ਵਿਰੋਧ ਨਹੀਂ ਕੀਤਾ, ਸਗੋਂ ਔਰਤਾਂ ਨੂੰ ਉਨ੍ਹਾਂ ਦੇ ਸੰਵਿਧਾਨਕ ਹੱਕਾਂ ਤੋਂ ਵਾਂਝੇ ਰੱਖਣ ਦੀ ਸਾਜ਼ਿਸ਼ ਰਚੀ ਹੈ। ਤਰੁਣ ਚੁੱਘ ਨੇ ਵਿਸ਼ੇਸ਼ ਤੌਰ ’ਤੇ ਪੰਜਾਬ ਦੇ 13 ਸੰਸਦ ਮੈਂਬਰਾਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਨ੍ਹਾਂ ਸੰਸਦ ਮੈਂਬਰਾਂ ਨੇ ਆਪਣੇ ਹੀ ਸੂਬੇ ਦੀਆਂ ਮਾਵਾਂ, ਭੈਣਾਂ ਅਤੇ ਧੀਆਂ ਨਾਲ ਬੇਇਨਸਾਫ਼ੀ ਕੀਤੀ ਹੈ। ਉਨ੍ਹਾਂ ਸਵਾਲ ਕੀਤਾ ਕਿ ਜਦੋਂ ਸੰਸਦ ਵਿੱਚ ਔਰਤਾਂ ਨੂੰ 33 ਫੀਸਦੀ ਪ੍ਰਤੀਨਿਧਤਾ ਦੇਣ ਦਾ ਇਤਿਹਾਸਕ ਮੌਕਾ ਸੀ, ਤਾਂ ਪੰਜਾਬ ਦੇ ਇਹ ਸਾਂਸਦ ਉਨ੍ਹਾਂ ਦੇ ਨਾਲ ਕਿਉਂ ਨਹੀਂ ਖੜ੍ਹੇ ਹੋਏ? ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਔਰਤਾਂ ਹੁਣ ਇਸ ਵਿਸ਼ਵਾਸਘਾਤ ਬਾਰੇ ਜਵਾਬ ਮੰਗ ਰਹੀਆਂ ਹਨ। ਚੁੱਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਲਿਆਂਦਾ ਗਿਆ ’ਨਾਰੀ ਸ਼ਕਤੀ ਵੰਦਨ ਅਧਿਨਿਯਮ’ ਔਰਤਾਂ ਦੇ ਸਸ਼ਕਤੀਕਰਨ ਲਈ ਇੱਕ ਇਤਿਹਾਸਕ ਕਦਮ ਹੈ। ਉਨ੍ਹਾਂ ਵਿਰੋਧੀ ਧਿਰ ਵੱਲੋਂ ਪਰਿਸੀਮਨ ਨੂੰ ਲੈ ਕੇ ਫੈਲਾਏ ਜਾ ਰਹੇ ਭੰਬਲਭੂਸੇ ਨੂੰ ਝੂਠਾ ਕਰਾਰ ਦਿੱਤਾ। ਚੁੱਘ

ਅਨੁਸਾਰ, ਪਰਿਸੀਮਨ ਇੱਕ ਸੰਵਿਧਾਨਕ ਪ੍ਰਕਿਰਿਆ ਹੈ ਅਤੇ ਇਸ ਤੋਂ ਬਿਨਾਂ ਮਹਿਲਾ ਰਾਖਵੇਂਕਰਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਸੰਭਵ ਨਹੀਂ ਹੈ, ਪਰ ਵਿਰੋਧੀ ਧਿਰ ਤਕਨੀਕੀ ਬਹਾਨੇ ਬਣਾ ਕੇ ਇਸ ਨੂੰ ਟਾਲ ਰਹੀ ਹੈ। ਕਾਂਗਰਸ ’ਤੇ ਹਮਲਾ ਕਰਦਿਆਂ ਚੁੱਘ ਨੇ ਕਿਹਾ ਕਿ ਜਿਨ੍ਹਾਂ ਦੀ 98 ਸਾਲਾਂ ਦੀ ਰਾਜਨੀਤੀ ਨੇ ਔਰਤਾਂ ਨੂੰ ਸਿਰਫ਼ ਵਾਅਦਿਆਂ ਤੱਕ ਸੀਮਤ ਰੱਖਿਆ ਅਤੇ ਉਨ੍ਹਾਂ ਨੂੰ ਪਖਾਨੇ, ਬੈਂਕ ਖਾਤਿਆਂ ਤੇ ਸਿਹਤ ਸਹੂਲਤਾਂ ਵਰਗੀਆਂ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਰੱਖਿਆ, ਉਹ ਅੱਜ ਵੀ ਉਨ੍ਹਾਂ ਦੇ ਰਾਹ ਵਿੱਚ ਰੋੜਾ ਬਣ ਰਹੇ ਹਨ। ਤਰੁਣ ਚੁੱਘ ਨੇ ਚਿਤਾਵਨੀ ਦਿੱਤੀ ਕਿ ਦੇਸ਼ ਦੀਆਂ ਔਰਤਾਂ ਹੁਣ ਜਾਗਰੂਕ ਹਨ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਇਸ ਵਿਸ਼ਵਾਸਘਾਤ ਦਾ ਕਰਾਰਾ ਜਵਾਬ ਦੇਣਗੀਆਂ।

### ਆਸਾਮ ਦੇ ਕਈ ਹਿੱਸਿਆਂ ’ਚ ਤੂਫ਼ਾਨ ਕਾਰਨ ਤਬਾਹੀ, ਇਕ ਦੀ ਮੌਤ

ਗੁਹਾਟੀ, 25 ਅਪ੍ਰੈਲ। ਆਸਾਮ ਦੇ ਕਈ ਹਿੱਸਿਆਂ ਵਿਚ ਆਏ ਭਾਰੀ ਤੂਫ਼ਾਨ ਦੌਰਾਨ ਕਾਮਰੂਪ ਜ਼ਿਲੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਬੀਹੂ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਆਏ ਭਾਰੀ ਮੀਂਹ ਕਾਰਨ ਨੌਜਵਾਨ ਬਾਕੀ ਲੋਕਾਂ ਦੇ ਨਾਲ ਇਕ ਦਰੱਖਤ ਦੇ ਹੇਠਾਂ ਖੜ੍ਹਾ ਸੀ। ਚਸ਼ਮਦੀਦਾਂ ਅਨੁਸਾਰ, ਦਰੱਖਤ ਦੀ ਇਕ ਟਾਹਣੀ ਟੁੱਟ ਕੇ ਨੌਜਵਾਨ ’ਤੇ ਡਿੱਗ ਗਈ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਭਾਰੀ ਤੂਫ਼ਾਨ, ਤੇਜ਼ ਮੀਂਹ ਅਤੇ ਹਵਾਵਾਂ ਨੇ ਸੂਬੇ ਦੇ ਗੋਲਪਾਰਾ ਅਤੇ ਬੋਂਗਾਈਗਾਂਵ ਵਰਗੇ ਕਈ ਹਿੱਸਿਆਂ ਨੂੰ ਪ੍ਰਭਾਵਿਤ ਕੀਤਾ, ਜਿਸ ਨਾਲ ਜਾਇਦਾਦ ਅਤੇ ਫ਼ਸਲਾਂ ਦਾ ਭਾਰੀ ਨੁਕਸਾਨ ਹੋਇਆ। ਮੋਹਲੇਧਾਰ ਮੀਂਹ ਕਾਰਨ ਗੁਹਾਟੀ ਦੇ ਕਈ ਹਿੱਸੇ ਐਤਵਾਰ ਸ਼ਾਮ ਤੋਂ ਪਾਣੀ ਵਿਚ ਡੁੱਬੇ ਹੋਏ ਹਨ, ਹਾਲਾਂਕਿ ਪਿਛਲੇ 24 ਘੰਟਿਆਂ ਵਿਚ ਮੀਂਹ ਵਿਚ ਕੁਝ ਕਮੀ ਆਈ ਹੈ। ਗੁਹਾਟੀ ਵਿਚ ਐਤਵਾਰ ਰਾਤ ਅਤੇ ਸੋਮਵਾਰ ਤੜਕੇ ਭਾਰੀ ਮੀਂਹ ਪਿਆ, ਜਿਸ ਨਾਲ ਜ਼ਿਆਦਾਤਰ ਸੜਕਾਂ ’ਤੇ ਗੋਡਿਆਂ ਤੱਕ ਪਾਣੀ ਭਰ ਗਿਆ।

# ਪੰਜਾਬ ਨੂੰ ਨਸ਼ਾ ਮੁਕਤ ਬਣਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ: ਗਵਰਨਰ ਗੁਲਾਬ ਚੰਦ ਕਟਾਰੀਆ

ਕੌਮੀ ਪੱਤ੍ਰਿਕਾ

ਅੰਮ੍ਰਿਤਸਰ 25 ਅਪ੍ਰੈਲ। ਅੰਮ੍ਰਿਤਸਰ ਵਿਖੇ ਨਸ਼ਾ ਮੁਕਤੀ ਚੇਤਨਾ ਸੰਘ ਪੰਜਾਬ ਵੱਲੋਂ “ਨਸ਼ਾ ਮੁਕਤ ਪੰਜਾਬ ਸੰਕਲਪ ਸਮਾਰੋਹ 2026”ਤਹਿਤ ਇੱਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਗਵਰਨਰ ਸ਼੍ਰੀ ਗੁਲਾਬ ਚੰਦ ਕਟਾਰੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਰੋਹ ਦੌਰਾਨ ਉਨ੍ਹਾਂ ਨੇ ਨਸ਼ੇ ਖ਼ਤਮ ਕਰਨ ਲਈ ਸਮਾਜ ਦੇ ਹਰ ਵਰਗ ਨੂੰ ਇਕੱਠੇ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ। ਮੀਡੀਆ ਨਾਲ ਗੱਲਬਾਤ ਕਰਦਿਆਂ ਗਵਰਨਰ ਕਟਾਰੀਆ ਨੇ ਕਿਹਾ ਕਿ ਨਸ਼ਾ ਮੁਕਤ ਪੰਜਾਬ ਸਿਰਫ਼ ਸਰਕਾਰ ਦਾ ਹੀ ਨਹੀਂ, ਸਗੋਂ ਹਰ ਨਾਗਰਿਕ ਦਾ ਸੰਕਲਪ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਇੱਕ ਬਹਾਦਰ ਸੂਬਾ ਹੈ, ਜਿਸ ਨੇ ਦੇਸ਼ ਦੀ ਆਜ਼ਾਦੀ ਵਿੱਚ ਵੱਡਾ ਯੋਗਦਾਨ ਪਾਇਆ ਹੈ, ਪਰ ਅੱਜ ਨਸ਼ੇ ਦੀ ਲਤ ਨੇ ਕਈ ਨੌਜਵਾਨਾਂ ਨੂੰ ਆਪਣੀ ਚਪੇਟ ਵਿੱਚ ਲੈ ਲਿਆ ਹੈ। ਇਸ ਬੁਰਾਈ ਤੋਂ ਪੰਜਾਬ ਨੂੰ ਬਚਾਉਣਾ ਸਾਡੇ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਸਰਹੱਦੀ ਇਲਾਕਿਆਂ ਦੀ ਸਥਿਤੀ ਬਾਰੇ ਵੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਇੱਕ ਬਾਰਡਰ ਸਟੇਟ ਹੋਣ ਕਰਕੇ ਹਮੇਸ਼ਾਂ ਸੰਵੇਦਨਸ਼ੀਲ ਰਹਿੰਦਾ ਹੈ।

ਪਾਕਿਸਤਾਨ ਵੱਲੋਂ ਆ ਰਹੇ ਡਰੋਨਾਂ ਨੂੰ ਰੋਕਣ ਲਈ ਸੁਰੱਖਿਆ ਏਜੰਸੀਆਂ ਵੱਲੋਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਪਰ ਅਜੇ ਵੀ ਅੰਮ੍ਰਿਤਸਰ, ਗੁਰਦਾਸਪੁਰ ਅਤੇ ਪਠਾਨਕੋਟ ਦੇ ਕੁਝ ਖੇਤਰਾਂ ਵਿੱਚ ਡਰੋਨਾਂ ਦੀ ਘੁਸਪੈਠ ਦੇ ਮਾਮਲੇ ਸਾਹਮਣੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਸਥਾਨਕ ਲੋਕਾਂ ਦੇ ਸਹਿਯੋਗ ਨਾਲ ਕਈ ਮਾਮਲਿਆਂ ਵਿੱਚ ਸਫਲਤਾ ਵੀ ਮਿਲੀ ਹੈ ਅਤੇ ਭਵਿੱਖ ਵਿੱਚ ਜਨਤਾ ਅਤੇ ਸਰਕਾਰ ਦੇ ਸਾਂਝੇ ਯਤਨਾਂ ਨਾਲ ਇਸ ਚੁਣੌਤੀ ਨੂੰ ਕਾਬੂ ਕੀਤਾ ਜਾ ਸਕਦਾ ਹੈ। ਮਹਿਲਾਵਾਂ ਦੀ ਭੂਮਿਕਾ ਬਾਰੇ ਗੱਲ ਕਰਦਿਆਂ ਗਵਰਨਰ ਨੇ ਕਿਹਾ ਕਿ ਮਹਿਲਾਵਾਂ ਹਰ ਖੇਤਰ ਵਿੱਚ ਪੁਰਸ਼ਾਂ ਦੇ ਬਰਾਬਰ ਹਨ ਅਤੇ ਉਨ੍ਹਾਂ ਨੂੰ ਲੋਕਤੰਤਰ ਵਿੱਚ ਸਾਮਾਨ ਹੱਕ ਮਿਲਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਕੂਲਾਂ ਅਤੇ ਕਾਲਜਾਂ ਵਿੱਚ ਅਕਸਰ ਕੁੜੀਆਂ ਹੀ ਵੱਧ ਮੈਡਲ ਹਾਸਲ ਕਰ ਰਹੀਆਂ ਹਨ ਅਤੇ ਪ੍ਰਸ਼ਾਸਨਿਕ ਖੇਤਰ ਵਿੱਚ ਵੀ ਕਈ ਮਹਿਲਾ ਡਿਪਟੀ ਕਮਿਸ਼ਨਰ ਸ਼ਾਨਦਾਰ ਕੰਮ ਕਰ ਰਹੀਆਂ ਹਨ। ਸਰਹੱਦਾਂ ’ਤੇ ਵੀ ਮਹਿਲਾਵਾਂ ਦੇਸ਼ ਦੀ ਰੱਖਿਆ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ, ਇਸ ਲਈ ਰਾਜਨੀਤੀ ਵਿੱਚ ਵੀ ਉਨ੍ਹਾਂ ਦੀ ਵਧੀ ਭਾਗੀਦਾਰੀ ਦੇਸ਼ ਲਈ ਲਾਭਕਾਰੀ ਸਾਬਤ ਹੋਵੇਗੀ।

## ਵਿਦਿਆਰਥੀਆਂ ਨਾਲ ਭਰੀ ਸਕੂਲ ਬੱਸ ਦੀ ਟਰੱਕ ਨਾਲ ਟੱਕਰ, 1 ਵਿਦਿਆਰਥੀ ਦੀ ਮੌਤ

ਜੈਪੁਰ 25 ਅਪ੍ਰੈਲ। ਰਾਜਸਥਾਨ ਦੇ ਬਾੜਮੇਰ ਜ਼ਿਲ੍ਹੇ ਵਿੱਚ ਬੁੱਧਵਾਰ ਸਵੇਰੇ ਵਿਦਿਆਰਥੀਆਂ ਨਾਲ ਭਰੀ ਇੱਕ ਸਕੂਲ ਬੱਸ ਨੂੰ ਇੱਕ ਟਰੱਕ ਨੇ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਨਾਲ ਹਾਦਸਾ ਵਾਪਰ ਗਿਆ। ਇਸ ਹਾਦਸੇ ਦੌਰਾਨ ਇਕ ਵਿਦਿਆਰਥੀ ਦੀ ਮੌਤ ਹੋ ਗਈ ਅਤੇ 8 ਹੋਰ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਇਸ ਘਟਨਾ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਜਾਣਕਾਰੀ ਮੁਤਾਬਕ ਇਹ ਹਾਦਸਾ ਬਯਾਤੂ ਪੁਲਸ ਸਟੇਸ਼ਨ ਖੇਤਰ ਵਿੱਚ ਵਾਪਰਿਆ ਹੈ, ਜਿਸ ਨਾਲ ਉਕਤ ਸਥਾਨ ’ਤੇ ਹਫ਼ੜਾ-ਦਫ਼ੜੀ ਮਚ ਗਈ। ਇਹ ਘਟਨਾ ਉਸ ਸਮੇਂ ਵਾਪਰੀ, ਜਦੋਂ ਪ੍ਰਾਈਵੇਟ ਸਕੂਲ ਬੱਸ ਬੱਚਿਆਂ ਨੂੰ ਲੈ ਕੇ ਜਾ ਰਹੀ ਸੀ। ਬੱਸ ਵਿਚ 36 ਦੇ ਕਰੀਬ ਵਿਦਿਆਰਥੀ ਸਵਾਰ ਸਨ, ਜਿਨ੍ਹਾਂ ਨੂੰ ਇੱਕ ਟਰੱਕ ਨੇ ਜ਼ੋਰਦਾਰ ਟੱਕਰ ਮਾਰ ਦਿੱਤੀ। ਮੌਕੇ ’ਤੇ ਮੌਜੂਦ ਲੋਕਾਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਅਤੇ ਫਿਰ ਬੱਸ ਵਿਚ ਫਸੇ ਬੱਚਿਆਂ ਨੂੰ ਬਾਹਰ ਕੱਢਣਾ ਸ਼ੁਰੂ ਕੀਤਾ। ਹਾਦਸੇ ਵਿੱਚ ਜ਼ਖਮੀ ਹੋਏ ਬੱਚਿਆਂ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ। ਜ਼ਖ਼ਮੀਆਂ ਵਿਚੋਂ ਅੱਠ ਬੱਚਿਆਂ ਦੀ ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਬਯਾਤੂ ਹਸਪਤਾਲ ਤੋਂ ਬਲੋਤਰਾ ਰੈਫਰ ਕੀਤਾ ਗਿਆ। ਇਸ ਘਟਨਾ ਦੌਰਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਭੀਮਰਲਾਈ ਦੇ ਰਹਿਣ ਵਾਲੇ ਵਿਦਿਆਰਥੀ ਵੀਰਧਰਮ (14) ਨੂੰ ਜੋਧਪੁਰ ਰੈਫਰ ਕੀਤਾ ਗਿਆ ਪਰ ਰਸਤੇ ਵਿੱਚ ਉਸਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਅੱਠ ਗੰਭੀਰ ਜ਼ਖ਼ਮੀ ਬੱਚੇ ਹਸਪਤਾਲ ਵਿੱਚ ਦਾਖਲ ਹਨ।

## ਕੈਨੇਡਾ ’ਚ ਪੰਜਾਬੀ ਕੁੜੀ ਦੀ ਸ਼ੱਕੀ ਹਾਲਾਤ ’ਚ ਮੌਤ! ਪਾਰਕ ’ਚੋਂ ਮਿਲੀ ਅਨਮੋਲਦੀਪ ਕੌਰ ਦੀ ਲਾਸ਼

ਲੁਧਿਆਣਾ/ਹਲਵਾਰਾ 25 ਅਪ੍ਰੈਲ। ਕੈਨੇਡਾ ਵਿਚ ਇਕ 26 ਸਾਲਾ ਪੰਜਾਬੀ ਕੁੜੀ ਦੀ ਭੇਤਭਰੀ ਹਾਲਾਤ ਵਿਚ ਮੌਤ ਹੋ ਗਈ ਹੈ। ਮ੍ਰਿਤਕਾ ਦੀ ਪਛਾਣ ਅਨਮੋਲਦੀਪ ਕੌਰ ਵਜੋਂ ਹੋਈ ਹੈ, ਜੋ ਲੁਧਿਆਣਾ ਦੇ ਨਵੀਂ ਆਬਾਦੀ ਅਕਾਲਗੜ੍ਹ ਸੁਧਾਰ ਬਾਜ਼ਾਰ ਦੀ ਰਹਿਣ ਵਾਲੀ ਸੀ। ਦੱਸਿਆ ਜਾ ਰਿਹਾ ਹੈ ਕਿ ਉਸ ਦੀ ਪਾਰਕ ਵਿਚ ਬੈਂਚ ’ਤੇ ਬੈਠੇ-ਬੈਠੇ ਮੌਤ ਹੋ ਗਈ। ਇਹ ਘਟਨਾ ਕੈਨੇਡਾ ਦੇ ਓਂਟਾਰੀਓ ਸੂਬੇ ਦੀ ਹੈ। ਜਾਣਕਾਰੀ ਅਨੁਸਾਰ, ਅਨਮੋਲਦੀਪ ਰੋਜ਼ਾਨਾ ਦੀ ਤਰ੍ਹਾਂ ਜਾਰਜੀਅਨ ਕਾਲਜ ਬੈਰੀ ਅਤੇ ਆਪਣੇ ਘਰ ਦੇ ਵਿਚਕਾਰ ਸਥਿਤ ਇਕ ਪਾਰਕ ਵਿਚ ਸੈਰ ਕਰਨ ਗਈ ਸੀ। ਜਦੋਂ ਉਹ ਕਾਫੀ ਦੇਰ ਤੱਕ ਬੈਂਚ ’ਤੇ ਬਿਨਾਂ ਕਿਸੇ ਹਿਲਜੁੱਲ ਦੇ ਬੈਠੀ ਰਹੀ, ਤਾਂ ਉੱਥੇ ਮੌਜੂਦ ਲੋਕਾਂ ਨੇ ਉਸ ਨੂੰ ਹਿਲਾ ਕੇ ਦੇਖਿਆ, ਪਰ ਉਸ ਦੇ ਸਾਹ ਰੁਕ ਚੁੱਕੇ ਸਨ। ਲੋਕਾਂ ਨੇ ਤੁਰੰਤ ਇਸ ਦੀ ਸੂਚਨਾ ਕੈਨੇਡਾ ਪੁਲਸ ਨੂੰ ਦਿੱਤੀ। ਫ਼ੌਜ ਤੋਂ ਸੇਵਾਮੁਕਤ ਸੂਬੇਦਾਰ ਪਰਮਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਅਨਮੋਲਦੀਪ ਸਾਲ 2021 ਵਿਚ ਕੈਨੇਡਾ ਗਈ ਸੀ। ਉਹ ਉੱਥੇ ਪੜ੍ਹਾਈ ਦੇ ਨਾਲ-ਨਾਲ ਚਾਈਲਡ ਕੇਅਰ ਦਾ ਕੰਮ ਕਰ ਰਹੀ ਸੀ ਅਤੇ ਵਰਕ ਪਰਮਿਟ ’ਤੇ ਰਹਿ ਰਹੀ ਸੀ। ਉਸ ਨੇ ਹਾਲ ਹੀ ਵਿਚ ਆਪਣੀ ਮਾਂ ਅਮਰਦੀਪ ਕੌਰ ਨੂੰ ਵੀ ਕੈਨੇਡਾ ਬੁਲਾਉਣ ਲਈ ਵਿਜ਼ਟਰ ਵੀਜ਼ਾ ਅਪਲਾਈ ਕੀਤਾ ਸੀ ਅਤੇ ਉਸ ਨੂੰ ਜਲਦੀ ਹੀ ਵੀਜ਼ਾ ਮਿਲਣ ਦੀ ਉਮੀਦ ਸੀ। ਪਰਿਵਾਰ ਅਨੁਸਾਰ, ਅਨਮੋਲਦੀਪ ਨੇ ਕਦੇ ਵੀ ਕਿਸੇ ਮਾਨਸਿਕ ਜਾਂ ਹੋਰ ਪਰੇਸ਼ਾਨੀ ਦਾ ਜ਼ਿਕਰ ਨਹੀਂ ਕੀਤਾ ਸੀ। ਕੈਨੇਡਾ ਪੁਲਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਵੱਲੋਂ ਪਾਰਕ ਦੇ ਆਲੇ-ਦੁਆਲੇ ਲੱਗੇ ਸੀ.ਸੀ.ਟੀ.ਵੀ. (33“੭) ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਅਤੇ ਚਸ਼ਮਦੀਦਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਅਨਮੋਲਦੀਪ ਦੇ ਪਿਤਾ ਨੇ ਕਿਹਾ ਹੈ ਕਿ ਮੌਤ ਦੇ ਅਸਲ ਕਾਰਨਾਂ ਦਾ ਪਤਾ ਪੋਸਟਮਾਰਟਮ ਅਤੇ ਪੁਲਸ ਜਾਂਚ ਤੋਂ ਬਾਅਦ ਹੀ ਲੱਗੇਗਾ। ਮ੍ਰਿਤਕਾ ਦਾ ਭਰਾ ਦਿਲਪ੍ਰੀਤ ਸਿੰਘ, ਜੋ ਅਮਰੀਕਾ ਵਿਚ ਰਹਿੰਦਾ ਹੈ, ਭੈਣ ਦੀ ਲਾਸ਼ ਲੈਣ ਲਈ ਕੈਨੇਡਾ ਪਹੁੰਚ ਗਿਆ ਹੈ। ਪਰਿਵਾਰ ਮੂਲ ਰੂਪ ਵਿਚ ਪਿੰਡ ਮਾਨੂਕੇ ਦਾ ਰਹਿਣ ਵਾਲਾ ਹੈ ਅਤੇ ਪਿੰਡ ਦੀ ਇਕ ਸਮਾਜ ਸੇਵੀ ਸੰਸਥਾ ਦੀ ਮਦਦ ਨਾਲ ਲਾਸ਼ ਨੂੰ ਭਾਰਤ ਲਿਆਂਦਾ ਜਾਵੇਗਾ।

# ਵਿਰੋਧੀ ਪਾਰਟੀਆਂ ਦੀ ਸੋਚ ਅਜੇ ਵੀ ‘ਮਹਿਲਾ ਵਿਰੋਧੀ’, ਅਸ਼ਵਨੀ ਸ਼ਰਮਾ

ਏਜੰਸੀਆਂ

ਚੰਡੀਗੜ੍ਹ 25 ਅਪ੍ਰੈਲ। ਲੋਕ ਸਭਾ ਵਿੱਚ ਮਹਿਲਾ ਰਾਖਵਾਂਕਰਨ ਬਿੱਲ ਨੂੰ ਲੈ ਕੇ ਹੋਏ ਹੰਗਾਮੇ ਅਤੇ ਵਿਰੋਧੀ ਧਿਰ ਦੇ ਰੁਖ ’ਤੇ ਸੀਨੀਅਰ ਆਗੂ ਅਸ਼ਵਨੀ ਸ਼ਰਮਾ ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਅਸ਼ਵਨੀ ਸ਼ਰਮਾ ਨੇ



ਇੱਕ ਟਵੀਟ ਰਾਹੀਂ ਕਾਂਗਰਸ, ਟੀ.ਐੱਮ.ਸੀ.ਡੀ.ਐੱਮ.ਕੇ. ਅਤੇ ਸਮਾਜਵਾਦੀ ਪਾਰਟੀ ’ਤੇ ਤਿੱਖਾ ਨਿਸ਼ਾਨਾ ਸਾਧਦਿਆਂ ਉਨ੍ਹਾਂ ਦੀ ਸੋਚ ਨੂੰ ਮਹਿਲਾ ਵਿਰੋਧੀ ਕਰਾਰ ਦਿੱਤਾ ਹੈ। ਸ਼ਰਮਾ ਨੇ ਕਿਹਾ ਕਿ ਅੱਜ ਲੋਕ ਸਭਾ ਵਿੱਚ ਜੋ ਕੁਝ ਵਾਪਰਿਆ, ਉਹ ਲੋਕਤੰਤਰ ਅਤੇ ਨਾਰੀ ਸਸ਼ਕਤੀਕਰਨ ਦੋਵਾਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ’ਨਾਰੀ ਸ਼ਕਤੀ ਵੰਦਨ ਬਿੱਲ’, ਜਿਸਦਾ ਉਦੇਸ਼ ਮਹਿਲਾਵਾਂ ਨੂੰ 33% ਰਿਜ਼ਰਵੇਸ਼ਨ ਦੇ ਕੇ ਉਨ੍ਹਾਂ ਨੂੰ ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਬਰਾਬਰ ਦੀ ਹਿੱਸੇਦਾਰੀ ਦੇਣਾ ਸੀ, ਉਸ ਨੂੰ ਵਿਰੋਧੀ ਪਾਰਟੀਆਂ ਵੱਲੋਂ ਰੋਕਣਾ ਬੇਹੱਦ ਹੈਰਾਨੀਜਨਕ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਤਰ੍ਹਾਂ ਦੇ ਅਹਿਮ ਮਾਮਲੇ ’ਤੇ ਰਾਜਨੀਤੀ ਕਰਨਾ ਅਤੇ ਇਸ ਦੀ ਨਾਕਾਮੀ ’ਤੇ ਖੁਸ਼ੀ ਮਨਾਉਣਾ ਬਹੁਤ ਹੀ ਨਿੰਦਣਯੋਗ ਕਾਰਾ ਹੈ। ਅਸ਼ਵਨੀ ਸ਼ਰਮਾ ਨੇ ਆਪਣੇ ਟਵੀਟ ਵਿੱਚ ਲਿਖਿਆ ਕਿ ਇਹ ਸਿਰਫ਼ ਇੱਕ ਬਿੱਲ ਦਾ ਵਿਰੋਧ ਨਹੀਂ ਹੈ, ਸਗੋਂ ਦੇਸ਼ ਦੀਆਂ ਕਰੋੜਾਂ ਮਹਿਲਾਵਾਂ ਦੇ ਹੱਕਾਂ ਅਤੇ ਉਮੀਦਾਂ ਨਾਲ ਖਿਲਵਾੜ ਹੈ। ਉਨ੍ਹਾਂ ਇਲਜ਼ਾਮ ਲਗਾਇਆ ਕਿ ਸਾਲਾਂ ਤੋਂ ਲਟਕਦੇ ਇਸ ਅਧਿਕਾਰ ਨੂੰ ਮੁੜ ਟਾਲਣਾ ਇਹ ਸਪੱਸ਼ਟ ਕਰਦਾ ਹੈ ਕਿ ਕੁਝ ਪਾਰਟੀਆਂ ਦੀ ਸੋਚ ਅਜੇ ਵੀ ਨਾਰੀ ਸਸ਼ਕਤੀਕਰਨ ਦੇ ਖ਼?ਲਾਫ਼ ਖੜ੍ਹੀ ਹੈ। ਅਸ਼ਵਨੀ ਸ਼ਰਮਾ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਅੱਜ ਦੀਆਂ ਮਹਿਲਾਵਾਂ ਇਸ ਖਿਲਵਾੜ ਨੂੰ ਬਰਦਾਸ਼ਤ ਨਹੀਂ ਕਰਨਗੀਆਂ। ਉਨ੍ਹਾਂ ਚੇਤਾਵਨੀ ਦਿੱਤੀ ਕਿ ਨਾਰੀ ਸਨਮਾਨ ਦੇ ਰਾਹ ਵਿੱਚ ਰੋੜਾ ਬਣਨ ਵਾਲੀਆਂ ਤਾਕਤਾਂ ਨੂੰ ਜਨਤਾ ਵੱਲੋਂ ਆਉਣ ਵਾਲੇ ਸਮੇਂ ਵਿੱਚ ਕਰਾਰਾ ਜਵਾਬ ਜ਼ਰੂਰ ਦਿੱਤਾ ਜਾਵੇਗਾ।

# ਜਲੰਧਰ ਵਿਖੇ ਚਿਕਨ ਕਾਰਨਰ ’ਤੇ ਮੋਬਾਇਲ ਚਾਰਜਰ ਨੂੰ ਲੈ ਕੇ ਭਿੜੀਆਂ ਦੋ ਧਿਰਾਂ

ਕੌਮੀ ਪੱਤ੍ਰਿਕਾ

ਜਲੰਧਰ 25 ਅਪ੍ਰੈਲ। ਜਲੰਧਰ ਵਿਖੇ ਸ਼ਮਾ ਚਿਕਨ ਕਾਰਨਰ ’ਤੇ ਦੋ ਧਿਰਾਂ ਵਿਚਕਾਰ ਮੋਬਾਇਲ ਚਾਰਜਰ ਨੂੰ ਲੈ ਕੇ ਝਗੜਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਦਾਨਿਸ਼ ਨਾਮ ਦੇ ਇਕ ਨੌਜਵਾਨ ਨੂੰ ਗ੍ਰਿਫ਼ਤਾਰ ਕਰਕੇ ਥਾਣੇ ਲਿਆਂਦਾ। ਦਾਨਿਸ਼ ਵੱਲੋਂ ਪੁਲਸ ਸ਼ਿਕਾਇਤ ਦਰਜ ਕਰਵਾਈ ਜਾ ਰਹੀ ਹੈ। ਦੋਵੇਂ ਧਿਰਾਂ ਵਿਚਾਲੇ ਝਗੜਾ ਇੰਨਾ ਵਧ ਗਿਆ ਕਿ ਗੱਲ ਹੱਥੋਪਾਈ ਤੱਕ ਪਹੁੰਚ ਗਈ। ਘਟਨਾ ਦੌਰਾਨ ਦੁਕਾਨ ਦੀ ਵੱਡੇ ਪੱਧਰ ’ਤੇ ਭੰਨਤੋੜ ਕੀਤੀ ਗਈ। ਮਿਲੀ ਜਾਣਕਾਰੀ ਮੁਤਾਬਕ ਇਕ ਗਾਹਕ ਦੇਰ ਰਾਤ ਆਪਣਾ ਚਾਰਜਰ ਦੁਕਾਨ ’ਤੇ ਭੁੱਲ ਗਿਆ ਸੀ, ਜਿਸ ਕਾਰਨ ਭਾਰੀ ਹੰਗਾਮਾ ਹੋਇਆ। ਘਟਨਾ ਦੌਰਾਨ ਨੌਜਵਾਨਾਂ ਨੇ ਦੁਕਾਨ ਮਾਲਕ ਅਤੇ ਕਰਮਚਾਰੀਆਂ ’ਤੇ ਹਮਲਾ ਕੀਤਾ। ਦੋਸ਼ ਹੈ ਕਿ ਹਮਲਾਵਰਾਂ ਨੇ ਦੁਕਾਨਦਾਰਾਂ ਵੱਲ ਪਿਸਤੌਲ ਤਾਣ ਦਿੱਤੀ, ਉਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਅਤੇ ਦੁਕਾਨ ਦੀ ਭੰਨਤੋੜ ਕੀਤੀ। ਹਾਲਾਂਕਿ ਪੁਲਸ ਨੇ ਪਿਸਤੌਲ ਤਾਣਨ ਦੇ ਦੋਸ਼ਾਂ ਨੂੰ ਸਿਰੇ ਤੋਂ ਖਾਰਿਜ ਕੀਤਾ ਹੈ। ਉੱਥੇ ਹੀ ਦਾਨਿਸ਼ ਨੇ ਕਿਹਾ ਕਿ ਉਸ ਕੋਲ ਪਿਸਤੌਲ ਨਹੀਂ ਹੈ। ਉਸ ਨੇ ਅੱਗੇ ਕਿਹਾ ਕਿ ਕੋਆ ਇਕ ਦਿਨ ਪੁਰਾਣਾ ਮਾਮਲਾ ਨਹੀਂ ਹੈ। ਦਾਨਿਸ਼ ਦਾ ਦੋਸ਼ ਹੈ ਕਿ ਢਾਬੇ ਦੇ ਕਰਮਚਾਰੀਆਂ ਕੋਲ ਉਸ ਦਾ 60,000 ਰੁਪਏ ਦਾ ਮੋਬਾਇਲ ਫੋਨ ਅਤੇ 10,000 ਤੋਂ 15,000 ਰੁਪਏ ਪਏ ਹਨ, ਜਿਸ ਤੋਂ ਉਹ ਇਸ ਵੇਲੇ ਇਨਕਾਰ ਕਰ ਰਹੇ ਹਨ। ਇਸ ਦੌਰਾਨ ਪੁਲਸ ਸਟੇਸ਼ਨ ਡਿਵੀਜ਼ਨ ਨੰਬਰ 4 ਦੀ ਇਕ ਪੁਲਸ ਟੀਮ ਨੇ ਦਾਨਿਸ਼ ਨਾਮ ਦੇ ਇਕ ਨੌਜਵਾਨ ਨੂੰ ਹਿਰਾਸਤ ’ਚ ਲੈ ਲਿਆ ਅਤੇ ਉਸਨੂੰ ਥਾਣੇ ਲੈ ਗਈ। ਦੁਕਾਨਦਾਰ ਫੈਜ਼ਾਨ ਦੇ ਅਨੁਸਾਰ ਕੱਲ੍ਹ ਦੁਕਾਨ ’ਤੇ ਆਏ ਕੁਝ ਨੌਜਵਾਨ ਆਪਣੇ ਚਾਰਜਰ ਉੱਥੇ ਹੀ ਛੱਡ ਗਏ ਸਨ। ਕੱਲ੍ਹ ਨੌਜਵਾਨ ਵਾਪਸ ਆਏ ਅਤੇ ਆਪਣੇ ਚਾਰਜਰ ਦੀ ਜਗ?ਹਾ ਕਿਸੇ ਹੋਰ ਦਾ ਚਾਰਜਰ ਲੈਣ ਦੀ ਜ਼ਿੱਦ ਕਰਨ ਲੱਗੇ। ਹਾਲਾਂਕਿ ਚਾਰਜਰ ਦਾ ਮਸਲਾ ਹੱਲ ਹੋ ਗਿਆ ਸੀ। ਹਮਲਾਵਰਾਂ ਨੇ ਦੁਕਾਨਦਾਰਾਂ ਨੂੰ ਧਮਕੀਆਂ ਦਿੱਤੀਆਂ। ਦੁਕਾਨਦਾਰਾਂ ਨੇ ਦੋਸ਼ ਲਗਾਇਆ ਕਿ ਹਮਲਾਵਰਾਂ ਨੇ ਉਨ੍ਹਾਂ ਦੇ ਇਕ ਕਰਮਚਾਰੀ ਨੂੰ ਫੜ ਲਿਆ ਅਤੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ। ਹਮਲੇ ਦੌਰਾਨ ਹਮਲਾਵਰਾਂ ਨੇ ਦੁਕਾਨਦਾਰ ਦੇ ਮੱਥੇ ’ਤੇ ਪਿਸਤੌਲ ਵੀ ਤਾਣ ਦਿੱਤੀ। ਹਫ਼ੜਾ-ਦਫ਼ੜੀ ਮੱਚ ਗਈ ਅਤੇ ਹਮਲਾਵਰ ਦੁਕਾਨ ਦੀ ਭੰਨਤੋੜ ਕਰਦੇ ਰਹੇ। ਦੁਕਾਨ ਦਾ ਸਾਮਾਨ ਖਿੰਡਿਆ ਹੋਇਆ ਸੀ। ਜਦੋਂ ਪੁਲਸ ਪਹੁੰਚੀ ਤਾਂ ਹਮਲਾਵਰ ਮੌਕੇ ਤੋਂ ਭੱਜ ਗਏ ਪਰ ਦੁਕਾਨਦਾਰਾਂ ਦੀ ਮਦਦ ਨਾਲ ਪੁਲਸ ਨੇ ਇਕ ਦੋਸ਼ੀ ਦਾਨਿਸ਼ ਨੂੰ ਫੜ ਲਿਆ। ਪੁਲਸ ਦੀ ਇਕ ਟੀਮ ਮੌਕੇ ’ਤੇ ਪਹੁੰਚੀ ਅਤੇ ਡੂੰਘਾਈ ਨਾਲ ਜਾਂਚ ਕੀਤੀ। ਸਟੇਸ਼ਨ ਹਾਊਸ ਅਫ਼ਸਰ ਨੇ ਦੱਸਿਆ ਕਿ ਘਟਨਾ ਸਥਾਨ ਤੋਂ ਕੋਈ ਪਿਸਤੌਲ ਬਰਾਮਦ ਨਹੀਂ ਹੋਈ ਅਤੇ ਨਾ ਹੀ ਅਜਿਹੀ ਕੋਈ ਸ਼ਿਕਾਇਤ ਮਿਲੀ ਹੈ। ਥਾਣਾ ਇੰਚਾਰਜ ਨੇ ਦੱਸਿਆ ਕਿ ਗਾਹਕ ਚਾਰਜਰ ਭੁੱਲ ਗਿਆ ਸੀ ਅਤੇ ਢਾਬਾ ਮਾਲਕ ਅਤੇ ਗਾਹਕ ਵਿਚਕਾਰ ਇਕੋ ਚਾਰਜਰ ਨੂੰ ਲੈ ਕੇ ਝਗੜਾ ਹੋਇਆ ਸੀ। ਇਸ ਘਟਨਾ ਦੇ ਸਬੰਧ ਵਿੱਚ ਦਾਨਿਸ਼ ਨੂੰ ਪੁਲਸ ਸਟੇਸ਼ਨ ਲਿਆਂਦਾ ਗਿਆ ਹੈ। ਦਾਨਿਸ਼ ਦਾ ਕਹਿਣਾ ਹੈ ਕਿ ਉਹ ਢਾਬਾ ਮਾਲਕ ਵਿਰੁੱਧ ਵੀ ਸ਼ਿਕਾਇਤ ਦਰਜ ਕਰਵਾਏਗਾ। ਦੋਵਾਂ ਧਿਰਾਂ ਦੇ ਬਿਆਨ ਦਰਜ ਕਰਨ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ।

### ਪੰਜਾਬ ’ਚ ਦਿਨ-ਦਿਹਾੜੇ ਆਂਗਣਵਾੜੀ ਸੈਂਟਰ ’ਚ ਹੈਲਪਰ ਦਾ ਸ਼ਰੇਆਮ ਕਤਲ

ਮਲੋਟ 25 ਅਪ੍ਰੈਲ। ਪੰਜਾਬ ਵਿਚ ਦਿਨ-ਦਿਹਾੜੇ ਵੱਡੀ ਵਾਰਦਾਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਮਲੋਟ ਵਿਖੇ ਆਂਗਣਵਾੜੀ ਹੈਲਪਰ ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਗਿਆ। ਮਿਲੀ ਜਾਣਕਾਰੀ ਮੁਤਾਬਕ ਉਕਤ ਵਾਰਦਾਤ ਫਤਿਹਪੁਰ ਮਨੀਆਂਵਾਲਾ ਵਿਚ ਆਂਗਣਵਾੜੀ ਸੈਂਟਰ ਵਿਚ ਵਾਪਰੀ, ਜਿੱਥੇ ਦਿਨ-ਦਿਹਾੜੇ ਸ਼ਰੇਆਮ ਆਂਗਣਵਾੜੀ ਹੈਲਪਰ ਦਾ ਕਤਲ ਕੀਤਾ ਗਿਆ। ਕਤਲ ਕਰਨ ਮਗਰੋਂ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਏ। ਘਟਨਾ ਦੀ ਸੂਚਨਾ ਪਾ ਕੇ ਮੌਕੇ ਉਤੇ ਪਹੁੰਚੀ ਪੁਲਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕਾ ਦੀ ਪਛਾਣ ਰਮਨਦੀਪ ਕੌਰ (30) ਸਾਲਾ ਵਜੋਂ ਹੋਈ ਹੈ। ਜਾਣਕਾਰੀ ਦਿੰਦੇ ਹੋਏ ਹਰਬੰਸ ਸਿੰਘ ਡੀ. ਐੱਸ. ਪੀ. ਲੰਬੀ ਨੇ ਦੱਸਿਆ ਕਿ ਰਮਨਦੀਪ ਕੌਰ (30) ਪਤਨੀ ਬੂਟਾ ਸਿੰਘ ਵਾਸੀ ਫਤਿਹਪੁਰ ਮਨੀਆਂਵਾਲਾ ਸਵੇਰੇ ਆਂਗਣਵਾੜੀ ਸੈਂਟਰ ’ਚ ਸਫ਼ਾਈ ਕਰ ਰਹੀ ਸੀ।